ਐਤਵਾਰ, 18 ਅਕਤੂਬਰ, 2026
2 ਕੱਤਕ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 75
ਅੰਕ/NO. : 138

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 18 OCTOBER, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

# ਇੰਟਰਨੈੱਟ ਬੱਚਿਆਂ ਦਾ ਮੌਲਿਕ ਅਧਿਕਾਰ : ਸੁਪਰੀਮ ਕੋਰਟ

**ਨਵੀਂ ਦਿੱਲੀ (ਨਵਾਂ ਜ਼ਮਾਨਾ ਸਰਵਿਸ)**

ਸੁਪਰੀਮ ਕੋਰਟ ਨੇ ਕਿਹਾ ਹੈ ਕਿ ਇੰਟਰਨੈੱਟ ਦੀ ਵਰਤੋਂ ਕਰਨਾ ਹਰ ਵਿਅਕਤੀ ਦਾ ਮੌਲਿਕ ਅਧਿਕਾਰ ਹੈ। ਅਦਾਲਤ ਨੇ ਸਪੱਸ਼ਟ ਕੀਤਾ ਕਿ ਬੱਚਿਆਂ ਨੂੰ ਆਨਲਾਈਨ ਖ਼ਤਰਿਆਂ ਤੋਂ ਬਚਾਉਣ ਦੇ ਨਾਂਅ 'ਤੇ ਉਨ੍ਹਾਂ ਨੂੰ ਇੰਟਰਨੈੱਟ ਤੋਂ ਪੂਰੀ ਤਰ੍ਹਾਂ ਦੂਰ ਨਹੀਂ ਰੱਖਿਆ ਜਾ ਸਕਦਾ। ਅਦਾਲਤ ਨੇ ਕਿਹਾ ਕਿ ਬੱਚਿਆਂ ਦੀ ਸੁਰੱਖਿਆ ਅਤੇ ਉਨ੍ਹਾਂ ਦੀ ਆਜ਼ਾਦੀ ਇੱਕ-ਦੂਜੇ ਦੇ ਵਿਰੋਧੀ ਨਹੀਂ ਹਨ, ਸਗੋਂ ਬੱਚਿਆਂ ਨੂੰ ਦੋਵਾਂ ਦੀ ਲੋੜ ਹੈ। ਜਸਟਿਸ ਜੇ ਬੀ ਪਾਰਦੀਵਾਲਾ ਅਤੇ ਜਸਟਿਸ ਕੇ ਵਿਨੋਦ ਚੰਦਰਨ ਦੇ ਬੈਂਚ ਨੇ ਸੰਵਿਧਾਨ ਦੀ ਧਾਰਾ 21 ਅਤੇ ਧਾਰਾ 19 (1) (ਏ) ਦਾ ਹਵਾਲਾ ਦਿੰਦਿਆਂ ਕਿਹਾ ਕਿ ਇੰਟਰਨੈੱਟ ਤੱਕ ਪਹੁੰਚ ਅਤੇ ਇਸ ਦੀ ਵਰਤੋਂ ਦਾ ਅਧਿਕਾਰ ਜੀਵਨ, ਨਿੱਜੀ ਆਜ਼ਾਦੀ ਅਤੇ ਬੋਲਣ ਤੇ ਵਿਚਾਰ ਪ੍ਰਗਟਾਉਣ ਦੀ ਆਜ਼ਾਦੀ ਨਾਲ ਜੁੜਿਆ ਹੋਇਆ ਹੈ। ਅਦਾਲਤ ਨੇ ਕਿਹਾ ਕਿ ਇੰਟਰਨੈੱਟ ਬੱਚਿਆਂ ਲਈ ਸਿੱਖਿਆ, ਜਾਣਕਾਰੀ ਅਤੇ ਆਪਣੇ ਵਿਚਾਰ ਪ੍ਰਗਟਾਉਣ ਦਾ ਅਹਿਮ ਸਾਧਨ ਹੈ। ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ ਰਹਿਣ ਵਾਲੇ ਕਈ ਬੱਚਿਆਂ ਲਈ ਇਹ ਸਿੱਖਣ ਅਤੇ ਜਾਣਕਾਰੀ ਹਾਸਲ ਕਰਨ ਦਾ ਮੁੱਖ ਸਰੋਤ ਹੈ। ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਵੀ ਇੰਟਰਨੈੱਟ ਦੂਜਿਆਂ



ਨਾਲ ਜੁੜਨ ਅਤੇ ਆਪਣੇ ਵਰਗੇ ਲੋਕਾਂ ਨਾਲ ਸੰਪਰਕ ਬਣਾਉਣ ਦਾ ਸਾਧਨ ਹੋ ਸਕਦਾ ਹੈ। ਬੈਂਚ ਨੇ ਕਿਹਾ ਕਿ ਸੋਸ਼ਲ ਮੀਡੀਆ ਕੰਪਨੀਆਂ ਦੀ ਨਾਕਾਮੀ ਲਈ ਬੱਚਿਆਂ ਨੂੰ ਸਜ਼ਾ ਨਹੀਂ ਦਿੱਤੀ ਜਾ ਸਕਦੀ। ਜੇ ਬੱਚਿਆਂ 'ਤੇ ਪੂਰੀ ਪਾਬੰਦੀ ਲਾਈ ਜਾਂਦੀ ਹੈ ਤਾਂ ਉਹ ਅਜਿਹੀਆਂ ਵੈੱਬਸਾਈਟਾਂ ਅਤੇ ਮੰਚਾਂ ਵੱਲ ਜਾ ਸਕਦੇ ਹਨ, ਜਿੱਥੇ ਉਨ੍ਹਾਂ ਦੀ ਸੁਰੱਖਿਆ ਲਈ ਪ੍ਰਬੰਧ ਹੋਰ ਵੀ ਕਮਜ਼ੋਰ ਹੋ ਸਕਦੇ। ਅਦਾਲਤ ਨੇ ਇਹ ਵੀ ਚਿੰਤਾ ਪ੍ਰਗਟਾਈ ਕਿ ਪਾਬੰਦੀ ਦੇ ਡਰ ਕਾਰਨ ਆਨਲਾਈਨ ਧਮਕੀਆਂ ਜਾਂ ਸ਼ੋਸ਼ਣ ਦਾ ਸਾਹਮਣਾ ਕਰ ਰਹੇ ਬੱਚੇ ਆਪਣੇ ਮਾਪਿਆਂ ਜਾਂ ਭਰੋਸੇਯੋਗ ਵਿਅਕਤੀਆਂ ਨੂੰ ਦੱਸਣ ਤੋਂ ਝਿਜਕ ਸਕਦੇ ਹਨ। ਅਦਾਲਤ ਨੇ ਬੱਚਿਆਂ ਦੀ ਸੁਰੱਖਿਆ ਲਈ ਉਨ੍ਹਾਂ ਦੇ ਸੋਸ਼ਲ ਮੀਡੀਆ ਖਾਤਿਆਂ ਵਿੱਚ 'ਚਾਈਲਡ ਮੋਡ' ਵਰਗੇ ਪ੍ਰਬੰਧ ਕਰਨ ਦਾ ਸੁਝਾਅ ਦਿੱਤਾ। ਇਸ ਤਹਿਤ ਬੱਚਿਆਂ ਦੇ ਖਾਤੇ ਮੂਲ ਰੂਪ ਵਿੱਚ ਨਿੱਜੀ ਰੱਖਣ, ਅਣਜਾਣ ਬਾਲਗਾਂ ਵੱਲੋਂ ਸੁਨੇਹੇ ਭੇਜਣ ਅਤੇ ਸੰਪਰਕ ਕਰਨ 'ਤੇ ਪਾਬੰਦੀਆਂ ਲਾਉਣ ਅਤੇ ਉਨ੍ਹਾਂ ਨੂੰ ਦਿਖਾਈ ਜਾਣ ਵਾਲੀ ਸਮੱਗਰੀ ਤੇ ਇਸ਼ਤਿਹਾਰਾਂ 'ਤੇ ਨਿਯੰਤਰਣ ਕਰਨ ਵਰਗੇ ਕਦਮ ਚੁੱਕੇ ਜਾ ਸਕਦੇ ਹਨ। ਬੱਚਿਆਂ ਦੀ ਇੰਟਰਨੈੱਟ ਵਰਤੋਂ ਵਿੱਚ ਮਾਪਿਆਂ ਦੀ ਸਹਿਮਤੀ, ਸੇਧ ਅਤੇ ਨਿਗਰਾਨੀ ਨੂੰ ਵੀ ਅਹਿਮ ਮੰਨਿਆ ਗਿਆ ਹੈ। ਅਦਾਲਤ ਨੇ ਆਨਲਾਈਨ ਬੱਚਿਆਂ ਦੇ ਜਿਨਸੀ ਸ਼ੋਸ਼ਣ ਅਤੇ ਦੁਰਵਿਹਾਰ ਨਾਲ ਸਬੰਧਤ ਸਮੱਗਰੀ ਦੀ ਪਛਾਣ ਕਰਨ ਅਤੇ ਉਸ ਨੂੰ ਹਟਾਉਣ ਲਈ ਕੌਮੀ ਡੇਟਾਬੇਸ ਬਣਾਉਣ ਸਮੇਤ ਕਈ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ। ਕੇਂਦਰ ਸਰਕਾਰ ਨੂੰ ਇਸ ਸਬੰਧੀ ਦਿਸ਼ਾ-ਨਿਰਦੇਸ਼ ਅਤੇ ਲੋੜੀਂਦੇ ਨਿਯਮ ਤਿਆਰ ਕਰਨ ਲਈ ਕਿਹਾ ਗਿਆ ਹੈ। ਸਰਕਾਰ ਨੂੰ ਅਗਲੀ ਸੁਣਵਾਈ 'ਤੇ 10 ਦਸੰਬਰ ਤੱਕ ਕੀਤੀ ਕਾਰਵਾਈ ਬਾਰੇ ਹਲਫ਼ਨਾਮਾ ਦਾਖ਼ਲ ਕਰਨਾ ਹੋਵੇਗਾ।

## ਚੋਣ ਕਮਿਸ਼ਨ ਦੀ ਟੀਮ 27 ਨੂੰ ਪੰਜਾਬ ਦੌਰੇ 'ਤੇ

**ਚੰਡੀਗੜ੍ਹ** : ਪੰਜਾਬ ਵਿੱਚ 2027 ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਭਾਰਤੀ ਚੋਣ ਕਮਿਸ਼ਨ ਨੇ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ। ਕਮਿਸ਼ਨ ਦੇ ਸੀਨੀਅਰ ਅਧਿਕਾਰੀਆਂ ਦੀ ਟੀਮ 27 ਅਤੇ 28 ਅਕਤੂਬਰ ਨੂੰ ਪੰਜਾਬ ਦੇ ਦੋ ਰੋਜ਼ਾ ਦੌਰੇ 'ਤੇ ਆਵੇਗੀ। ਇਸ ਦੌਰਾਨ ਟੀਮ ਚੋਣਾਂ ਲਈ ਕੀਤੇ ਜਾ ਰਹੇ ਪ੍ਰਬੰਧਾਂ ਦਾ ਜਾਇਜ਼ਾ ਲਵੇਗੀ ਅਤੇ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਤੇ ਸਿਵਲ ਅਤੇ ਪੁਲਸ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਗੱਲਬਾਤ ਕਰੇਗੀ।

ਇਸ ਦੌਰੇ ਦਾ ਮੁੱਖ ਮਕਸਦ ਚੋਣਾਂ ਨੂੰ ਨਿਰਪੱਖ ਅਤੇ ਸੁਚਾਰੂ ਢੰਗ ਨਾਲ ਕਰਵਾਉਣ ਲਈ ਸੂਬੇ ਵਿੱਚ ਪ੍ਰਬੰਧਾਂ ਦੀ ਸਮੀਖਿਆ ਕਰਨਾ ਹੈ। ਚੋਣ ਤਿਆਰੀਆਂ 15 ਦਸੰਬਰ ਤੱਕ ਮੁਕੰਮਲ ਕਰਨ ਦਾ ਟੀਚਾ ਹੈ। ਇਸ ਤੋਂ ਬਾਅਦ ਪੰਜਾਬ ਵਿਧਾਨ ਸਭਾ ਚੋਣਾਂ ਦੇ ਪ੍ਰੋਗਰਾਮ ਅਤੇ ਤਰੀਕਾਂ ਦਾ ਐਲਾਨ ਹੋ ਸਕਦਾ ਹੈ।

ਚੋਣ ਕਮਿਸ਼ਨ ਦੀ ਟੀਮ ਦੇ ਪੰਜਾਬ ਦੌਰੇ ਦੇ ਮੱਦੇਨਜ਼ਰ ਰਾਜ ਦੀਆਂ ਸਿਆਸੀ ਪਾਰਟੀਆਂ ਨੇ ਚੋਣਾਂ ਲਈ ਕਮਰਕੱਸੇ ਕਰਨੇ ਸ਼ੁਰੂ ਕਰ ਦਿੱਤੇ ਹਨ।

# ਜਿਨਸੀ ਹਿੰਸਾ ਨੂੰ ਲੈ ਕੇ ਔਰਤਾਂ ਵੱਲੋਂ ਦਿੱਲੀ 'ਚ ਮਾਰਚ

## ਦੋਸ਼ੀ ਪੁਲਸ ਮੁਲਾਜ਼ਮਾਂ 'ਤੇ ਮੁਕੱਦਮੇ ਚਲਾਉਣ ਦੀ ਮੰਗ




**ਨਵੀਂ ਦਿੱਲੀ** : ਮਹਿਲਾ ਸਮੂਹਾਂ ਅਤੇ ਕਾਰਕੁਨਾਂ ਨੇ ਸ਼ਨੀਵਾਰ ਦਿੱਲੀ ਪੁਲਸ ਹੈੱਡਕੁਆਰਟਰ ਵੱਲ ਮਾਰਚ ਕੀਤਾ ਤੇ ਸਰਕਾਰ ਵਿਰੁੱਧ ਜ਼ਬਰਦਸਤ ਨਾਅਰੇਬਾਜ਼ੀ ਕੀਤੀ। ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ (ਐੱਸ ਆਈ ਆਰ) ਨੂੰ ਲੈ ਕੇ ਭਾਰਤੀ ਚੋਣ ਕਮਿਸ਼ਨ ਵਿਰੁੱਧ ਕੀਤੇ ਪ੍ਰਦਰਸ਼ਨਾਂ ਦੌਰਾਨ ਔਰਤਾਂ ਅਤੇ ਟਰਾਂਸਜੈਂਡਰ ਪ੍ਰਦਰਸ਼ਨਕਾਰੀਆਂ ਨਾਲ ਜਿਨਸੀ ਸ਼ੋਸ਼ਣ ਅਤੇ ਪਰੇਸ਼ਾਨ ਕਰਨ ਦੇ ਦੋਸ਼ੀ ਪੁਲਿਸ ਕਰਮਚਾਰੀਆਂ 'ਤੇ ਮੁਕੱਦਮਾ ਚਲਾਉਣ ਦੀ ਮੰਗ ਕੀਤੀ। ਤਖ਼ਤੀਆਂ ਅਤੇ ਬੈਨਰ ਲੈ ਕੇ ਖੱਬੇ-ਪੱਖੀ ਮਹਿਲਾ ਸਮੂਹਾਂ ਨੇ ਪੁਲਸ ਕਰਮਚਾਰੀਆਂ ਦੁਆਰਾ ਜਿਨਸੀ ਅਤੇ ਲਿੰਗ-ਅਧਾਰਤ ਹਿੰਸਾ ਦੇ ਖਿਲਾਫ ਨਾਅਰੇਬਾਜ਼ੀ ਕੀਤੀ ਅਤੇ ਚੋਣ ਬੇਨਿਯਮੀਆਂ ਲਈ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਅਸਤੀਫ਼ੇ ਦੀ ਮੰਗ ਕੀਤੀ। ਪ੍ਰਦਰਸ਼ਨਕਾਰੀ ਗੁਰਦੁਆਰਾ ਬੰਗਲਾ ਸਾਹਿਬ ਦੇ ਨੇੜੇ ਇਕੱਠੇ ਹੋਏ ਅਤੇ ਜਿਨਸੀ ਅਤੇ ਲਿੰਗ-ਅਧਾਰਤ ਹਿੰਸਾ ਲਈ ਜਵਾਬਦੇਹੀ ਦੀ ਮੰਗ ਕਰਦੇ ਹੋਏ ਇੱਕ ਮੰਗ ਪੱਤਰ ਸੌਂਪਣ ਲਈ ਹੈੱਡਕੁਆਰਟਰ ਵੱਲ ਮਾਰਚ ਕੀਤਾ। ਸੰਗਠਨਾਂ ਨੇ ਆਪਣੀ ਅਪੀਲ ਵਿੱਚ ਕਿਹਾ ਕਿ ਦੋਸ਼ੀ ਪਾਏ ਗਏ ਲੋਕਾਂ ਨੂੰ ਜਵਾਬਦੇਹ ਠਹਿਰਾਇਆ ਜਾਣਾ ਚਾਹੀਦਾ ਹੈ ਅਤੇ ਕਾਨੂੰਨ ਦੇ ਤਹਿਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਇੱਕ ਅਧਿਕਾਰਤ ਬਿਆਨ ਵਿੱਚ ਸਮੂਹਾਂ ਨੇ ਪੁਰਸ਼ ਪੁਲਸ ਕਰਮਚਾਰੀਆਂ ਨੂੰ ਮਹਿਲਾ ਪ੍ਰਦਰਸ਼ਨਕਾਰੀਆਂ 'ਤੇ ਹਮਲਾ ਕਰਨ ਦੇ ਫੁਟੇਜ਼ ਦਾ ਹਵਾਲਾ ਦਿੱਤਾ ਅਤੇ ਦੋਸ਼ ਲਗਾਇਆ ਕਿ ਹਿਰਾਸਤੀ ਬੱਸਾਂ ਅਤੇ ਨਜ਼ਰਬੰਦੀ ਕੇਂਦਰਾਂ ਦੇ ਅੰਦਰ ਵੀ ਜਿਨਸੀ ਹਿੰਸਾ ਦੀਆਂ ਘਟਨਾਵਾਂ ਵਾਪਰੀਆਂ ਹਨ। ਇੱਕ ਨੌਜਵਾਨ ਮਹਿਲਾ ਪੱਤਰਕਾਰ ਨੇ ਇਹ ਵੀ ਦੋਸ਼ ਲਗਾਇਆ ਸੀ ਕਿ ਇੱਕ ਸਹਾਇਕ ਕਮਿਸ਼ਨਰ ਪੁਲਸ-ਰੈਂਕ ਦੇ ਅਧਿਕਾਰੀ ਨੇ ਉਸ ਦੀਆਂ • ਬਾਕੀ ਸਫਾ 2 'ਤੇ

## ਮੋਦੀ ਵੱਲੋਂ ਭਗਵੰਤ ਮਾਨ ਨੂੰ ਜਨਮ ਦਿਨ ਦੀਆਂ ਵਧਾਈਆਂ

**ਚੰਡੀਗੜ੍ਹ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਮੁੱਖ ਮੰਤਰੀ ਭਗਵੰਤ ਮਾਨ ਨੂੰ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ। ਉਨ੍ਹਾ ਸੋਸ਼ਲ ਮੀਡੀਆ ਮੰਚ ਐੱਕਸ 'ਤੇ ਪੋਸਟ ਪਾ ਕੇ ਮੁੱਖ ਮੰਤਰੀ ਦੀ ਲੰਮੀ ਉਮਰ ਅਤੇ ਚੰਗੀ ਸਿਹਤ ਦੀ ਕਾਮਨਾ ਕੀਤੀ। ਮੋਦੀ ਵੱਲੋਂ ਦਿੱਤੀਆਂ ਗਈਆਂ ਇਨ੍ਹਾਂ ਵਧਾਈਆਂ ਨੂੰ ਪੰਜਾਬ ਦੀ ਸਿਆਸਤ ਦੇ ਸੰਦਰਭ ਵਿੱਚ ਵੀ ਅਹਿਮ ਮੰਨਿਆ ਜਾ ਰਿਹਾ ਹੈ, ਕਿਉਂਕਿ ਭਾਜਪਾ ਪੰਜਾਬ ਵਿਚ ਸੱਤਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

## ਜ਼ਖ਼ਮੀਆਂ ਦਾ ਪਤਾ ਲੈਣ ਪਹੁੰਚੇ ਵਿਜੇ ਸਿੰਗਲਾ

**ਮਾਨਸਾ** : ਪਰਵਿੰਦਰ ਸਿੰਘ ਝੋਟਾ ਕਤਲ ਮਾਮਲੇ ਨੂੰ ਲੈ ਕੇ ਤਣਾਅਪੂਰਨ ਬਣੇ ਮਾਹੌਲ ਦਰਮਿਆਨ ਮਾਨਸਾ ਦੇ ਵਿਧਾਇਕ ਡਾ. ਵਿਜੈ ਸਿੰਗਲਾ ਜ਼ਖ਼ਮੀ ਨੌਜਵਾਨਾਂ ਦਾ ਹਾਲ-ਚਾਲ ਜਾਨਣ ਲਈ ਸਰਕਾਰੀ ਸਿਵਲ ਹਸਪਤਾਲ ਪਹੁੰਚੇ। ਹਸਪਤਾਲ ਵਿੱਚ ਜ਼ਖ਼ਮੀਆਂ ਨਾਲ ਮੁਲਾਕਾਤ ਕਰਦਿਆਂ ਵਿਧਾਇਕ ਡਾ. ਵਿਜੈ ਸਿੰਗਲਾ ਨੇ ਉਨ੍ਹਾ ਨੂੰ ਭਰੋਸਾ ਦਿਵਾਇਆ ਕਿ ਜ਼ਖ਼ਮੀਆਂ ਦੇ ਇਲਾਜ ਦਾ ਸਾਰਾ ਖ਼ਰਚਾ ਸਰਕਾਰ ਵੱਲੋਂ ਚੁੱਕਿਆ ਜਾਵੇਗਾ। ਇਸ ਦੌਰਾਨ ਹਸਪਤਾਲ ਵਿੱਚ ਮੌਜੂਦ ਨਿਹੰਗ ਸਿੰਘਾਂ ਨੇ ਵਿਧਾਇਕ ਡਾ. ਵਿਜੈ ਸਿੰਗਲਾ ਦਾ ਵਿਰੋਧ ਕੀਤਾ।

## ਮਸਲੇ ਹੱਲ ਨਾ ਹੋਏ ਤਾਂ 9 ਦਸੰਬਰ ਨੂੰ ਪੱਕਾ ਮੋਰਚਾ : ਪੰਧੇਰ

**ਚੰਡੀਗੜ੍ਹ** : ਕਿਸਾਨ-ਮਜ਼ਦੂਰ ਮੋਰਚਾ ਪੰਜਾਬ ਨੇ ਆਪਣੀਆਂ ਮੰਗਾਂ ਪੂਰੀਆਂ ਨਾ ਹੋਣ 'ਤੇ 9 ਦਸੰਬਰ ਨੂੰ ਚੰਡੀਗੜ੍ਹ ਵਿੱਚ ਪੱਕਾ ਮੋਰਚਾ ਲਾਉਣ ਦਾ ਐਲਾਨ ਕੀਤਾ ਹੈ। ਮੋਰਚੇ ਦੇ ਕਨਵੀਨਰ ਸਰਵਣ ਸਿੰਘ ਪੰਧੇਰ ਨੇ ਸ਼ਨੀਵਾਰ ਕਿਸਾਨ ਭਵਨ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਉਨ੍ਹਾਂ ਦੀਆਂ ਮੰਗਾਂ ਪ੍ਰਤੀ ਸੁਹਿਰਦ ਨਹੀਂ ਜਾਪਦੀ। ਇਸੇ ਕਰਕੇ ਜਥੇਬੰਦੀ ਨੂੰ ਸੰਘਰਸ਼ ਦਾ ਰਾਹ ਅਖ਼ਤਿਆਰ ਕਰਨਾ ਪੈ ਰਿਹਾ ਹੈ। ਪੰਧੇਰ ਨੇ ਦੱਸਿਆ ਕਿ ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨਾਲ ਉਨ੍ਹਾ ਦੀ ਮੀਟਿੰਗ ਹੋਈ ਸੀ। ਇਸ ਦੌਰਾਨ ਮੰਤਰੀ ਨੇ ਭਰੋਸਾ ਦਿੱਤਾ ਸੀ ਕਿ ਕਿਸਾਨਾਂ ਦੀਆਂ ਮੰਗਾਂ ਦਾ 15 ਅਕਤੂਬਰ ਤੱਕ ਨਿਪਟਾਰਾ ਕਰ ਦਿੱਤਾ ਜਾਵੇਗਾ। ਉਨ੍ਹਾ ਕਿਹਾ ਕਿ ਤੈਅ ਸਮਾਂ ਲੰਘਣ ਦੇ ਬਾਵਜੂਦ ਸਰਕਾਰ ਵੱਲੋਂ ਉਨ੍ਹਾ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ ਗਈ।

## ਫੈਕਟਰੀ ਧਮਾਕੇ 'ਚ 5 ਮਜ਼ਦੂਰਾਂ ਦੀ ਮੌਤ

**ਭਰੂਚ** : ਗੁਜਰਾਤ ਦੇ ਭਰੂਚ ਜ਼ਿਲ੍ਹੇ ਵਿੱਚ ਇੱਕ ਰਸਾਇਣਕ ਫੈਕਟਰੀ ਵਿੱਚ ਧਮਾਕੇ ਕਾਰਨ 5 ਮਜ਼ਦੂਰਾਂ ਦੀ ਮੌਤ ਹੋ ਗਈ, ਜਦ ਕਿ 5 ਹੋਰ ਜ਼ਖ਼ਮੀ ਹੋ ਗਏ। ਇਹ ਧਮਾਕਾ ਵਾਗਰਾ ਤਾਲੁਕਾ ਦੇ ਸਾਇਖਾ ਉਦਯੋਗਿਕ ਖੇਤਰ ਵਿੱਚ ਸਥਿਤ ਸਿੰਜ਼ੀਲ ਫਾਰਮਾਕੈਮ ਕੰਪਨੀ ਵਿੱਚ ਹੋਇਆ। ਅਧਿਕਾਰੀਆਂ ਅਨੁਸਾਰ ਫੈਕਟਰੀ ਵਿੱਚ ਹਾਈਡਰੋਜਨੇਸ਼ਨ ਪ੍ਰਕਿਰਿਆ ਦੌਰਾਨ ਧਮਾਕਾ ਹੋਇਆ, ਜਿਸ ਕਾਰਨ ਮੈਥੀਲੀਨ ਡਾਈਕਲੋਰਾਈਡ (ਐੱਮ ਡੀ ਸੀ) ਗੈਸ ਲੀਕ ਹੋਣ ਲੱਗੀ ਜੋ ਜ਼ਹਿਰੀਲੀ ਗੈਸ ਹੈ। ਇਹ ਕੰਪਨੀ ਦਵਾਈਆਂ ਬਣਾਉਣ ਲਈ ਵਰਤੇ ਜਾਣ ਵਾਲੇ ਰਸਾਇਣ ਤਿਆਰ ਕਰਦੀ ਹੈ।

## ਟੈਂਪੂ ਟਰੈਵਲਰ ਪੁਲ ਤੋਂ ਡਿੱਗਾ, 8 ਮੌਤਾਂ

**ਕੋਟਾ** : ਰਾਜਸਥਾਨ ਦੇ ਕੋਟਾ ਵਿੱਚ ਦਿੱਲੀ-ਮੁੰਬਈ ਐਕਸਪ੍ਰੈੱਸਵੇਅ 'ਤੇ ਸਨਿੱਚਰਵਾਰ ਸਵੇਰੇ ਇੱਕ ਟੈਂਪੋ ਟਰੈਵਲਰ ਪੁਲ ਤੋਂ ਹੇਠਾਂ ਨਾਲੇ ਵਿੱਚ ਡਿੱਗ ਗਿਆ। ਇਸ ਹਾਦਸੇ ਵਿੱਚ 8 ਲੋਕਾਂ ਦੀ ਮੌਤ ਹੋ ਗਈ, ਜਦ ਕਿ 17 ਯਾਤਰੀ ਜ਼ਖ਼ਮੀ ਹੋ ਗਏ। ਹਾਦਸੇ ਦਾ ਸ਼ਿਕਾਰ ਹੋਏ ਸਾਰੇ ਲੋਕ ਮੱਧ ਪ੍ਰਦੇਸ਼ ਦੇ ਬੈਤੂਲ ਜ਼ਿਲ੍ਹੇ ਦੇ ਰਹਿਣ ਵਾਲੇ ਸਨ ਅਤੇ ਖਾਟੂਸ਼ਿਆਮ ਮੰਦਰ ਦੇ ਦਰਸ਼ਨਾਂ ਲਈ ਜਾ ਰਹੇ ਸਨ। ਇਹ ਹਾਦਸਾ ਸਨਿੱਚਰਵਾਰ ਸਵੇਰੇ ਕਰੀਬ 6 ਵਜੇ ਸਿਮਲੀਆ ਥਾਣਾ ਖੇਤਰ ਵਿੱਚ ਵਾਪਰਿਆ। ਥਾਣਾ ਮੁਖੀ ਨੰਦ ਸਿੰਘ ਨੇ ਦੱਸਿਆ ਕਿ ਟੈਂਪੋ ਟਰੈਵਲਰ ਭੋਪਾਲ ਤੋਂ ਖਾਟੂਸ਼ਿਆਮ ਵੱਲ ਜਾ ਰਿਹਾ ਸੀ। ਕਰਾੜੀਆ ਟੋਲ ਪਲਾਜ਼ਾ ਤੋਂ ਕੁਝ ਕਿਲੋਮੀਟਰ ਦੂਰ ਇਹ ਵਾਹਨ ਪੁਲ ਦੀ ਪੁਲੀ ਤੋਂ ਹੇਠਾਂ ਡਿੱਗ ਗਿਆ।

# ਮੌਜੂਦਾ ਹਾਲਾਤ ਲਈ ਆਪ ਤੇ ਭਾਜਪਾ ਜ਼ਿੰਮੇਵਾਰ : ਪਾਇਲਟ

**ਬਠਿੰਡਾ (ਨਵਾਂ ਜ਼ਮਾਨਾ ਸਰਵਿਸ)**

ਪੰਜਾਬ ਕਾਂਗਰਸ ਦੇ ਇੰਚਾਰਜ ਸਚਿਨ ਪਾਇਲਟ ਅਤੇ ਪਾਰਟੀ ਪ੍ਰਧਾਨ ਪਰਗਟ ਸਿੰਘ ਨੇ ਪੰਜਾਬ ਵਿੱਚ ਗੈਂਗਸਟਰਾਂ ਦੀਆਂ ਸਰਗਰਮੀਆਂ ਤੇ ਨਸ਼ਿਆਂ ਦੇ ਮੁੱਦੇ 'ਤੇ ਸੂਬਾ ਸਰਕਾਰ ਨੂੰ ਘੇਰਦਿਆਂ ਅਮਨ-ਕਾਨੂੰਨ ਦੀ ਸਥਿਤੀ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਬਠਿੰਡਾ ਦੌਰੇ ਦੌਰਾਨ ਦੋਵਾਂ ਆਗੂਆਂ ਨੇ ਗੈਂਗਸਟਰਾਂ ਵੱਲੋਂ ਕਥਿਤ ਫ਼ਿਰੌਤੀ ਲਈ ਕਤਲ ਕੀਤੇ ਗਏ ਅੰਮ੍ਰਿਤਸਰੀ ਕੁਲਚਾ ਕਾਰੋਬਾਰੀ ਹਰਜਿੰਦਰ ਸਿੰਘ ਮੇਲਾ ਦੇ ਪਰਵਾਰ ਨਾਲ ਮੁਲਾਕਾਤ ਕਰਕੇ ਦੁੱਖ ਸਾਂਝਾ ਕੀਤਾ। ਜ਼ਿਲ੍ਹਾ ਕਾਂਗਰਸ ਕਮੇਟੀ ਬਠਿੰਡਾ (ਸ਼ਹਿਰੀ) ਦੇ ਪ੍ਰਧਾਨ ਰਾਜਨ ਗਰਗ ਦੀ ਅਗਵਾਈ ਹੇਠ ਹੋਈ ਇਸ ਮੁਲਾਕਾਤ ਮੌਕੇ ਕਾਂਗਰਸੀ ਆਗੂਆਂ ਨੇ ਪੀੜਤ ਪਰਵਾਰ ਨਾਲ ਖੜ੍ਹਨ ਦਾ ਭਰੋਸਾ ਦਿੱਤਾ। ਗੱਲਬਾਤ ਕਰਦਿਆਂ ਸਚਿਨ ਪਾਇਲਟ ਨੇ ਕਿਹਾ ਕਿ ਗੁਰੂਆਂ-ਪੀਰਾਂ ਦੀ ਧਰਤੀ ਵਜੋਂ ਜਾਣੇ ਜਾਂਦੇ ਪੰਜਾਬ ਨੇ ਦੇਸ਼ ਦੇ ਅਨਾਜ ਭੰਡਾਰ ਭਰਨ ਅਤੇ ਸਰਹੱਦਾਂ ਦੀ ਰਾਖੀ ਲਈ ਵੱਡਾ ਯੋਗਦਾਨ ਪਾਇਆ ਹੈ, ਪਰ ਅੱਜ



ਨੌਜਵਾਨ ਨਸ਼ਿਆਂ ਦੀ ਲਪੇਟ ਵਿੱਚ ਹਨ ਅਤੇ ਕਾਰੋਬਾਰੀ ਫ਼ਿਰੌਤੀਆਂ ਦੇ ਡਰ ਹੇਠ ਜੀਅ ਰਹੇ ਹਨ। ਉਨ੍ਹਾ ਦੋਸ਼ ਲਾਇਆ ਕਿ ਜੇਲ੍ਹਾਂ ਵਿੱਚੋਂ ਗੈਂਗਸਟਰਾਂ ਵੱਲੋਂ ਫ਼ਿਰੌਤੀਆਂ ਮੰਗਣ ਅਤੇ ਇਨਕਾਰ ਕਰਨ 'ਤੇ ਕਤਲ ਦੀਆਂ ਘਟਨਾਵਾਂ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਖੜ੍ਹੇ ਕਰਦੀਆਂ ਹਨ। ਪਾਇਲਟ ਨੇ ਮੁੱਖ ਮੰਤਰੀ ਭਗਵੰਤ ਮਾਨ ਦੇ ਅਸਤੀਫ਼ੇ ਅਤੇ ਡੀ ਜੀ ਪੀ ਦੀ ਬਰਖ਼ਾਸਤਗੀ ਦੀ ਮੰਗ ਕਰਦਿਆਂ ਕਿਹਾ ਕਿ ਲੋਕਾਂ ਦੀ ਸੁਰੱਖਿਆ, ਰੁਜ਼ਗਾਰ ਅਤੇ ਅਮਨ-ਕਾਨੂੰਨ ਕਾਇਮ ਰੱਖਣਾ ਸਰਕਾਰ ਦੀ ਮੁੱਢਲੀ ਜ਼ਿੰਮੇਵਾਰੀ ਹੈ। ਉਨ੍ਹਾ ਪੰਜਾਬ ਵਿੱਚ ਅੱਤਵਾਦ ਦੇ ਦੌਰ ਦਾ ਹਵਾਲਾ ਦਿੰਦਿਆਂ ਕਾਂਗਰਸ ਦੀਆਂ ਕੁਰਬਾਨੀਆਂ ਦਾ • ਬਾਕੀ ਸਫਾ 2 'ਤੇ

# ਟਰੰਪ ਵੱਲੋਂ ਰੂਸੀ ਤੇਲ ਤੇ ਗੈਸ ਦੀ ਖਰੀਦ 'ਤੇ ਪਾਬੰਦੀਆਂ ਤੇ ਟੈਰਿਫ ਰੱਦ

**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਮਰੀਕਾ ਦੇ 'ਕੌਮੀ ਹਿੱਤਾਂ' ਦਾ ਹਵਾਲਾ ਦਿੰਦੇ ਹੋਏ 'ਸੈਂਕਸ਼ਨਿੰਗ ਰੂਸ ਅਤੇ ਈਰਾਨ ਐਕਟ' (ਗ੍ਰਾਹਮ ਐਕਟ) ਤਹਿਤ ਰੂਸੀ ਤੇਲ ਅਤੇ ਗੈਸ ਦੀ ਖਰੀਦ 'ਤੇ ਲਗਾਈਆਂ ਜਾਣ ਵਾਲੀਆਂ ਪਾਬੰਦੀਆਂ, ਬੰਦਿਸ਼ਾਂ ਅਤੇ ਟੈਰਿਫਾਂ ਤੋਂ ਛੋਟ ਦੇਣ ਦਾ ਐਲਾਨ ਕੀਤਾ ਹੈ। ਜਾਰੀ ਕੀਤੇ ਗਏ ਇੱਕ ਕਾਰਜਕਾਰੀ ਹੁਕਮ ਵਿੱਚ ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਅਜਿਹੀਆਂ ਪਾਬੰਦੀਆਂ ਨੂੰ ਰੋਕਣਾ ਅਮਰੀਕਾ ਦੇ ਹਿੱਤ ਵਿੱਚ ਹੈ। ਟਰੰਪ ਨੇ ਦੱਸਿਆ ਕਿ ਉਨ੍ਹਾ ਅਮਰੀਕੀ ਕਾਂਗਰਸ ਨੂੰ ਇਸ ਸੰਬੰਧੀ ਇੱਕ ਸਰਟੀਫਿਕੇਟ ਸੌਂਪਿਆ ਹੈ। ਲਿੰਡਸੇ ਓ ਗ੍ਰਾਹਮ ਐਕਟ ਅਮਰੀਕੀ ਕਾਂਗਰਸ ਵੱਲੋਂ 16 ਸਤੰਬਰ ਨੂੰ ਪਾਸ ਕੀਤਾ ਗਿਆ ਸੀ ਅਤੇ ਟਰੰਪ ਨੇ 18 ਸਤੰਬਰ ਨੂੰ ਇਸ 'ਤੇ ਦਸਤਖ਼ਤ ਕੀਤੇ ਸਨ। ਇਸ



ਕਾਨੂੰਨ ਦੇ ਲਾਗੂ ਹੋਣ ਦੇ 30 ਦਿਨਾਂ ਦੇ ਅੰਦਰ ਰੂਸ ਤੋਂ ਕੱਚਾ ਤੇਲ ਜਾਂ ਗੈਸ ਖਰੀਦਣ ਵਾਲੇ ਭਾਰਤ ਅਤੇ ਚੀਨ ਸਮੇਤ ਦੁਨੀਆ ਦੇ 5 ਸਭ ਤੋਂ ਵੱਡੇ ਦਰਾਮਦਕਾਰ ਮੁਲਕਾਂ ਤੋਂ ਅਮਰੀਕਾ ਆਉਣ ਵਾਲੀਆਂ ਵਸਤੂਆਂ 'ਤੇ 100 ਫੀਸਦੀ ਤੱਕ ਭਾਰੀ ਟੈਰਿਫ ਲਗਾਉਣ ਦਾ ਅਧਿਕਾਰ ਦਿੱਤਾ ਗਿਆ ਸੀ। ਕਾਨੂੰਨ ਤਹਿਤ ਰਾਸ਼ਟਰਪਤੀ ਨੂੰ ਇਹ ਅਧਿਕਾਰ ਦਿੱਤਾ ਗਿਆ ਹੈ ਕਿ ਜੇਕਰ ਕੋਈ ਕਦਮ ਅਮਰੀਕਾ ਦੇ ਰਾਸ਼ਟਰੀ ਹਿੱਤ ਵਿੱਚ ਹੋਵੇ, ਤਾਂ ਉਹ ਇਨ੍ਹਾਂ ਪਾਬੰਦੀਆਂ ਤੋਂ ਛੋਟ ਦੇ ਸਕਦੇ ਹਨ।

ਇਹ ਫੈਸਲਾ ਅਮਰੀਕਾ ਵੱਲੋਂ ਰੂਸ ਨਾਲ ਡੀਜ਼ਲ ਦੀ ਸਪਲਾਈ ਲਈ ਕੀਤੇ ਗਏ ਸਮਝੌਤੇ ਅਤੇ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਦੇ ਭਾਰਤ ਦੌਰੇ ਤੋਂ ਠੀਕ ਪਹਿਲਾਂ ਆਇਆ ਹੈ। ਇਸ ਤੋਂ ਪਹਿਲਾਂ ਨਿਊ ਯਾਰਕ ਵਿੱਚ • ਬਾਕੀ ਸਫਾ 2 'ਤੇ

## ਦੀਪਕੇ ਨੂੰ ਸ਼ਰਤਾਂ ਸਮੇਤ ਜ਼ਮਾਨਤ



**ਨਵੀਂ ਦਿੱਲੀ** : ਕਾਕਰੋਚ ਜਨਤਾ ਪਾਰਟੀ ਦੇ ਸੰਸਥਾਪਕ ਅਭਿਜੀਤ ਦੀਪਕੇ ਨੂੰ ਸ਼ੁੱਕਰਵਾਰ ਕਨਾਟ ਪਲੇਸ ਵਿਖੇ ਤਿਰੰਗਾ ਮਾਰਚ ਦੇ ਸੱਦੇ ਦੌਰਾਨ ਰੋਕਥਾਮ ਧਾਰਾਵਾਂ ਤਹਿਤ ਗ੍ਰਿਫ਼ਤਾਰ ਕਰਨ ਤੋਂ ਬਾਅਦ ਅਦਾਲਤ ਨੇ ਸ਼ਨੀਵਾਰ ਨੂੰ ਸ਼ਰਤਾਂ ਸਮੇਤ ਜ਼ਮਾਨਤ ਦੇ ਦਿੱਤੀ। ਏ ਆਈ ਐੱਸ ਏ ਦੀ ਨੇਹਾ ਬੋਰਾ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਸ ਨੂੰ ਇਕ ਦਿਨ ਪਹਿਲਾਂ ਹੀ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਸੀ। ਦੀਪਕੇ ਸਮੇਤ ਲਗਭਗ 150 ਲੋਕਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਸੀ। ਸੀ ਜੇ ਪੀ ਦੇ ਸਹਿ-ਸੰਯੋਜਕਾਂ ਸੌਰਵ ਦਾਸ ਅਤੇ ਆਸ਼ੂਤੋਸ਼ ਰੰਕਾ 5 ਦਿਨਾਂ ਦੀ ਨਿਆਂਇਕ ਹਿਰਾਸਤ ਵਿੱਚ ਹਨ।

## ਈ ਡੀ ਰੇਡ ਖਿਲਾਫ਼ ਅਦਾਲਤ ਪਹੁੰਚੇ ਸੰਨੀ ਆਹਲੂਵਾਲੀਆ

**ਚੰਡੀਗੜ੍ਹ** : ਆਮ ਆਦਮੀ ਪਾਰਟੀ ਦੇ ਆਗੂ ਅਤੇ ਪੰਜਾਬ ਵਾਟਰ ਸਪਲਾਈ ਐਂਡ ਸੀਵਰੇਜ ਬੋਰਡ ਦੇ ਚੇਅਰਮੈਨ ਡਾ. ਸੰਨੀ ਸਿੰਘ ਆਹਲੂਵਾਲੀਆ ਨੇ ਚੰਡੀਗੜ੍ਹ ਵਿੱਚ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੇ ਚਾਰ ਸੀਨੀਅਰ ਅਧਿਕਾਰੀਆਂ ਵਿਰੁੱਧ 'ਪ੍ਰੀਵੈਂਸ਼ਨ ਆਫ਼ ਮਨੀ ਲਾਂਡਰਿੰਗ ਐਕਟ' 2002 ਦੀ ਧਾਰਾ 62 ਤਹਿਤ ਚੰਡੀਗੜ੍ਹ ਜ਼ਿਲ੍ਹਾ ਅਦਾਲਤ ਵਿਚ ਸ਼ਿਕਾਇਤ ਦਰਜ ਕਰਵਾਈ ਹੈ। ਉਨ੍ਹਾ ਦੋਸ਼ ਲਾਇਆ ਹੈ ਕਿ ਇਨ੍ਹਾਂ ਅਧਿਕਾਰੀਆਂ ਨੇ ਸੈਕਟਰ 39-ਏ ਸਥਿਤ ਉਨ੍ਹਾਂ ਦੀ ਰਿਹਾਇਸ਼ 'ਤੇ ਗੈਰ-ਕਾਨੂੰਨੀ ਢੰਗ ਨਾਲ ਤਲਾਸ਼ੀ ਲਈ ਸੀ। ਜ਼ਿਲ੍ਹਾ ਅਦਾਲਤ ਵਿੱਚ ਵਕੀਲ ਗਿੰਨੀਜੀਤ ਮਲਹੋਤਰਾ ਰਾਹੀਂ ਦਾਇਰ ਕੀਤੀ ਗਈ ਸ਼ਿਕਾਇਤ ਵਿੱਚ ਆਹਲੂਵਾਲੀਆ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ 17 ਅਪ੍ਰੈਲ, 2025 ਦੇ ਇੱਕ ਹੁਕਮ ਰਾਹੀਂ ਉਨ੍ਹਾਂ ਨੂੰ ਮਕਾਨ ਨੰਬਰ 926 ਅਲਾਟ ਕੀਤਾ ਸੀ। ਉਨ੍ਹਾ ਦੋਸ਼



ਲਾਇਆ ਕਿ ਈ ਡੀ ਨੇ 23 ਸਤੰਬਰ 2026 ਨੂੰ ਇੱਕ ਅਧਿਕਾਰ ਪੱਤਰ ਜਾਰੀ ਕਰਕੇ ਉਨ੍ਹਾਂ ਦੇ ਘਰ ਦੀ ਤਲਾਸ਼ੀ ਲਈ। ਉਨ੍ਹਾਂ ਦਾਅਵਾ ਕੀਤਾ ਕਿ ਜ਼ਬਤੀ ਮੀਮੋ ਵਿੱਚ ਗਲਤ ਢੰਗ ਨਾਲ ਇਹ ਦਰਸਾਇਆ ਗਿਆ ਸੀ ਕਿ ਇਹ ਜਾਇਦਾਦ ਅਮਰਿੰਦਰ ਸਿੰਘ ਮੱਲ੍ਹੀ ਦੀ ਹੈ ਅਤੇ ਅਧਿਕਾਰੀਆਂ ਨੇ ਉਨ੍ਹਾਂ ਦੀ ਗੈਰ-ਹਾਜ਼ਰੀ ਵਿੱਚ ਜ਼ਬਰਦਸਤੀ ਤਾਲਾ ਤੋੜ ਦਿੱਤਾ। ਉਨ੍ਹਾ ਦੋਸ਼ ਲਾਇਆ ਕਿ ਤਲਾਸ਼ੀ ਲੈਣ ਸਬੰਧੀ ਕੋਈ ਅਧਿਕਾਰ ਪੱਤਰ, ਇਸ ਦੇ ਕਾਰਨ ਜਾਂ ਘਰ ਨੂੰ ਸੀਲ ਕਰਨ ਜਾਂ ਫਰੀਜ਼ ਕਰਨ ਨਾਲ ਸੰਬੰਧਤ ਕੋਈ ਦਸਤਾਵੇਜ਼ ਉਨ੍ਹਾਂ ਨੂੰ ਨਹੀਂ ਦਿੱਤੇ ਗਏ। ਆਹਲੂਵਾਲੀਆ ਨੇ ਤਲਾਸ਼ੀ ਦੇ ਰਿਕਾਰਡ, ਅਧਿਕਾਰ ਪੱਤਰ ਅਤੇ ਆਡੀਓ-ਵੀਡੀਓ ਰਿਕਾਰਡਿੰਗਾਂ ਦੀ ਮੰਗ ਕੀਤੀ ਹੈ। ਇਸ ਦੇ ਨਾਲ ਹੀ ਉਨ੍ਹਾ ਇਸ ਮਾਮਲੇ ਦੀ ਜਾਂਚ ਕਰਵਾ ਕੇ ਜ਼ਿੰਮੇਵਾਰ ਅਧਿਕਾਰੀਆਂ ਵਿਰੁੱਧ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ।

## ਜੈਸਮੀਨ ਔਜਲਾ ਗਿੱਲ ਦਾ ਕਤਲ; ਪਤੀ ਗ੍ਰਿਫ਼ਤਾਰ

**ਸੈਕਰਾਮੈਂਟੋ** : ਅਮਰੀਕਾ ਦੇ ਕੈਲੀਫੋਰਨੀਆ ਦੇ ਸ਼ਹਿਰ ਸੈਕਰਾਮੈਂਟੋ ਤੋਂ 30 ਸਤੰਬਰ ਤੋਂ ਲਾਪਤਾ ਚੱਲ ਰਹੀ ਪੰਜਾਬੀ ਮੂਲ ਦੀ ਔਰਤ ਜੈਸਮੀਨ ਔਜਲਾ ਗਿੱਲ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਹੈ। ਸੈਕਰਾਮੈਂਟੋ ਕਾਊਂਟੀ ਸ਼ੈਰਿਫ ਦਫ਼ਤਰ ਵੱਲੋਂ ਕੀਤੀ ਗਈ ਜਾਂਚ ਤੋਂ ਬਾਅਦ ਮ੍ਰਿਤਕਾ ਦੇ ਪਤੀ ਗੁਰਿੰਦਰ ਗਿੱਲ ਨੂੰ ਕਤਲ ਦੇ ਇਲਜ਼ਾਮ ਹੇਠ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਜੈਸਮੀਨ ਦੇ ਚਚੇਰੇ ਭਰਾ ਨੇ 4 ਅਕਤੂਬਰ ਨੂੰ ਉਸ ਦੇ ਲਾਪਤਾ ਹੋਣ ਦੀ ਰਿਪੋਰਟ ਦਰਜ ਕਰਵਾਈ ਸੀ। ਇਸ ਤੋਂ ਪਹਿਲਾਂ 1 ਅਕਤੂਬਰ ਨੂੰ ਐਲ ਡੋਰਾਡੋ ਕਾਊਂਟੀ ਖੇਤਰ ਵਿੱਚੋਂ ਇੱਕ ਔਰਤ ਦੀਆਂ ਸੜੀ ਹੋਈ ਦੇਹ ਬਰਾਮਦ ਹੋਈ ਸੀ। ਜਾਂਚ



ਅਤੇ ਫੋਰੈਂਸਿਕ ਪੜਤਾਲ ਤੋਂ ਬਾਅਦ ਇਸ ਦੇਹ ਦੀ ਪਛਾਣ ਜੈਸਮੀਨ ਗਿੱਲ ਵਜੋਂ ਹੋਈ। ਜਾਂਚ ਦੌਰਾਨ ਪੁਲਸ ਨੂੰ ਗੁਰਿੰਦਰ ਦੇ ਬਿਆਨਾਂ ਵਿੱਚ ਕਈ ਵੱਡੇ ਵਿਰੋਧਾਭਾਸ ਮਿਲੇ। ਜਾਂਚਕਰਤਾਵਾਂ ਨੂੰ ਇਹ ਵੀ ਪਤਾ ਲੱਗਾ ਕਿ ਜੋੜੇ ਵਿਚਕਾਰ ਤਲਾਕ ਅਤੇ ਬੱਚੇ ਦੀ ਕਸਟਡੀ ਨੂੰ ਲੈ ਕੇ ਕਾਨੂੰਨੀ ਵਿਵਾਦ ਚੱਲ ਰਿਹਾ ਸੀ।

## ਡਰੋਨ ਰਾਹੀਂ ਸੁੱਟੀ 3.98 ਲੱਖ ਦੀ ਜਾਲ੍ਹੀ ਕਰੰਸੀ ਬਰਾਮਦ

**ਅਟਾਰੀ** : ਭਾਰਤ-ਪਾਕਿਸਤਾਨ ਸਰਹੱਦ ਨੇੜੇ ਪੈਂਦੇ ਪਿੰਡ ਕਲਸੀਆਂ ਖੁਰਦ ਤੋਂ ਪੁਲਸ ਅਤੇ ਬੀ ਐੱਸ ਐੱਫ ਨੇ ਤਲਾਸ਼ੀ ਮੁਹਿੰਮ ਦੌਰਾਨ 3,98,500 ਰੁਪਏ ਦੀ ਜਾਲ੍ਹੀ ਭਾਰਤੀ ਕਰੰਸੀ ਬਰਾਮਦ ਕੀਤੀ ਹੈ। ਇਹ ਕਾਰਵਾਈ ਐਂਟੀ ਡਰੋਨ ਸਿਸਟਮ ਤੋਂ ਮਿਲੀ ਸੂਚਨਾ ਦੇ ਆਧਾਰ 'ਤੇ ਕੀਤੀ ਗਈ। ਏ ਐੱਸ ਆਈ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਗਸ਼ਤ ਦੌਰਾਨ ਪਿੰਡ ਕਲਸੀਆਂ ਖੁਰਦ ਨੇੜੇ ਪਾਕਿਸਤਾਨੀ ਡਰੋਨ ਦੀ ਹਰਕਤ ਸੰਬੰਧੀ ਸੂਚਨਾ ਮਿਲੀ ਸੀ। ਇਸ ਮਗਰੋਂ ਪੁਲਸ ਨੇ ਬੀ ਐੱਸ ਐੱਫ ਨੂੰ ਸੂਚਿਤ ਕੀਤਾ ਅਤੇ ਸਾਂਝੀ ਤਲਾਸ਼ੀ ਮੁਹਿੰਮ ਚਲਾਈ। ਇਸ ਦੌਰਾਨ ਇੱਕ ਪੀਲੇ ਰੰਗ ਦਾ ਪੈਕੇਟ ਮਿਲਿਆ, ਜਿਸ ਵਿੱਚ ਮੋਮੀ ਲਿਫ਼ਾਫ਼ੇ ਵਿੱਚ ਲਪੇਟੀ ਜਾਲ੍ਹੀ ਕਰੰਸੀ ਬਰਾਮਦ ਹੋਈ।

## ਅਮਰਦੀਪ ਗਰੇਵਾਲ ਨੂੰ ਹਿਰਾਸਤ 'ਚ ਲਿਆ

**ਨਵੀਂ ਦਿੱਲੀ** : ਮੁੱਖ ਮੰਤਰੀ ਭਗਵੰਤ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ 'ਤੇ ਲੱਗੇ 5 ਕਰੋੜ ਰੁਪਏ ਦੇ ਕਥਿਤ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੇ ਮਾਮਲੇ ਵਿੱਚ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਮੁੱਖ ਮੰਤਰੀ ਭਗਵੰਤ ਮਾਨ ਦੇ ਰਿਸ਼ਤੇਦਾਰ ਨੂੰ ਹਿਰਾਸਤ 'ਚ ਲਿਆ ਹੈ। ਅਮਰਦੀਪ ਸਿੰਘ ਗਰੇਵਾਲ ਨੂੰ ਜਾਂਚ ਏਜੰਸੀ ਨੇ ਦਿੱਲੀ ਦੇ ਇੰਦਰਾ ਗਾਂਧੀ ਹਵਾਈ ਅੱਡੇ ਤੋਂ ਭਾਰਤ ਵਾਪਸੀ ਦੌਰਾਨ ਹਿਰਾਸਤ 'ਚ ਲਿਆ। ਜਾਣਕਾਰੀ ਅਨੁਸਾਰ ਉਸ ਨੂੰ ਪੁੱਛਗਿੱਛ ਲਈ ਇਨਫੋਰਸਮੈਂਟ ਡਾਇਰੈਕਟੋਰੇਟ ਦਫਤਰ ਵਿਖੇ ਲਿਜਾਇਆ ਗਿਆ ਹੈ।

## ਸਿੱਖ ਅਜਾਇਬ ਘਰ 'ਚ ਲੱਗੇਗੀ ਪਰਵਿੰਦਰ ਸਿੰਘ ਦੀ ਤਸਵੀਰ

**ਅੰਮ੍ਰਿਤਸਰ/ਮਾਨਸਾ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ/ ਆਤਮਾ ਸਿੰਘ ਪਮਾਰ)**

ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਦੇ ਮਾਰੂ ਜਾਲ ਤੋਂ ਬਚਾਉਣ ਲਈ ਜੂਝਦਿਆਂ ਸ਼ਹਾਦਤ ਪ੍ਰਾਪਤ ਕਰਨ ਵਾਲੇ ਭਾਈ ਪਰਵਿੰਦਰ ਸਿੰਘ ਝੋਟਾ ਦੀ ਕੁਰਬਾਨੀ ਨੂੰ ਸਿੱਖ ਕੌਮ ਹਮੇਸ਼ਾ ਯਾਦ ਰੱਖੇਗੀ। ਉਨ੍ਹਾ ਵੱਲੋਂ ਨਸ਼ਿਆਂ ਵਿਰੁੱਧ ਵਿੱਢੇ ਸੰਘਰਸ਼ ਨੂੰ ਅੱਗੇ ਵਧਾਉਣਾ ਅਤੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣਾ ਸਮੇਂ ਦੀ ਅਹਿਮ ਲੋੜ ਹੈ। ਇਹ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼ਨੀਵਾਰ ਨਸ਼ਿਆਂ ਵਿਰੁੱਧ ਚੱਲ ਰਹੇ ਸੰਘਰਸ਼ ਦੌਰਾਨ ਸ਼ਹਾਦਤ ਪ੍ਰਾਪਤ ਕਰਨ ਵਾਲੇ ਭਾਈ ਪਰਵਿੰਦਰ ਸਿੰਘ ਝੋਟਾ ਦੇ ਪਿਤਾ ਬਾਪੂ ਭੀਮ ਸਿੰਘ ਨਾਲ



ਮੁਲਾਕਾਤ ਸਮੇਂ ਕੀਤਾ। ਇਸ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਜਥੇਦਾਰ ਬਾਬਾ ਟੇਕ ਸਿੰਘ, ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਗੁਰਪ੍ਰੀਤ ਸਿੰਘ ਝੱਬਰ, ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਸਤਬੀਰ ਸਿੰਘ ਤੇ ਹਰਭਜਨ ਸਿੰਘ ਵਕਤਾ ਵੀ ਉਨ੍ਹਾ ਦੇ ਨਾਲ ਸਨ। ਪਰਵਿੰਦਰ ਸਿੰਘ ਝੋਟਾ ਦੀ ਯਾਦ ਨੂੰ ਸਤਿਕਾਰ ਸਹਿਤ ਸੰਭਾਲਣ ਦਾ ਐਲਾਨ ਕਰਦਿਆਂ ਧਾਮੀ ਨੇ ਕਿਹਾ ਕਿ ਉਨ੍ਹਾ ਦੀ ਤਸਵੀਰ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਸਥਿਤ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਗਾਈ ਜਾਵੇਗੀ। ਉਨ੍ਹਾ ਕਿਹਾ ਕਿ ਇਹ ਉਪਰਾਲਾ ਭਾਈ ਝੋਟਾ ਵੱਲੋਂ ਨਸ਼ਿਆਂ ਵਿਰੁੱਧ ਕੀਤੇ ਸੰਘਰਸ਼ ਅਤੇ ਪੰਜਾਬ ਦੀ ਜਵਾਨੀ ਨੂੰ ਬਚਾਉਣ ਦੇ ਉਦੇਸ਼ ਪ੍ਰਤੀ ਉਨ੍ਹਾ ਦੀ ਵਚਨਬੱਧਤਾ ਨੂੰ ਯਾਦ ਰੱਖਣ ਦਾ ਪ੍ਰਤੀਕ ਹੋਵੇਗਾ। ਧਾਮੀ ਨੇ ਝੋਟਾ ਦੇ ਨਾਲ ਜ਼ਖ਼ਮੀ ਹੋਏ ਨੌਜਵਾਨਾਂ ਦਾ ਹਾਲ ਵੀ ਜਾਣਿਆ। ਉਨ੍ਹਾ ਜ਼ਖ਼ਮੀ ਨੌਜਵਾਨਾਂ ਪ੍ਰਤੀ ਹਮਦਰਦੀ ਪ੍ਰਗਟ ਕਰਦਿਆਂ ਐਲਾਨ ਕੀਤਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰੇਕ ਜ਼ਖ਼ਮੀ ਨੌਜਵਾਨ ਨੂੰ 5-5 ਲੱਖ ਰੁਪਏ ਦੀ ਆਰਥਿਕ ਸਹਾਇਤਾ ਦਿੱਤੀ ਜਾਵੇਗੀ। ਉਨ੍ਹਾ ਕਿਹਾ ਕਿ ਜੇਕਰ ਉਹ ਚਾਹੁਣ ਤਾਂ ਉਨ੍ਹਾਂ ਦਾ ਇਲਾਜ ਸ਼੍ਰੋਮਣੀ ਕਮੇਟੀ ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਅੰਮ੍ਰਿਤਸਰ ਵਿਖੇ ਕਰਨ ਲਈ ਤਿਆਰ ਹੈ।

## ਬਲੋਚਿਸਤਾਨ 'ਚ 20 ਟਰੇਨੀ ਪੁਲਸ ਅਧਿਕਾਰੀ ਅਗਵਾ

**ਕਰਾਚੀ** : ਪਾਕਿਸਤਾਨ ਦੇ ਅਸ਼ਾਂਤ ਸੂਬੇ ਬਲੋਚਿਸਤਾਨ ਵਿੱਚ ਸਨਿੱਚਰਵਾਰ ਅਣਪਛਾਤੇ ਹਥਿਆਰਬੰਦ ਵਿਅਕਤੀਆਂ ਵੱਲੋਂ ਇੱਕ ਪੁਲਸ ਅਕੈਡਮੀ ਦੇ 20 ਸਿਖਿਆਰਥੀ (ਟਰੇਨੀ) ਅਧਿਕਾਰੀਆਂ ਨੂੰ ਅਗਵਾ ਕਰ ਲਿਆ ਗਿਆ ਹੈ। ਪੁਲਸ ਨੇ ਦੱਸਿਆ ਕਿ ਸੁਰੱਖਿਆ ਬਲਾਂ ਨੇ ਅਗਵਾ ਕੀਤੇ ਗਏ ਇਨ੍ਹਾਂ ਵਿਅਕਤੀਆਂ ਦਾ ਪਤਾ ਲਗਾਉਣ ਲਈ ਵੱਡੇ ਪੱਧਰ 'ਤੇ ਅਪਰੇਸ਼ਨ ਸ਼ੁਰੂ ਕਰ ਦਿੱਤਾ ਹੈ, ਜੋ ਕਿ ਕਲਾਤ ਜ਼ਿਲ੍ਹੇ ਦੇ ਇੱਕ ਪੁਲਸ ਸਿਖਲਾਈ ਕੇਂਦਰ ਵਿੱਚ ਸਿਖਲਾਈ ਲੈ ਰਹੇ ਸਨ। ਇੱਕ ਸੀਨੀਅਰ ਪੁਲਸ ਅਧਿਕਾਰੀ ਮੁਤਾਬਕ ਇਹ ਸਿਖਿਆਰਥੀ ਅਧਿਕਾਰੀ ਛੁੱਟੀ ਵਾਲੇ ਦਿਨ (ਵੀਕੈਂਡ) ਆਪਣੇ ਘਰ ਜਾ ਰਹੇ ਸਨ। ਇਸੇ ਦੌਰਾਨ ਮਸਤੁੰਗ ਨੇੜੇ ਕੁਏਟਾ-ਕਰਾਚੀ ਹਾਈਵੇ 'ਤੇ ਮੋਟਰਸਾਈਕਲਾਂ 'ਤੇ ਸਵਾਰ ਹਥਿਆਰਬੰਦ ਵਿਅਕਤੀਆਂ ਨੇ ਉਨ੍ਹਾਂ ਦੀ ਬੱਸ ਨੂੰ ਘੇਰ ਲਿਆ ਤੇ ਬੱਸ ਸਮੇਤ ਅਗਵਾ ਕਰਕੇ ਲੈ ਗਏ।

## ਅੱਜ-ਨਾਮਾ

ਜਾਂਦੀਆਂ ਵਧਦੀਆਂ ਰੋਜ਼ ਹਨ ਵਾਰਦਾਤਾਂ,
ਮਿਲਦੀ ਖਬਰ ਨਾ ਕੋਈ ਵੀ ਚੱਜ ਦੀ ਊ।
ਆਵੇ ਖਬਰ ਤੇ ਇਹੋ ਨਹੀਂ ਸਮਝ ਆਵੇ,
ਓਹੋ ਕੱਲ੍ਹ ਦੀ ਕਿ ਆ ਗਈ ਅੱਜ ਦੀ ਊ।
ਕਿਤੇ ਲੁੱਟ ਹੋਈ, ਕਿਸੇ ਥਾਂ ਪਿਆ ਡਾਕਾ,
ਕਿਸੇ ਇਨਸਾਨ ਨੂੰ ਗੋਲੀ ਵੀ ਵੱਜਦੀ ਊ।
ਜਦ ਵੀ ਪੁਲਸ ਆ ਕੋਈ ਬਿਆਨ ਦਿੰਦੀ,
ਕਮਜ਼ੋਰੀ ਆਪਣੀ ਦਾ ਕੱਜਣ ਕੱਜਦੀ ਊ।
ਖਬਰਾਂ ਹੋਰ ਤੇ ਪੁਲਸ ਕੁਝ ਹੋਰ ਕਹਿੰਦੀ,
ਲੱਭਿਆਂ ਲੱਭੇ ਨਹੀਂ ਦੋਵਾਂ ਦਾ ਮੇਲ ਬੇਲੀ।
'ਕੱਲੇ-ਦੁਕੱਲੇ ਨੂੰ ਦੋਸ਼ੀ ਨਾ ਲੋਕ ਕਹਿੰਦੇ,
ਸਿਸਟਮ ਆਖਦੇ ਪੂਰਾ ਇਹ ਫੇਲ੍ਹ ਬੇਲੀ।

-ਤੀਸ ਮਾਰ ਖਾਂ

# ਸੇਵਾ ਕੇਂਦਰ ਮੁਲਾਜ਼ਮ ਯੂਨੀਅਨ ਵੱਲੋਂ ਅਨਿਸਚਤ ਸਮੇਂ ਲਈ ਧਰਨੇ ਦੀ ਚਿਤਾਵਨੀ

**ਲੁਧਿਆਣਾ (ਐੱਮ ਐੱਸ ਭਾਟੀਆ)**

ਸ਼ਨੀਵਾਰ ਨੂੰ ਸੇਵਾ ਕੇਂਦਰ ਮੁਲਾਜ਼ਮ ਯੂਨੀਅਨ ਪੰਜਾਬ ਦੇ ਮੈਂਬਰਾਂ ਵੱਲੋਂ ਲੁਧਿਆਣਾ ਵਿਖੇ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ, ਜਿਸ ਵਿੱਚ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਤੋਂ ਪ੍ਰਧਾਨ ਅਤੇ ਸਕੱਤਰ ਸਾਹਿਬਾਨ ਨੇ ਸ਼ਿਰਕਤ ਕੀਤੀ।ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪੰਜਾਬ ਏਟਕ ਦੇ ਜਨਰਲ ਸਕੱਤਰ ਕਾਮਰੇਡ ਨਿਰਮਲ ਸਿੰਘ ਧਾਲੀਵਾਲ ਤੇ ਸੂਬਾ ਮੀਤ ਪ੍ਰਧਾਨ ਸ਼੍ਰੀ ਵਿਨੋਦ ਚੁੱਘ, ਮਨਿਦਰ ਸਿੰਘ ਭਾਟੀਆ ਜਨਰਲ ਸਕੱਤਰ ਜਿਲਾ ਏਟਕ ਲੁਧਿਆਣਾ ਹਾਜ਼ਰ ਹੋਏ।ਮੀਟਿੰਗ ਦੌਰਾਨ ਜ਼ਿਲ੍ਹਿਆਂ ਤੋਂ ਆਏ ਸਾਰੇ ਅਹੁਦੇਦਾਰਾਂ ਵੱਲੋਂ ਆਪਣੇ-ਆਪਣੇ ਵਿਚਾਰ ਸਾਂਝੇ ਕੀਤੇ ਗਏ।ਇਸ ਦੌਰਾਨ ਪ੍ਰਬੰਧਕੀ ਕੰਪਨੀ ਵੱਲੋਂ ਮੁਲਾਜ਼ਮਾਂ 'ਤੇ ਕੀਤੀਆਂ ਜਾ ਰਹੀਆਂ ਧੱਕੇਸ਼ਾਹੀਆਂ ਅਤੇ ਆਰਥਿਕ ਲੁੱਟ-ਖਸੁੱਟ ਵਿਰੁੱਧ ਗੰਭੀਰ ਚਰਚਾ ਕੀਤੀ ਗਈ।ਯੂਨੀਅਨ ਦੇ ਸੂਬਾ ਪ੍ਰਧਾਨ ਬਲਜਿੰਦਰ ਸਿੰਘ ਮਾਝਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪ੍ਰਬੰਧਕ ਕੰਪਨੀ ਵੱਲੋਂ ਆਉਂਦੇ ਬੁੱਧਵਾਰ ਨੂੰ ਮੀਟਿੰਗ ਕਰਨ ਦਾ ਸੱਦਾ ਦਿੱਤਾ ਗਿਆ ਹੈ।ਮੀਟਿੰਗ ਵਿੱਚ ਹਾਜ਼ਰ ਸਾਰੇ ਮੈਂਬਰਾਂ ਵੱਲੋਂ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਜੋ ਆਧਾਰ ਕਾਰਡ ਦੀ ਐਂਟਰੀ ਦਾ ਕੰਮ ਬੰਦ ਕੀਤਾ ਗਿਆ ਸੀ, ਉਸ ਨੂੰ ਸੋਮਵਾਰ ਤੋਂ ਦੁਬਾਰਾ ਚਾਲੂ



ਕੀਤਾ ਜਾਵੇਗਾ, ਜੇਕਰ ਬੁੱਧਵਾਰ ਦੀ ਮੀਟਿੰਗ ਵਿੱਚ ਕੰਪਨੀ ਤੇ ਸਰਕਾਰ ਵੱਲੋਂ ਕੋਈ ਈਮਾਨਦਾਰਾਨਾ ਸਿੱਟਾ ਨਾ ਕੱਢਿਆ ਗਿਆ ਅਤੇ ਕਰਮਚਾਰੀਆਂ 'ਤੇ ਲਗਾਈਆਂ ਗਈਆਂ ਗੈਰ-ਕਾਨੂੰਨੀ ਪੈਨਲਟੀਆਂ ਵਾਪਸ ਨਾ ਲਈਆਂ ਗਈਆਂ, ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ। ਯੂਨੀਅਨ ਨੇ ਸਰਕਾਰ ਅਤੇ ਕੰਪਨੀ ਅੱਗੇ ਆਪਣੀਆਂ ਪ੍ਰਮੁੱਖ ਮੰਗਾਂ ਰੱਖੀਆਂ ਹਨ, ਜਿਵੇਂ ਕਿ ਗੈਰ-ਕਾਨੂੰਨੀ ਪੈਨਲਟੀਆਂ ਲਗਾਉਣਾ ਬੰਦ ਕੀਤਾ ਜਾਵੇ ਅਤੇ ਕੱਟੇ ਪੈਸੇ ਵਾਪਸ ਕੀਤੇ ਜਾਣ, ਕਰਮਚਾਰੀਆਂ ਨੂੰ ਓਵਰਟਾਈਮ ਦਿੱਤਾ ਜਾਵੇ, ਡੀ ਐਸ ਡੀ ਕਰਮਚਾਰੀਆਂ ਨੂੰ ਬਣਦਾ ਟੀ ਏ ਡੀ ਏ ਦਿੱਤਾ ਜਾਵੇ, ਤਨਖ਼ਾਹ ਸਮੇਂ ਸਿਰ ਦਿੱਤੀ ਜਾਵੇ, ਸੇਵਾ ਕੇਂਦਰ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਪੱਕਾ (ਰੈਗੂਲਰ) ਕੀਤਾ ਜਾਵੇ।ਯੂਨੀਅਨ ਆਗੂਆਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਸਰਕਾਰ ਅਤੇ ਕੰਪਨੀ ਵੱਲੋਂ ਇਹ ਮੰਗਾਂ ਜਲਦ ਪੂਰੀਆਂ ਨਾ ਕੀਤੀਆਂ ਗਈਆਂ, ਤਾਂ 22 ਅਕਤੂਬਰ ਤੋਂ ਪੂਰਨ ਤੌਰ 'ਤੇ ਕੰਮ ਬੰਦ ਕਰਕੇ ਅਨਿਸ਼ਚਤ ਸਮੇਂ ਲਈ ਡੀ ਓ ਜੀ ਆਰ ਦਫ਼ਤਰ ਮੋਹਾਲੀ ਵਿਖੇ ਧਰਨਾ ਦੇਣ ਲਈ ਮਜਬੂਰ ਹੋਣਗੇ, ਜਿਸ ਦੀ ਪੂਰੀ ਜ਼ਿੰਮੇਵਾਰੀ ਕੰਪਨੀ ਅਤੇ ਪ੍ਰਸ਼ਾਸਨ ਦੀ ਹੋਵੇਗੀ। ਮੀਟਿੰਗ ਵਿੱਚ ਯੂਨੀਅਨ ਦੇ ਜਨਰਲ ਸਕੱਤਰ ਗੁਰਸੇਵਕ ਸਿੰਘ, ਸੂਬਾ ਮੀਤ ਪ੍ਰਧਾਨ ਮੋਹਿਨੀ ਸ਼ਰਮਾ ਸਮੇਤ ਵੱਡੀ ਗਿਣਤੀ ਵਿੱਚ ਆਗੂ ਅਤੇ ਮੈਂਬਰ ਹਾਜ਼ਰ ਸਨ।

## ਪਰਵਿੰਦਰ ਦੀ ਕੁਰਬਾਨੀ ਅਜਾਈਂ ਨਹੀਂ ਜਾਣ ਦੇਵਾਂਗੇ : ਖੁਸ਼ਪਿੰਦਰ ਚੌਹਾਨ

**ਮਾਨਸਾ (ਆਤਮਾ ਸਿੰਘ ਪਮਾਰ)**

ਨਸ਼ਿਆਂ ਖ਼ਿਲਾਫ਼ ਬੇਖੌਫ ਹੋ ਕੇ ਲੜਣ ਵਾਲੇ ਪਰਮਿੰਦਰ ਸਿੰਘ ਝੋਟੇ ਦਾ ਦਿਨ-ਦਿਹਾੜੇ ਕਤਲ ਸਮੇਂ ਦੇ ਹਾਕਮਾਂ 'ਤੇ ਬਹੁਤ ਵੱਡਾ ਸਵਾਲ ਖੜ੍ਹੇ ਕਰਦਾ ਹੈ, ਕਿਉਂਕਿ ਜੇਕਰ ਲੰਮਾ ਸਮਾਂ ਲੜਨ ਵਾਲੇ ਨੌਜਵਾਨ ਵੱਲੋਂ ਜਨਤਕ ਕੀਤੇ ਨਸ਼ਾ ਤਸਕਰਾਂ ਨੂੰ ਕਾਬੂ ਕੀਤਾ ਹੁੰਦਾ ਤੇ ਇਸ ਸੰਬੰਧੀ ਸਰਕਾਰ ਅਤੇ ਪ੍ਰਸ਼ਾਸਨ ਨੇ ਸਮੇਂ ਸਿਰ ਯੋਗ ਫੈਸਲਾ ਲਿਆ ਹੁੰਦਾ ਤਾਂ ਇਹ ਘਟਨਾਕ੍ਰਮ ਨਹੀਂ ਸੀ ਵਾਪਰਨਾ। ਇਹ ਪ੍ਰਗਟਾਵਾ ਵਿਦਿਆਰਥੀ ਜਥੇਬੰਦੀ ਆਲ ਇੰਡੀਆ ਸਟੂਡੈਂਟ ਫੈਡਰੇਸ਼ਨ (ਏ ਆਈ ਐੱਸ ਐੱਫ) ਦੀ ਆਗੂ ਖੁਸ਼ਪਿੰਦਰ ਕੌਰ ਚੌਹਾਨ ਨੇ ਪਰਵਿੰਦਰ ਸਿੰਘ ਝੋਟਾ ਐਕਸ਼ਨ ਕਮੇਟੀ ਵੱਲੋਂ ਚੱਲ ਰਹੇ ਲੜੀਵਾਰ ਰੋਸ ਧਰਨੇ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਪੰਜਾਬ ਦੀ ਜਵਾਨੀ ਨੂੰ ਬਚਾਉਣ ਲਈ ਨੌਜਵਾਨ ਵਿਦਿਆਰਥੀਆਂ ਦੀ ਪੀੜ੍ਹੀ ਨੂੰ ਸੂਬੇ ਦੀ ਮਾਨ ਸਰਕਾਰ ਖ਼ਿਲਾਫ਼ ਖੜ੍ਹੇ ਹੋਣਾ ਸਮੇਂ ਦੀ ਲੋੜ ਹੈ, ਤਾਂ ਜੋ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਦਾ ਗੁੰਮਰਾਹਕੁੰਨ ਪ੍ਰਚਾਰ ਕਰਕੇ ਵਰਗਲਾਉਣ ਵਾਲੇ ਲੋਕਾਂ ਦੀ ਅਸਲੀਅਤ ਨੂੰ ਜਨਤਕ ਕੀਤਾ ਜਾ ਸਕੇ। ਉਹਨਾ ਝੋਟੇ ਨੂੰ ਇਨਸਾਫ ਦਿਵਾਉਣ ਲਈ ਨੌਜਵਾਨਾਂ ਤੇ ਵਿਦਿਆਰਥੀਆਂ ਨੂੰ ਮਾਨਸਾ ਧਰਨੇ 'ਚ ਸ਼ਮੂਲੀਅਤ ਕਰਨ ਦੀ ਅਪੀਲ ਵੀ ਕੀਤੀ।



## ਭਗਵੰਤ ਮਾਨ ਨੇ ਕੀਤੀ ਗਊ ਭਗਤਾਂ ਨਾਲ ਮੀਟਿੰਗ



**ਜਲੰਧਰ (ਸੁਰਿੰਦਰ ਕੁਮਾਰ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਗਊ ਕਮਿਸ਼ਨ ਦੇ ਅਹੁਦੇਦਾਰ ਅਤੇ ਵੱਖ-ਵੱਖ ਗਊਸ਼ਾਲਾਵਾਂ ਦੇ ਅਹੁਦੇਦਾਰਾਂ ਨਾਲ ਇੱਕ ਸੰਖੇਪ ਮੀਟਿੰਗ ਕੀਤੀ। ਮੀਟਿੰਗ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਗਊ ਰੱਖਿਆ ਦੀਆਂ ਮੁਸ਼ਕਿਲਾਂ ਸੁਣੀਆਂ। ਇਸ ਉਪਰੰਤ ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਵੱਖ-ਵੱਖ ਗਊਸ਼ਾਲਾਵਾਂ ਅਤੇ ਗਊ ਕਮਿਸ਼ਨ ਬੋਰਡ ਦੇ ਅਹੁਦੇਦਾਰਾਂ ਨਾਲ ਮੀਟਿੰਗ ਕੀਤੀ ਹੈ ਅਤੇ ਉਹਨਾਂ ਦੀਆਂ ਮੁਸ਼ਕਿਲਾਂ ਸੁਣੀਆਂ ਹਨ। ਉਨ੍ਹਾਂ ਕਿਹਾ ਕਿ ਗਊ ਧਨ ਦੀ ਸਾਂਭ ਸੰਭਾਲ ਅਤੇ ਹੋਰ ਜਰੂਰੀ ਪ੍ਰਬੰਧਾਂ ਨੂੰ ਪੂਰਾ ਕੀਤਾ ਜਾਏਗਾ। ਉਹਨਾਂ ਨੇ ਦੱਸਿਆ ਕਿ ਇਸ ਸਬੰਧੀ ਚੰਡੀਗੜ੍ਹ ਵਿਖੇ ਗਊ ਕਮਿਸ਼ਨ ਅਤੇ ਵੱਖ-ਵੱਖ ਗਊਸ਼ਾਲਾਵਾਂ ਦੇ ਅਹੁਦੇਦਾਰਾਂ ਦੀ ਇੱਕ ਵਿਸ਼ੇਸ਼ ਮੀਟਿੰਗ 21 ਅਕਤੂਬਰ ਨੂੰ ਰੱਖੀ ਗਈ ਹੈ ਜਿਸ ਵਿੱਚ ਸਾਰੀਆਂ ਸਮੱਸਿਆਵਾਂ ਸੁਣ ਕੇ ਜਲਦ ਤੋਂ ਜਲਦ ਉਹਨਾਂ ਦਾ ਹੱਲ ਕੀਤਾ ਜਾਵੇਗਾ।

## ਸਿਲਵਰ ਓਕ ਸਕੂਲ 'ਚ ਕੇ ਜੀ ਵਿੰਗ ਦਾ ਇਨਾਮ ਵੰਡ ਸਮਾਰੋਹ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਪੰਡਿਤ ਮਿਥਲੇਸ਼)**- ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਸ਼ਾਹਬਾਜ਼ਪੁਰ ਵਿਖੇ ਕੇ.ਜੀ ਵਿੰਗ ਦਾ ਇਨਾਮ ਵੰਡ ਸਮਾਰੋਹ ਬੜੀ ਧੂਮ ਧਾਮ ਨਾਲ ਆਯੋਜਿਤ ਕੀਤਾ ਗਿਆ। ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮੁਨੀਸ਼ਾ ਸੰਗਰ ਦੀ ਅਗਵਾਈ ਦੇ



ਵਿੱਚ ਸੈਸ਼ਨ 2025-26 ਦੇ ਵਿੱਚ ਪੜ੍ਹਾਈ ਦੇ ਖੇਤਰ ਵਿੱਚ ਸ਼ਾਨਦਾਰ ਮੱਲਾਂ ਮਾਰਨ ਵਾਲੇ ਬੱਚਿਆਂ ਦਾ ਸਕੂਲ ਵੱਲੋਂ ਸਨਮਾਨ ਕੀਤਾ ਗਿਆ।ਇਨਾਮ ਵੰਡ ਸਮਾਰੋਹ ਦੇ ਮੌਕੇ ਤੇ ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਅਤੇ ਵਾਈਸ ਚੇਅਰ ਪਰਸਨ ਕਮਲੇਸ਼ ਕੌਰ ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ। ਉਹ ਖਾਸ ਤੌਰ 'ਤੇ ਇਸ ਮੌਕੇ ਤੇ ਬੱਚਿਆਂ ਨੂੰ ਆਸ਼ੀਰਵਾਦ ਦੇਣ ਪਹੁੰਚੇ।

ਇਸ ਖਾਸ ਮੌਕੇ ਬੱਚਿਆਂ ਦੇ ਮਾਪਿਆਂ ਨੇ ਵੀ ਹਾਜ਼ਰੀ ਭਰੀ। ਸੰਸਥਾ ਤੇ ਚੇਅਰਮੈਨ ਤਰਲੋਚਨ ਸਿੰਘ ਨੇ ਕਿਹਾ ਕਿ ਸਿਲਵਰ ਓਕ ਸਕੂਲ ਦੇ ਬੱਚੇ ਖੇਡਾਂ ਦੇ ਨਾਲ ਨਾਲ ਪੜ੍ਹਾਈ ਵਿੱਚ ਵੀ ਮੱਲਾਂ ਮਾਰ ਰਹੇ ਹਨ। ਉਹਨਾਂ ਦੱਸਿਆ ਕਿ ਅੱਜ ਦਾ ਇਹ ਸਮਾਰੋਹ ਉਹਨਾਂ ਬੱਚਿਆਂ ਦੇ ਸਨਮਾਨ ਵਿੱਚ ਰੱਖਿਆ ਗਿਆ ਹੈ ਜਿਨ੍ਹਾਂ ਨੇ ਅਧਿਆਪਕਾਂ ਦੇ ਦਿਸ਼ਾ ਨਿਰਦੇਸ਼ਾਂ ਹੇਠ ਕਰੜੀ ਮਿਹਨਤ ਕਰਕੇ ਵਧੀਆ ਪੁਜੀਸ਼ਨਾਂ ਹਾਸਲ ਕੀਤੀਆਂ। ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਖੁਸ਼ੀ ਦਾ ਇਜ਼ਹਾਰ ਕਰਤੇ ਹੋਏ ਸਮੂਹ ਮਾਪਿਆਂ ਨੂੰ ਬੱਚਿਆਂ ਦੀ ਉਪਲਬਧੀ ਉੱਤੇ ਮੁਬਾਰਕਬਾਦ ਦਿੱਤੀ। ਇਸ ਮੌਕੇ ਮੈਨੇਜਰ ਗਜਿੰਦਰ ਪਾਲ ਸਿੰਘ, ਤਰਨ ਸੈਣੀ, ਬਿਕਰਮਜੀਤ ਸਿੰਘ ਭੇਲਾ, ਅਮਰਜੀਤ ਕੌਰ ਸੈਣੀ, ਜਗਬੰਧਨ ਸਿੰਘ, ਬਲਜੀਤ, ਪਰਮਜੀਤ, ਸੁਮੀਤ, ਕੰਚਨ, ਗੁਰਪ੍ਰੀਤ, ਨੀਨਾ, ਮਨੀਸ਼ਾ, ਰੁਪਿੰਦਰ, ਅਨੁਰਾਧਾ, ਪੁਸ਼ਪਾ, ਅਮਨਜੋਤ, ਅਮਨ, ਅਮਰਪ੍ਰੀਤ, ਰਜਿੰਦਰ, ਪੂਜਾ, ਸ਼ਵੇਤਾ, ਪਰਵੀਨ, ਪ੍ਰਭਜੀਤ, ਚੇਤਨਾ, ਹਰਨਾਮ, ਈਸ਼ਾ, ਮਨਦੀਪ, ਅਮਨ ਤੇ ਹੋਰ ਸਟਾਫ ਵੀ ਮੌਜੂਦ ਸੀ।

## ਪੰਜਾਬ ਸਰਕਾਰ ਮਦਰੱਸਾ ਬੋਰਡ ਦਾ ਗਠਨ ਕਰੇ : ਹਾਜੀ ਮੁਹੰਮਦ ਪਰਵੇਜ਼ ਸਿੱਦੀਕੀ



**ਜਲੰਧਰ (ਲਖਵਿੰਦਰ ਸਿੰਘ ਆਧੀ)**- ਰਾਸ਼ਟਰੀ ਘੱਟਗਿਣਤੀ ਰਿਜ਼ਰਵ ਮੋਰਚਾ ਵੱਲੋਂ ਪੰਜਾਬ ਪ੍ਰੈੱਸ ਕਲੱਬ ਜਲੰਧਰ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਪੰਜਾਬ ਦੇ ਮੁਸਲਮਾਨ ਅਤੇ ਹੋਰ ਘੱਟਗਿਣਤੀ ਭਾਈਚਾਰਿਆਂ ਨਾਲ ਜੁੜੇ ਅਹਿਮ ਮੁੱਦੇ ਚੁੱਕੇ ਗਏ। ਰਾਸ਼ਟਰੀ ਪ੍ਰਮੁੱਖ ਮੁਸਲਮਾਨ ਵਿਦਵਾਨ, ਰਾਸ਼ਟਰੀ ਘੱਟਗਿਣਤੀ ਰਿਜ਼ਰਵ ਮੋਰਚਾ ਦੇ ਰਾਸ਼ਟਰੀ ਪ੍ਰਧਾਨ ਅਤੇ ਮਦਰੱਸਾ ਆਧੁਨਿਕੀਕਰਨ ਸਿੱਖਿਆ ਦੇ ਚੇਅਰਮੈਨ ਹਾਜੀ ਮੁਹੰਮਦ ਪਰਵੇਜ਼ ਸਿੱਦੀਕੀ ਨੇ ਪੰਜਾਬ ਸਰਕਾਰ ਤੋਂ ਮਦਰੱਸਾ ਕੌਂਸਲ ਦਾ ਜਲਦੀ ਗਠਨ ਕਰਨ, ਘੱਟਗਿਣਤੀ ਬਜਟ ਦਾ ਵੇਰਵਾ ਜਨਤਕ ਕਰਨ ਅਤੇ ਕੇਂਦਰ ਸਰਕਾਰ ਵੱਲੋਂ ਘੱਟ ਗਿਣਤੀ ਭਲਾਈ ਲਈ ਪ੍ਰਾਪਤ ਦੱਸੇ ਗਏ 5 ਕਰੋੜ ਰੁਪਏ ਦੀ ਵਰਤੋਂ ਦਾ ਹਿਸਾਬ ਦੇਣ ਦੀ ਮੰਗ ਕੀਤੀ।ਹਾਜੀ ਮੁਹੰਮਦ ਪਰਵੇਜ਼ ਸਿੱਦੀਕੀ ਨੇ ਕਿਹਾ ਕਿ ਪੰਜਾਬ ਵਿੱਚ ਮਦਰੱਸਾ ਕੌਂਸਲ ਦੇ ਗਠਨ ਦੀ ਮੰਗ ਲੰਮੇ ਸਮੇਂ ਤੋਂ ਕੀਤੀ ਜਾ ਰਹੀ ਹੈ। ਸਰਕਾਰ ਨੂੰ ਮੁਸਲਮਾਨ ਬੱਚਿਆਂ ਲਈ ਧਾਰਮਿਕ ਸਿੱਖਿਆ ਦੇ ਨਾਲ-ਨਾਲ ਆਧੁਨਿਕ ਅਤੇ ਉੱਚ ਸਿੱਖਿਆ ਦੇ ਮੌਕੇ ਵਧਾਉਣ ਚਾਹੀਦੇ ਹਨ ਅਤੇ ਯੋਗ ਮਦਰੱਸਿਆਂ ਦੇ ਆਧੁਨਿਕੀਕਰਨ ਲਈ ਸਪੱਸ਼ਟ ਨੀਤੀ ਬਣਾਉਣੀ ਚਾਹੀਦੀ ਹੈ।

ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਮੰਗਾਂ 'ਤੇ ਸਮਾਂਬੱਧ ਕਾਰਵਾਈ ਨਾ ਹੋਈ ਤਾਂ ਮੋਰਚਾ ਲੋਕਤੰਤਰੀ ਤਰੀਕੇ ਨਾਲ ਜਨ-ਅੰਦੋਲਨ ਕਰੇਗਾ।

## .ਗਲਤੀ ਦਾ ਅਹਿਸਾਸ ਕਰਵਾ ਕੇ ਲਾਏ ਜੁਰਮਾਨੇ ਦੀ ਰਕਮ ਸਮਾਜਿਕ ਸੰਸਥਾਵਾਂ ਨੂੰ ਭੇਟ

**ਖਰੜ (ਹਰਨਾਮ ਸਿੰਘ ਡੱਲਾ)**- ਦਸਮੇਸ਼ ਨਗਰ ਖਰੜ ਦੇ ਰਹਿਣ ਵਾਲੇ ਉੱਦਮੀ ਨੌਜਵਾਨ ਨੇ ਸਥਾਨਕ ਸੰਸਥਾਵਾਂ ਅਤੇ ਇੱਕ ਗੰਭੀਰ ਬਿਮਾਰੀ ਨਾਲ ਲੜ ਰਹੇ ਮਰੀਜ਼ ਨੂੰ 1 ਲੱਖ 40 ਹਜ਼ਾਰ ਰੁਪਏ ਵਿੱਤੀ ਸਹਾਇਤਾ ਦੇ ਕੇ ਇੱਕ ਵਿਲੱਖਣ ਮਿਸਾਲ ਪੇਸ਼ ਕੀਤੀ ਹੈ। ਇੱਥੋਂ ਦੀਆਂ ਵੱਖ ਵੱਖ ਸਮਾਜਿਕ ਸੰਸਥਾਵਾਂ, ਮਜ਼ਦੂਰਾਂ ਅਤੇ ਸਾਹਿਤਕ ਜਥੇਬੰਦੀਆਂ ਵਿੱਚ ਸਰਗਰਮੀ ਨਾਲ ਕੰਮ ਕਰ ਰਹੇ ਹਰਨਾਮ ਸਿੰਘ ਡੱਲਾ ਦੇ ਬੇਟੇ ਅਰਸ਼ਦੀਪ ਵਲੋਂ ਸ੍ਰੀ ਗੁਰੂ ਰਵਿਦਾਸ ਸਭਾ ਰਜਿ: ਖਰੜ ਅਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਕਲੱਬ ਨੂੰ 50-50 ਹਜ਼ਾਰ ਤੇ ਇੱਕ ਮਰੀਜ਼ ਨੂੰ 40 ਹਜ਼ਾਰ ਦੀ ਰਕਮ ਦੇ ਕੇ ਸਮਾਜਿਕ ਕਾਰਜਾਂ ਲਈ ਦਾਨ ਕਰਨਾ ਇੱਕ ਮਿਸਾਲ ਬਣ ਗਈ ਹੈ। ਪੇਸ਼ੇ ਵਜੋਂ ਪੱਤਰਕਾਰਤਾ ਕਰਦੇ ਅਰਸ਼ਦੀਪ ਨੇ ਖੂਨਦਾਨ, ਲੋੜਮੰਦਾਂ ਦੀ ਮਦਦ, ਸ਼ਹਿਰ ਦੇ ਵਿਕਾਸ ਅਤੇ ਵਿਦਿਅਕ ਸੰਸਥਾਵਾਂ ਦੇ ਗੁਣਾਤਮਕ ਸੁਧਾਰ ਲਈ ਨੌਜਵਾਨਾਂ ਨੂੰ ਪ੍ਰੇਰਨਾ ਦੇਣ ਦਾ ਬੀੜਾ ਚੁੱਕਿਆ ਹੋਇਆ ਹੈ। ਉਕਤ ਵੱਡੀ ਰਕਮ ਵੀ ਦਾਨਸ਼ਵਰ ਲੋਕਾਂ ਅਤੇ ਪੁਲਸ ਚੌਕੀ ਸੰਨੀ ਇਨਕਲੇਵ ਦੇ ਇੰਚਾਰਜ ਸੀ ਐੱਸ ਰਾਮੇਵਾਲ ਅਤੇ ਆਈ ਓ ਸੁਰਜੀਤ ਸਿੰਘ ਏ ਐੱਸ ਆਈ ਨੇ ਅਰਸ਼ਦੀਪ ਨੂੰ ਇੱਥੋਂ ਦੇ ਇੱਕ ਪਰਵਾਰ ਵੱਲੋਂ ਜਾਤੀਸੂਚਕ ਸ਼ਬਦ ਬੋਲ ਕੇ ਹੱਤਕ ਕਰਨ ਦੇ ਨਤੀਜੇ ਵਜੋਂ ਦੋਵਾਂ ਧਿਰਾਂ ਵਿੱਚ ਕੁੜੱਤਣ ਦੂਰ ਕਰਵਾ ਕੇ ਅਰਸ਼ਦੀਪ ਦੀ ਝੋਲੀ ਪਾਈ ਸੀ। ਸ੍ਰੀ ਗੁਰੂ ਰਵਿਦਾਸ ਸਭਾ ਖਰੜ ਦੇ ਪ੍ਰਧਾਨ ਮਦਨ ਲਾਲ ਜਨਾਗਲ ਨੇ ਅਰਸ਼ਦੀਪ ਦੀ ਸੋਚ ਦੀ ਸ਼ਲਾਘਾ



ਕੀਤੀ ।ਅਰਸ਼ਦੀਪ ਵੱਲੋਂ ਸ੍ਰੀ ਗੁਰੂ ਰਵਿਦਾਸ ਸਭਾ ਰਜਿ: ਖਰੜ ਦੀ ਮੀਟਿੰਗ ਵਿੱਚ ਸੌਂਪੀ ਪੰਜਾਹ ਹਜ਼ਾਰ ਰੁਪੈ ਦੀ ਰਾਸ਼ੀ ਭੇਟ ਕਰਦੇ ਸਮੇਂ ਸਰਬ ਬਲਬੀਰ ਚੰਦ, ਜੰਗ ਸਿੰਘ, ਦਿਵਾਨ ਸਿੰਘ, ਗੁਰਪ੍ਰੀਤ ਸਿੰਘ, ਸਵਰਨ ਸਿੰਘ ਬਡਵਾਲੀ, ਗੁਰਦੀਪ ਮਾਹੀ, ਸੁਖਤੇਜ ਸਿੰਘ, ਹਰਚਰਨ ਸਿੰਘ, ਚਰਨ ਸਿੰਘ ਕੰਗ, ਪਾਲ ਸਿੰਘ ਘੇੜਾ, ਹਰਨਾਮ ਸਿੰਘ ਡੱਲਾ, ਉਦਮੀ ਨੌਜਵਾਨ ਬਲਵਿੰਦਰ ਸਿੰਘ ਬੰਟੀ, ਗੁਰਜੀਤ ਸਿੰਘ, ਗੁਰਸੇਵਕ ਸਿੰਘ ਉਰਫ ਫਤਿਹ ਅਤੇ ਮਨਦੀਪ ਸਿੰਘ ਮਾਹੀ ਵੀ ਹਾਜ਼ਰ ਸਨ।

## ਲੜੋਆ ਵਿਖੇ ਛਿੰਝ ਮੇਲਾ ਕਰਵਾਇਆ

**ਬੰਗਾ (ਅਵਤਾਰ ਕਲੇਰ)** ਗੁਰਦੁਆਰਾ ਪੰਜ ਤੀਰਥ ਸਾਹਿਬ ਪਿੰਡ ਲੜੋਆ ਵਿਖੇ ਸਲਾਨਾ ਛਿੰਝ ਮੇਲਾ ਪ੍ਰਬੰਧਕ ਕਮੇਟੀ, ਐਨ ਆਰ ਆਈਜ਼, ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਛਿੰਝ ਮੇਲੇ 'ਚ



ਪਟਕੇ ਦੀ ਕੁਸ਼ਤੀ ਚੰਦੀ ਗੁੱਜਰ ਅਤੇ ਕਾਲੂ ਬਾਹੜੋਵਾਲ ਵਿਚਕਾਰ ਹੋਈ ਜਿਸ ਵਿਚ ਕਾਲੂ ਪਹਿਲਵਾਨ ਨੇ ਜਿੱਤ ਪ੍ਰਾਪਤ ਕਰਕੇ ਪਟਕਾ ਅਪਣੇ ਨਾਂਅ ਕੀਤਾ। ਦੋ ਨੰਬਰ ਦੀ ਕੁਸ਼ਤੀ ਸਿਮਰਨ ਮੁਕੰਦਪੁਰ ਅਤੇ ਅਨਮੋਲ ਵਿਚਕਾਰ ਹੋਈ ਜਿਸ ਵਿਚ ਸਿਮਰਨ ਮੁਕੰਦਪੁਰ ਨੇ ਜਿੱਤ ਪ੍ਰਾਪਤ ਕੀਤੀ। ਹੋਰ ਵੀ ਸਪੈਸ਼ਲ ਕੁਸ਼ਤੀਆਂ ਕਰਵਾਈਆਂ ਗਈਆਂ। ਪਟਕੇ ਦਾ ਪਹਿਲਾ ਇਨਾਮ ਹਰਮੇਲ ਸਿੰਘ ਯੂ ਐਸ ਏ ਵੱਲੋਂ ਦਿੱਤਾ ਗਿਆ। ਡਾ. ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ, ਸੋਹਣ ਲਾਲ ਢੰਡਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਪਵਨਦੀਪ ਸਿੰਘ ਸੰਧੂ ਹਲਕਾ ਸੰਗਠਨ ਇੰਚਾਰਜ ਬੰਗਾ ਵਿਸ਼ੇਸ਼ ਤੌਰ 'ਤੇ ਪਹੁੰਚੇ।ਡਾ. ਸੁੱਖੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਖੇਡ ਮੇਲੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਕਰਵਾਉਣੇ ਚਾਹੀਦੇ ਹਨ ਉਨ੍ਹਾਂ ਪਿੰਡ ਦੀ ਗਰਾਊਂਡ ਬਣਾਉਣ ਵਾਸਤੇ ਦੋ ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਐਲਾਨ ਕੀਤਾ। ਉਹਨਾਂ ਪ੍ਰਬੰਧਕਾਂ ਅਤੇ ਖਿਡਾਰੀਆਂ ਨੂੰ ਵਧਾਈਆਂ ਦਿੱਤੀਆਂ। ਪ੍ਰਬੰਧਕ ਕਮੇਟੀ ਵੱਲੋਂ ਡਾ. ਸੁੱਖੀ ਅਤੇ ਪਤਵੰਤੇ ਸੱਜਣਾਂ ਨੂੰ ਸਨਮਾਨਤ ਕੀਤਾ ਅਤੇ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਨੀਲਮ ਕੌਰ ਸਰਪੰਚ, ਹਰਮੇਲ ਸਿੰਘ ਸ਼ੇਰਗਿੱਲ ਯੂ ਐਸ ਏ, ਰਣਜੀਤ ਸਿੰਘ ਰਾਣਾ ਪ੍ਰਧਾਨ, ਜਸਵਿੰਦਰ ਸਿੰਘ, ਸੁਖਵਿੰਦਰ ਸਿੰਘ, ਸੁਖਜਿੰਦਰ ਸਿੰਘ, ਸਰਬਜੀਤ ਸਿੰਘ, ਕੇਵਲ ਸਿੰਘ ਫੌਜੀ, ਜਗਦੀਸ਼ ਸਿੰਘ, ਚੂਹੜ ਸਿੰਘ, ਸੁਰਜੀਤ ਸਿੰਘ, ਅਮਰਜੀਤ ਸਿੰਘ ਥਾਂਦੀ, ਬਲਵਿੰਦਰ ਸਿੰਘ, ਰਣਜੀਤ ਸਿੰਘ, ਗੁਰਮੀਤ ਰਾਮ, ਜੁਝਾਰ ਸਿੰਘ ਸ਼ੇਰਗਿੱਲ, ਸੰਤੋਖ ਸਿੰਘ ਥਾਂਦੀ, ਕੇਵਲ ਸਿੰਘ, ਗੁਰਮੀਤ ਸਿੰਘ ਸ਼ੇਰਗਿੱਲ, ਮਨਪ੍ਰੀਤ ਸਿੰਘ ਬਹਿਰੀਨ, ਪਲਵਿੰਦਰ ਪਿੰਦਾ, ਜਸਕਰਨ ਸਿੰਘ, ਅਮਰ ਨਾਥ, ਸੰਤ ਸਰਬਜੀਤ ਸਿੰਘ, ਜੋਗਿੰਦਰ ਪੰਚ, ਸੰਦੀਪ ਸ਼ਰਮਾ, ਅਵਤਾਰ ਸਿੰਘ , ਰਘਬੀਰ ਸਿੰਘ ਅਤੇ ਭਾਰੀ ਗਿਣਤੀ 'ਚ ਦਰਸ਼ਕ ਹਾਜ਼ਰ ਸਨ।

## ਬੇਦੀ 'ਆਪ' ਦੇ ਸ਼ਹੀਦ ਭਗਤ ਸਿੰਘ ਨਗਰ ਦੇ ਐਸ ਸੀ ਵਿੰਗ ਦਾ ਵਾਈਸ ਪ੍ਰਧਾਨ ਨਿਯੁਕਤ

**ਪੋਜੇਵਾਲ, ਬਲਾਚੌਰ (ਰਾਮ ਲਾਲ, ਜਸਵਿੰਦਰ ਬੈਂਸ)** ਆਮ ਆਦਮੀ ਪਾਰਟੀ ਵੱਲੋਂ ਪਾਰਟੀ ਜਥੇਬੰਦੀ ਨੂੰ ਹੋਰ ਮਜ਼ਬੂਤ ਕਰਨ ਦੇ ਮਕਸਦ ਨਾਲ ਮਨਜੀਤ ਸਿੰਘ ਬੇਦੀ ਨੂੰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਐਸ.ਸੀ. ਵਿੰਗ ਦਾ ਵਾਈਸ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਪਾਰਟੀ ਵੱਲੋਂ ਉਨ੍ਹਾਂ ਨੂੰ ਇਹ ਅਹਿਮ ਜ਼ਿੰਮੇਵਾਰੀ ਸੌਂਪੇ ਜਾਣ 'ਤੇ ਉਨ੍ਹਾਂ ਦੇ ਸਮਰਥਕਾਂ ਅਤੇ ਪਾਰਟੀ ਵਰਕਰਾਂ ਵਿੱਚ ਖ਼ੁਸ਼ੀ ਦਾ ਮਾਹੌਲ ਹੈ।ਇਸ ਮੌਕੇ ਮਨਜੀਤ ਸਿੰਘ ਬੇਦੀ ਨੇ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਵੱਲੋਂ ਉਨ੍ਹਾਂ 'ਤੇ ਜੋ ਭਰੋਸਾ ਪ੍ਰਗਟ ਕਰਦਿਆਂ ਇਹ ਜ਼ਿੰਮੇਵਾਰੀ ਸੌਂਪੀ ਗਈ ਹੈ, ਉਹ ਇਸ ਨੂੰ ਪੂਰੀ ਤਨਦੇਹੀ, ਇਮਾਨਦਾਰੀ ਅਤੇ ਮਿਹਨਤ ਨਾਲ ਨਿਭਾਉਣਗੇ। ਮਨਜੀਤ ਸਿੰਘ ਬੇਦੀ ਨੇ ਕਿਹਾ ਕਿ ਉਹ ਪਾਰਟੀ ਦੇ ਸਮੂਹ ਆਗੂਆਂ ਅਤੇ ਵਰਕਰਾਂ ਨੂੰ ਨਾਲ ਲੈ ਕੇ ਆਪਣੀ ਜ਼ਿੰਮੇਵਾਰੀ ਨਿਭਾਉਣਗੇ ਅਤੇ ਪਾਰਟੀ ਵੱਲੋਂ ਪ੍ਰਗਟਾਏ ਭਰੋਸੇ 'ਤੇ ਖਰਾ ਉਤਰਨ ਲਈ ਹਰ ਸੰਭਵ ਯਤਨ ਕਰਨਗੇ।



## ਸ੍ਰੀ ਗਣੇਸ਼ ਡਰਮਾਟਿਕ ਕਲੱਬ ਵੱਲੋਂ ਪੰਜਵੀਂ ਨਾਈਟ 'ਚ ਕੇਵਟ ਵੱਲੋਂ ਗੰਗਾ ਪਾਰ ਕਰਵਾਉਣ ਤੇ ਭਰਤ ਮਿਲਾਪ ਦਾ ਮੰਚਨ

**ਕਰਤਾਰਪੁਰ, (ਹਰਮੇਸ਼ ਦੱਤ)** ਸ੍ਰੀ ਗਣੇਸ਼ ਡਰਾਮੈਟਿਕ ਕਲੱਬ ਰਜਿਸਟਰਡ ਕਰਤਾਰਪੁਰ ਵੱਲੋਂ ਕਿਲਾ ਕੋਠੀ ਚੌਂਕ ਸਥਿਤ ਗੈਸਟ ਹਾਊਸ ਵਿਖੇ ਸ੍ਰੀ ਰਾਮਚਰਿਤ ਮੰਚਨ-2026 ਦਾ ਆਯੋਜਨ ਬੜੀ



ਧੂਮਧਾਮ ਅਤੇ ਸ਼ਰਧਾ ਨਾਲ ਕੀਤਾ ਜਾ ਰਿਹਾ ਹੈ। ਇਸੇ ਲੜੀ ਤਹਿਤ ਪੰਜਵੀਂ ਨਾਈਟ ਦਾ ਸ਼ੁਭ ਆਰੰਭ ਸ੍ਰੀ ਹਰਿਨਾਮ ਸੰਕੀਰਤਨ ਮੰਡਲ, ਐਸ.ਸੀ. ਵਿੰਗ ਕਾਂਗਰਸ ਦੇ ਚੇਅਰਮੈਨ ਹੀਰਾ ਲਾਲ ਖੋਸਲਾ, ਹਰੇ ਕ੍ਰਿਸ਼ਨਾ ਪ੍ਰਚਾਰ ਸਮਿਤੀ ਅਤੇ ਸ੍ਰੀ ਆਨੰਦਪੁਰ ਸਤਿਸੰਗ ਆਸ਼ਰਮ ਕਰਤਾਰਪੁਰ ਦੇ ਨੁਮਾਇੰਦਿਆਂ ਵੱਲੋਂ ਪ੍ਰਭੂ ਸ੍ਰੀ ਰਾਮ ਜੀ ਦੀ ਆਰਤੀ ਕਰਕੇ ਕੀਤਾ ਗਿਆ।ਪੰਜਵੀਂ ਨਾਈਟ ਦੌਰਾਨ ਕੇਵਟ ਵੱਲੋਂ ਪ੍ਰਭੂ ਸ੍ਰੀ ਰਾਮ ਜੀ, ਮਾਤਾ ਸੀਤਾ ਅਤੇ ਲਕਸ਼ਮਣ ਜੀ ਨੂੰ ਗੰਗਾ ਪਾਰ ਕਰਵਾਉਣ ਅਤੇ ਭਰਤ ਮਿਲਾਪ ਦੇ ਭਾਵੁਕ ਦ੍ਰਿਸ਼ਾਂ ਦਾ ਮੰਚਨ ਕੀਤਾ ਗਿਆ। ਕਲਾਕਾਰਾਂ ਨੇ ਆਪਣੀ ਸ਼ਾਨਦਾਰ ਅਦਾਕਾਰੀ ਰਾਹੀਂ ਇਨ੍ਹਾਂ ਧਾਰਮਿਕ ਪ੍ਰਸੰਗਾਂ ਨੂੰ ਜੀਵੰਤ ਕਰ ਦਿੱਤਾ, ਜਿਸ ਨੂੰ ਦੇਖ ਕੇ ਹਾਜ਼ਰ ਦਰਸ਼ਕ ਭਾਵੁਕ ਅਤੇ ਮੰਤਰਮੁਗਧ ਹੋ ਗਏ।ਇਸ ਮੌਕੇ ਪਹੁੰਚੇ ਮੁੱਖ ਮਹਿਮਾਨਾਂ ਨੂੰ ਕਲੱਬ ਵੱਲੋਂ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਮੰਚ ਦਾ ਸੰਚਾਲਨ ਬਨਮਾਲੀ ਕਾਂਤ ਸ਼ਰਮਾ ਨੇ ਬਾਖੂਬੀ ਨਿਭਾਇਆ।ਇਸ ਮੌਕੇ ਕਲੱਬ ਦੇ ਪ੍ਰਧਾਨ ਅਨਿਲ ਸ਼ਰਮਾ, ਸੰਸਥਾਪਕ ਮੈਂਬਰ ਸੰਜੇ ਸ਼ਰਮਾ, ਸੰਸਥਾਪਕ ਮੈਂਬਰ ਦੀਪਕ ਦੀਪਾ, ਚੇਅਰਮੈਨ ਸੰਜੀਵ ਭੱਲਾ, ਡਾਇਰੈਕਟਰ ਰਾਹੁਲ ਸ਼ਰਮਾ, ਮੰਚ ਸੰਚਾਲਕ ਬਨਮਾਲੀ ਕਾਂਤ ਸ਼ਰਮਾ, ਸੰਸਥਾਪਕ ਮੈਂਬਰ ਸੁਰਿੰਦਰ ਬਵੀ, ਸਾਹਿਲ ਭਾਰਦਵਾਜ, ਪੁਸ਼ਪਮ ਪਾਰਾਸ਼ਰ, ਅਮਿਤ ਕੁਮਾਰ, ਪਵਨ ਸ਼ਰਮਾ, ਦੀਪਕ ਸ਼ਰਮਾ, ਰਾਜੀਵ ਸ਼ਰਮਾ, ਢੋਲ ਮਾਸਟਰ ਸਮੇਤ ਹੋਰ ਪਤਵੰਤੇ ਸੱਜਣ ਮੌਜੂਦ ਸਨ।

## ਵੇਈਂ ਦੇ ਪੁਲ 'ਤੇ ਟ੍ਰੈਫਿਕ ਵਿਵਸਥਾ ਦਾ ਬੁਰਾ ਹਾਲ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਸ਼ਹਿਰ ਦੇ ਸੰਘਣੀ ਆਬਾਦੀ ਵਾਲੇ ਤਲਵੰਡੀ ਚੌਂਕ ਨੇੜੇ ਵੇਈਂ ਦੇ ਪੁਲ 'ਤੇ ਟ੍ਰੈਫਿਕ ਵਿਵਸਥਾ ਦਾ ਬੁਰਾ ਹਾਲ ਹੈ। ਪੁਲ 'ਤੇ ਹੀ ਵਾਹਨ ਖੜ੍ਹੇ ਕਰਕੇ ਮਾਲ ਦੀ ਲੋਡਿੰਗ-ਅਨਲੋਡਿੰਗ ਕੀਤੀ ਜਾ ਰਹੀ ਹੈ, ਜਿਸ ਕਾਰਨ ਆਵਾਜਾਈ ਵਿੱਚ ਵਿਘਨ ਪੈ ਰਿਹਾ ਹੈ ਅਤੇ ਕਿਸੇ ਵੀ ਸਮੇਂ ਵੱਡਾ ਹਾਦਸਾ ਵਾਪਰਨ ਦਾ ਖ਼ਤਰਾ ਬਣਿਆ ਹੋਇਆ ਹੈ। ਹੈਰਾਨੀ ਦੀ ਗੱਲ ਹੈ ਕਿ ਅਜਿਹੇ ਭੀੜ-ਭੜੱਕੇ ਵਾਲੇ ਸਥਾਨ 'ਤੇ ਨਾ ਕੋਈ ਟ੍ਰੈਫਿਕ ਮੁਲਾਜ਼ਮ ਦਿਖਾਈ ਦੇ ਰਿਹਾ ਹੈ ਅਤੇ ਨਾ ਹੀ ਪੁਲਸ ਦਾ ਕੋਈ ਨਾਕਾ ਨਜ਼ਰ ਆਉਂਦਾ ਹੈ। ਪੁਲ 'ਤੇ ਵਾਹਨ ਖੜ੍ਹੇ ਕਰਕੇ ਮਾਲ ਚੜ੍ਹਾਉਣ ਅਤੇ ਉਤਾਰਨ ਕਾਰਨ ਜਿੱਥੇ ਟ੍ਰੈਫਿਕ ਜਾਮ ਦੀ ਸਥਿਤੀ ਬਣਦੀ ਹੈ, ਉੱਥੇ ਰਾਹਗੀਰਾਂ ਦੀ ਸੁਰੱਖਿਆ ਵੀ ਖ਼ਤਰੇ ਵਿੱਚ ਪੈ ਰਹੀ ਹੈ। ਸਵਾਲ ਇਹ ਹੈ ਕਿ ਕੀ ਪ੍ਰਸ਼ਾਸਨ ਕਿਸੇ ਵੱਡੇ ਹਾਦਸੇ ਦੀ ਉਡੀਕ ਕਰ ਰਿਹਾ ਹੈ ? ਆਖ਼ਰਕਾਰ, ਰੁਝੇਵੇਂ ਵਾਲੇ ਚੌਂਕ ਅਤੇ ਪੁਲ 'ਤੇ ਲੋਡਿੰਗ-ਅਨਲੋਡਿੰਗ ਰੋਕਣ ਲਈ ਟ੍ਰੈਫਿਕ ਪੁਲਿਸ ਵੱਲੋਂ ਕਾਰਵਾਈ ਕਿਉਂ ਨਹੀਂ ਕੀਤੀ ਜਾ ਰਹੀ ? ਲੋਕਾਂ ਦੀ ਮੰਗ ਹੈ ਕਿ ਪੁਲ 'ਤੇ ਲੋਡਿੰਗ-ਅਨਲੋਡਿੰਗ 'ਤੇ ਰੋਕ ਲਗਾ ਕੇ ਟ੍ਰੈਫਿਕ ਵਿਵਸਥਾ ਸੁਚਾਰੂ ਬਣਾਈ ਜਾਵੇ, ਤਾਂ ਜੋ ਕਿਸੇ ਅਣਸੁਖਾਵੀਂ ਘਟਨਾ ਤੋਂ ਬਚਿਆ ਜਾ ਸਕੇ।ਇਸ ਮੌਕੇ ਥਾਣਾ ਮੁਖੀ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਉਹਨਾਂ ਦਾ ਫੋਨ ਨਹੀਂ ਲੱਗਿਆ।



## ਪਰਵਿੰਦਰ ਦੇ ਕਤਲ ਨੇ ਪੰਜਾਬ ਦੀ ਵਿਗੜ ਰਹੀ ਕਾਨੂੰਨ ਵਿਵਸਥਾ ਦੀ ਪੋਲ ਖੋਲੀ : ਨਰਵਾਲ



**ਅੱਡਾ ਸਰਾਂ (ਜਸਵੀਰ ਕਾਜਲ)** ਮਾਨਸਾ ਵਿਖੇ ਨਸ਼ਾ ਤਸਕਰੀ ਵਿਰੁੱਧ ਅਵਾਜ਼ ਬੁਲੰਦ ਕਰਨ ਵਾਲੇ ਸਮਾਜ ਸੇਵੀ ਪਰਵਿੰਦਰ ਸਿੰਘ ਝੋਟਾ ਦੇ ਕਥਿਤ ਕਤਲ ਦੀ ਸਖਤ ਸਬਦਾਂ ਵਿੱਚ ਨਿੰਦਾ ਕਰਦਿਆ ਸਾਬਕ ਜਿਲ੍ਹਾ ਯੂਥ ਕਾਂਗਰਸ ਪ੍ਰਧਾਨ ਹੁਸ਼ਿਆਰਪੁਰ ਐਡਵੋਕੇਟ ਦਮਨਦੀਪ ਸਿੰਘ ਬਿੱਲਾ ਨਰਵਾਲ ਸਰਪੰਚ ਦਰੀਆਂ ਨੇ ਕਿਹਾ ਕਿ ਇਸ ਘਟਨਾ ਨੇ ਪੰਜਾਬ ਦੀ ਵਿਗੜ ਰਹੀ ਕਾਨੂੰਨ ਵਿਵਸਥਾ ਦੀ ਪੋਲ ਖੋਲਕੇ ਰੱਖ ਦਿਤੀ ਹੈ। ਬਿੱਲਾ ਨਰਵਾਲ ਨੇ ਕਿਹਾ ਕਿ ਜੇਕਰ ਨਸ਼ਿਆਂ ਵਿਰੁੱਧ ਅਵਾਜ਼ ਉਠਾਉਣ ਵਾਲੇ ਸਮਾਜ ਸੇਵੀ ਹੀ ਸੁਰੱਖਿਅਤ ਨਹੀਂ ਹਨ ਤਾਂ ਆਮ ਲੋਕਾ ਦੀ ਸੁਰੱਖਿਆ ਦਾ ਅਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਬਿੱਲਾ ਨਰਵਾਲ ਨੇ ਕਿਹਾ ਕਿ ਸਰਕਾਰ ਵੱਲੋਂ ਚਲਾਈ ਜਾ ਰਹੀ, ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਬਾਵਜੂਦ ਨਸ਼ਾ ਤਸਕਰੀ ਖਿਲਾਫ਼ ਅਵਾਜ ਉਠਾਉਣ ਵਾਲੇ ਲੋਕਾਂ ਦੀ ਸੁਰੱਖਿਆ ਯਕੀਨੀ ਨਹੀਂ ਬਣਾਈ ਜਾ ਰਹੀ ਹੈ। ਉਨ੍ਹਾ ਕਿਹਾ ਜੇਕਰ ਪਰਵਿੰਦਰ ਸਿੰਘ ਝੋਟਾ ਵਾਲੀ ਸਥਿਤੀ ਬਣੀ ਰਹੀ ਤਾਂ ਨਸ਼ਿਆਂ ਦੇ ਖਿਲਾਫ਼ ਅਵਾਜ਼ ਚੱਕਣ ਵਾਲੇ ਨੌਜਵਾਨਾਂ ਵਿੱਚ ਦਹਿਸ਼ਤ ਦਾ ਮਹੌਲ ਪੈਦਾ ਹੋਵੇਗਾ। ਬਿੱਲਾ ਨਰਵਾਲ ਨੇ ਮੰਗ ਕੀਤੀ ਹੈ ਕਿ ਪਰਵਿੰਦਰ ਸਿੰਘ ਝੋਟਾ ਦੇ ਕਤਲ ਦੀ ਨਿਰਪੱਖ ਅਤੇ ਉੱਚ ਪੱਧਰੀ ਜਾਂਚ ਕਰਵਾਈ ਜਾਵੇ।

## ਸਿੱਧੂ ਨੇ ਕਿਸਾਨਾਂ ਦੀਆਂ ਮੁਸ਼ਕਲਾਂ ਨੂੰ ਲੈ ਕੇ ਅਧਿਕਾਰੀਆਂ ਨਾਲ ਕੀਤੀ ਗੱਲਬਾਤ



**ਮੋਹਾਲੀ (ਗੁਰਜੀਤ ਬਿੱਲਾ)**- ਸੀਨੀਅਰ ਕਾਂਗਰਸੀ ਆਗੂ ਅਤੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਪਿੰਡ ਭਾਗੋਮਾਜਰਾ ਦੀ ਅਨਾਜ ਮੰਡੀ ਦਾ ਦੌਰਾ ਕਰਕੇ ਕਿਸਾਨਾਂ ਦੀਆਂ ਮੁਸ਼ਕਲਾਂ ਸੁਣੀਆਂ।

ਮੰਡੀ ਵਿੱਚ ਝੋਨੇ ਦੀ ਖ਼ਰੀਦ ਅਤੇ ਲਿਫ਼ਟਿੰਗ ਵਿੱਚ ਹੋ ਰਹੀ ਦੇਰੀ ਨੂੰ ਦੇਖਦਿਆਂ ਉਨ੍ਹਾਂ ਨੇ ਡਾਇਰੈਕਟਰ ਫੂਡ ਸਪਲਾਈਜ਼, ਆਈ ਏ ਐੱਸ ਵਰਿੰਦਰ ਕੁਮਾਰ ਸ਼ਰਮਾ ਅਤੇ ਮਾਰਕਫੈੱਡ ਦੇ ਐੱਮ ਡੀ ਵਿਸ਼ੇਸ਼ ਸਾਰੰਗਲ ਨਾਲ ਫ਼ੋਨ 'ਤੇ ਗੱਲਬਾਤ ਕਰਕੇ ਕਿਸਾਨਾਂ ਦੀ ਫ਼ਸਲ ਦੀ ਜਲਦ ਖ਼ਰੀਦ ਅਤੇ ਲਿਫ਼ਟਿੰਗ ਯਕੀਨੀ ਬਣਾਉਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਸ਼ੈਲਰਾਂ ਦੀ ਅਜਾਰੇਦਾਰੀ ਅਤੇ ਖ਼ਰੀਦ ਤੇ ਲਿਫ਼ਟਿੰਗ ਨਾਲ ਜੁੜੀਆਂ ਸਮੱਸਿਆਵਾਂ ਦਾ ਖ਼ਮਿਆਜ਼ਾ ਕਿਸਾਨਾਂ ਨੂੰ ਨਹੀਂ ਭੁਗਤਣਾ ਚਾਹੀਦਾ। ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਮੰਡੀਆਂ ਵਿੱਚ ਫ਼ਸਲ ਦੀ ਚੁਕਾਈ ਸਮੇਂ ਸਿਰ ਹੋਵੇ ਅਤੇ ਕਿਸਾਨਾਂ ਨੂੰ ਆਪਣੀ ਉਪਜ ਵੇਚਣ ਲਈ ਬੇਵਜ੍ਹਾ ਉਡੀਕ ਨਾ ਕਰਨੀ ਪਵੇ। ਮੰਡੀਆਂ ਵਿੱਚ ਬਿਜਲੀ ਸਪਲਾਈ ਅਤੇ ਹੋਰ ਬੁਨਿਆਦੀ ਪ੍ਰਬੰਧਾਂ ਨੂੰ ਵੀ ਸੁਚਾਰੂ ਬਣਾਇਆ ਜਾਵੇ।ਇਸ ਮੌਕੇ ਮਾਰਕੀਟ ਕਮੇਟੀ ਖਰੜ ਦੇ ਸਾਬਕਾ ਚੇਅਰਮੈਨ ਅਤੇ ਸੀਨੀਅਰ ਕਾਂਗਰਸੀ ਆਗੂ ਹਰਕੇਸ਼ ਚੰਦ ਸ਼ਰਮਾ ਮੱਛਲੀ ਕਲਾਂ, ਬਲਜੀਤ ਸਿੰਘ ਭਾਗੋਮਾਜਰਾ, ਅਵਤਾਰ ਸਿੰਘ ਤਾਰੀ ਸਾਬਕਾ ਸਰਪੰਚ ਭਾਗੋਮਾਜਰਾ, ਭੁਪਿੰਦਰ ਸਿੰਘ ਲੰਬੜਦਾਰ ਭਾਗੋਮਾਜਰਾ, ਗਗਨਦੀਪ ਸਿੰਘ ਬੈਰੋਪੁਰ, ਚਰਨਜੀਤ ਸਿੰਘ ਮੰਗਾ ਭਾਗੋਮਾਜਰਾ ਅਤੇ ਕਰਮਜੀਤ ਸਿੰਘ ਭਾਗੋਮਾਜਰਾ ਸਮੇਤ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

## ਪੱਤਰਕਾਰ ਬਿਕਰਮਪਾਲ ਵਿੱਕੀ 'ਤੇ ਹਮਲਾ ਕਰਨ ਵਾਲਿਆਂ 'ਤੇ ਜਲਦ ਕਾਰਵਾਈ ਹੋਵੇ : ਪ੍ਰੀਤ ਸੰਗੋਜਲਾ

**ਕਪੂਰਥਲਾ (ਪ੍ਰੀਤ ਸੰਗੋਜਲਾ)**- ਮਾਨਸਾ ਵਿਖੇ ਪਰਵਿੰਦਰ ਝੋਟੇ 'ਤੇ ਹੋਏ ਹਮਲੇ ਵਿਚ ਮੌਤ ਹੋ ਜਾਣ ਕਾਰਨ 15 ਅਕਤੂਬਰ ਨੂੰ ਪੰਜਾਬ ਬੰਦ ਨੂੰ ਲੈ ਕੇ ਕਾਲ ਆਈ ਸੀ। 15 ਤਰੀਕ ਨੂੰ ਤਲਵੰਡੀ ਚੌਧਰੀਆਂ ਵਿਚ ਦੁਕਾਨਾਂ ਖੁੱਲ੍ਹੀਆਂ ਹੋਣ ਕਾਰਨ ਕਿਸਾਨ ਜਥੇਬੰਦੀਆਂ ਦੇ ਆਗੂ ਦੁਕਾਨਾਂ ਬੰਦ ਕਰਵਾਉਣ ਪੁੱਜ ਗਏ ਅਤੇ ਦੁਕਾਨਦਾਰਾਂ ਨੂੰ ਦੁਕਾਨਾਂ ਬੰਦ ਕਰਨ ਦੀ ਅਪੀਲ ਕਰਨ ਲੱਗੇ ਪਏ।

ਕਿਸਾਨ ਜਥੇਬੰਦੀਆਂ ਨਾਲ ਸਾਡੇ ਪੱਤਰਕਾਰ ਬਿਕਰਮਪਾਲ ਸਿੰਘ ਵਿੱਕੀ ਵੀ ਉਸ ਸਮੇਂ ਕਿਸਾਨ ਜਥੇਬੰਦੀਆਂ ਨਾਲ ਕਵਰੇਜ ਕਰ ਰਹੇ ਸਨ। ਜਦੋਂ ਸ਼ਹੀਦ ਊਧਮ ਸਿੰਘ ਚੌਂਕ ਕੋਲ ਪੁੱਜੇ ਤਾਂ ਇਕ ਦੁਕਾਨ ਜੋ ਖੁੱਲ੍ਹੀ ਹੋਈ ਸੀ। ਜਦੋਂ ਦੁਕਾਨ ਅਤੇ ਉਸ ਦੇ ਮਾਲਕ ਦੀ ਵੀਡੀਓਗ੍ਰਾਫੀ ਕੀਤੀ ਤਾਂ ਉਸ ਨੇ ਸਾਡੇ ਪੱਤਰਕਾਰ ਨਾਲ ਹੱਥੋਪਾਈ ਕੀਤੀ ਅਤੇ ਮੋਬਾਇਲ ਫੋਨ ਖੋਹ ਲਿਆ ਗਿਆ।ਦੁਕਾਨਾਂ ਬੰਦ ਕਰਵਾਉਣ ਵਾਲੀ ਕਿਸਾਨ ਜਥੇਬੰਦੀ ਨੇ ਫੋਨ ਵਾਪਸ ਲੈ ਕੇ ਦਿੱਤਾ। ਇਸ ਸੰਬੰਧੀ ਜਦੋਂ ਥਾਣਾ ਤਲਵੰਡੀ ਚੌਧਰੀਆਂ ਵਿਖੇ ਦਰਖਾਸਤ ਦਿੱਤੀ ਤਾਂ ਉਸ ਤੋਂ ਤੁਰੰਤ ਬਾਅਦ ਡੀ. ਐੱਸ. ਪੀ ਧਰੇਂਦਰ ਵਰਮਾ ਪੁੱਜ ਗਏ। ਜਿਨ੍ਹਾਂ ਸਾਡੇ ਕੋਲੋਂ ਇਸ ਸੰਬੰਧੀ ਜਾਣਕਾਰੀ ਹਾਸਲ ਕੀਤੀ। ਏ. ਐੱਸ. ਆਈ ਸੁਰਜੀਤ ਸਿੰਘ ਵੱਲੋਂ ਜਦੋਂ ਵਿਰੋਧੀ ਧਿਰ ਨੂੰ ਥਾਣੇ ਬੁਲਾਇਆ ਗਿਆ ਤਾਂ ਉਨ੍ਹਾਂ ਨੂੰ ਸਵਾਲ ਕਰਨ ਦੀ ਬਜਾਏ ਡੀ. ਐੱਸ. ਪੀ ਨੇ ਸਾਡੇ ਪੱਤਰਕਾਰ ਨੂੰ ਹੀ ਸਵਾਲ ਕਰਨੇ ਸ਼ੁਰੂ ਕਰ ਦਿੱਤੇ।ਜੋ ਸਵਾਲ ਡੀ. ਐੱਸ. ਪੀ ਸਵਾਲ ਕਰ ਰਿਹਾ ਸੀ ਤਾਂ ਵਿੱਕੀ ਨੇ ਕਿਹਾ ਕਿ ਇਨ੍ਹਾਂ ਸਵਾਲਾਂ ਦੇ ਜਵਾਬ ਤੁਹਾਨੂੰ ਕਿਸਾਨ ਜਥੇਬੰਦੀਆਂ ਦੇ ਸਕਦੀਆਂ ਹਨ। ਕਿਸਾਨ ਜਥੇਬੰਦੀਆਂ ਦੁਕਾਨਾਂ ਬੰਦ ਕਰਵਾ ਰਹੀਆਂ ਸਨ ਬਲਕਿ ਪੱਤਰਕਾਰ ਨਹੀਂ। ਇਹ ਸੁਣ ਕੇ ਡੀ. ਐੱਸ. ਪੀ ਵਿੱਕੀ ਪੱਤਰਕਾਰ ਨਾਲ ਤਲਖੀ ਜਿਹੀ ਨਾਲ ਕਰਨ ਲੱਗ ਪਿਆ। ਮਜਬੂਰਨ ਬਿਕਰਮਪਾਲ ਪੱਤਰਕਾਰ ਨੂੰ ਥਾਣਾ ਤਲਵੰਡੀ ਚੌਧਰੀਆਂ ਵਿਚੋਂ ਬਾਹਰ ਆਉਣਾ ਪਿਆ। ਸੁਲਤਾਨਪੁਰ ਲੋਧੀ ਦੇ ਸੀਨੀਅਰ ਪੱਤਰਕਾਰ ਬਿਕਰਮਪਾਲ ਵਿੱਕੀ ਤੇ ਹੋਇਆ ਹਮਲਾ ਅਤਿ ਨਿੰਦਣਯੋਗ ਹੈ। ਪੰਜਾਬ ਐਂਡ ਚੰਡੀਗੜ੍ਹ



ਜਰਨਲਿਸਟਸ ਯੂਨੀਅਨ (ਰਜਿ) ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦੀ ਹੈ।

ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪ੍ਰੀਤ ਸੰਗੋਜਲਾ ਜ਼ਿਲ੍ਹਾ ਪ੍ਰਧਾਨ ਕਪੂਰਥਲਾ, ਐਡਵੋਕੇਟ ਹਰਜੀਤ ਸਿੰਘ ਕਨੂੰਨੀ ਸਲਾਹਕਾਰ, ਬਰਿੰਦਰ ਚਾਨਾ ਜਨਰਲ ਸਕੱਤਰ, ਜੋਗਿੰਦਰ ਸਿੰਘ ਜਾਤੀਕੇ ਜ਼ਿਲ੍ਹਾ ਚੈਅਰਮੈਨ, ਅਵਿਨਾਸ਼ ਸ਼ਰਮਾ ਸਰਪ੍ਰਸਤ, ਸੁਖਵਿੰਦਰ ਸੋਹੀ ਉਪ ਪ੍ਰਧਾਨ, ਡਾਕਟਰ ਅਰੁਣ ਕੁਮਾਰ ਸ਼ਰਮਾ, ਐਡਵੋਕੇਟ ਪਵਨ ਕਾਲੀਆ ਕਨੂੰਨੀ ਸਲਾਹਕਾਰ, ਬਲਜੀਤ ਸਿੰਘ ਉਪ ਚੇਅਰਮੈਨ, ਅਸ਼ੋਕ ਗੋਗਨਾ, ਹਰਪ੍ਰੀਤ ਮੱਟੂ, ਅਮਨ ਕੁਮਾਰ ਹਮੀਰਾ, ਬਾਬਾ ਵਿਜੇ ਕੁਮਾਰ ਹਮੀਰਾ, ਜਤਿੰਦਰ ਫੌਜੀ, ਹਰਸ਼ ਟਾਂਡੀ, ਕਮਲ ਉੱਚਾ, ਪਰਮਜੀਤ ਸਨੀ, ਤਰਲੋਚਨ ਸਿੰਘ ਚਾਹਲ ਨੇ ਸਮੂਹ ਭਾਈਚਾਰੇ ਨੇ ਪੱਤਰਕਾਰ ਵਿੱਕੀ ਦਾ ਹਾਲ ਚਾਲ ਉਨ੍ਹਾਂ ਦੇ ਗ੍ਰਹਿ ਪਿੰਡ ਤਲਵੰਡੀ ਚੌਧਰੀਆਂ ਪੁੱਛਣ ਮੌਕੇ ਕੀਤਾ। ਇਸ ਮੌਕੇ ਪ੍ਰੀਤ ਸੰਗੋਜਲਾ, ਐਡਵੋਕੇਟ ਹਰਜੀਤ ਸਿੰਘ ਨੇ ਕਿਹਾ ਕਿ ਪੱਤਰਕਾਰਾਂ 'ਤੇ ਰੋਜ਼ਾਨਾ ਹੋ ਰਹੇ ਹਮਲੇ ਪੰਜਾਬ ਸਰਕਾਰ ਅਤੇ ਪੰਜਾਬ ਪੁਲਸ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਵਾਉਣਾ ਚਾਹੀਦਾ ਹੈ । ਉਹਨਾਂ ਕਿਹਾ ਕਿ ਜੇਕਰ ਤਲਵੰਡੀ ਚੌਧਰੀਆਂ ਕਪੂਰਥਲਾ ਪੁਲਸ ਵੱਲੋਂ ਦੋਸ਼ੀ ਨੂੰ ਸਖ਼ਤ ਸਜ਼ਾਵਾਂ ਨਾ ਦਿੱਤੀਆਂ ਗਈਆਂ ਤਾਂ ਪ੍ਰੀਤ ਸੰਗੋਜਲਾ , ਐਡਵੋਕੇਟ ਹਰਜੀਤ ਸਿੰਘ ਕਨੂੰਨੀ ਸਲਾਹਕਾਰ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟਸ ਯੂਨੀਅਨ ਦੀ ਅਗਵਾਈ ਹੇਠ ਵੱਡਾ ਸੰਘਰਸ਼ ਕੀਤਾ ਜਾਵੇਗਾ ਅਤੇ ਬਹੁਤ ਜਲਦ ਜ਼ਿਲ੍ਹਾ ਕਪੂਰਥਲਾ ਦੇ ਸਮੂਹ ਪੱਤਰਕਾਰ ਭਾਈਚਾਰੇ ਦੀ ਮੀਟਿੰਗ ਬੁਲਾਈ ਜਾਵੇਗੀ।

## 5 ਜੀ ਟੈਕਨਾਲੋਜੀ ਦਾ ਨਵਾਂ ਨੋਵਾ ਪ੍ਰੋ-2

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** : Ai+ ਸਮਾਰਟ ਫੋਨ ਅਸਲ ਉਪਭੋਗਤਾਵਾਂ ਦੇ ਫੀਡਬੈਕ ਨੂੰ ਉਤਪਾਦ ਅਤੇ ਸੇਵਾ ਸੁਧਾਰਾਂ ਵਿੱਚ ਸ਼ਾਮਲ ਕਰਕੇ ਆਪਣੀ ਗਾਹਕ-ਪਹਿਲਾਂ ਪਹੁੰਚ ਨੂੰ ਹੋਰ ਮਜ਼ਬੂਤ ਕਰ ਰਿਹਾ ਹੈ।ਗਾਹਕਾਂ ਦੀਆਂ ਸਮੀਖਿਆਵਾਂ, ਰੋਜ਼ਾਨਾ ਡਿਵਾਈਸ ਵਰਤੋਂ ਅਤੇ ਵਿਕਰੀ-ਤੋਂ-ਬਾਅਦ ਦੀ ਗੱਲਬਾਤ ਤੋਂ ਮਿਲੀ ਜਾਣਕਾਰੀ ਦੇ ਆਧਾਰ 'ਤੇ, ਬ੍ਰਾਂਡ ਸੌਫਟਵੇਅਰ ਅੱਪਡੇਟਾਂ, ਵਧੇਰੇ ਡੂੰਘੀ ਜਾਂਚ ਅਤੇ ਵਧੇਰੇ ਤੇਜ਼ ਗਾਹਕ ਸਹਾਇਤਾ ਰਾਹੀਂ ਕੈਮਰਾ ਸਥਿਰਤਾ, ਕਨੈਕਟੀਵਿਟੀ ਅਤੇ ਪਰਫਾਰਮੈਂਸ ਨਾਲ ਸਬੰਧਤ ਚਿੰਤਾਵਾਂ ਨੂੰ ਹੱਲ ਕਰ ਰਿਹਾ ਹੈ।ਭਵਿੱਖ ਦੇ ਡਿਵਾਈਸਾਂ ਦੁਆਰਾ ਦਿੱਤੇ ਜਾਣ ਵਾਲੇ ਅਨੁਭਵ ਨੂੰ ਮਜ਼ਬੂਤ ਕਰਨ ਲਈ ਇਨ੍ਹਾਂ ਜਾਣਕਾਰੀਆਂ ਨੂੰ ਉਤਪਾਦ ਸਮੀਖਿਆਵਾਂ ਅਤੇ ਲਾਂਚ ਤੋਂ ਪਹਿਲਾਂ ਦੀ ਜਾਂਚ ਦੌਰਾਨ ਵੀ ਧਿਆਨ ਵਿੱਚ ਰੱਖਿਆ ਜਾ ਰਿਹਾ ਹੈ।

## ਫੁੱਲਾਂ ਤੇ ਦਵਾਈਆਂ ਦੇ ਬੂਟੇ ਲਗਾਏ

**ਜਲੰਧਰ (ਰਾਜੇਸ਼ ਥਾਪਾ)**- ਚੜ੍ਹਦੀ ਕਲਾ ਸਪੋਰਟਸ ਐਂਡ ਯੂਥ ਕਲੱਬ ਕੋਟ ਖੁਰਦ ਜਲੰਧਰ ਵੱਲੋਂ ਮਾਈ ਭਾਰਤ ਜ਼ਿਲ੍ਹਾ ਕਪੂਰਥਲਾ ਦੇ ਸਹਿਯੋਗ ਨਾਲ ਸਕੂਲ ਆਫ ਐਮੀਨੈਂਸ ਕਪੂਰਥਲਾ ਵਿੱਚ ਫੁੱਲਾਂ ਅਤੇ ਦਵਾਈਆਂ ਵਾਲੇ 50 ਬੂਟੇ ਲਗਾਏ ਗਏ ਅਤੇ ਵਿਦਿਆਰਥੀਆਂ ਨੂੰ ਬੂਟੇ ਲਗਾਉਣ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਵਿਦਿਆਰਥੀਆਂ ਵਿਚ ਬਹੁਤ ਉਤਸ਼ਾਹ ਦੇਖਣ ਨੂੰ ਮਿਲਿਆ। ਕਲੱਬ ਦੀ ਪ੍ਰਧਾਨ ਗੁਰਪਵਨ ਕੌਰ ਦੇ ਦੱਸਣ ਮੁਤਾਬਕ ਇਸ ਖਾਸ ਮੌਕੇ 'ਤੇ ਜ਼ਿਲ੍ਹਾ ਯੂਥ ਅਫ਼ਸਰ ਕਪੂਰਥਲਾ ਮੈਡਮ ਗਗਨਦੀਪ ਕੌਰ, ਸੌਰਵਦੀਪ ਸਿੰਘ, ਸਕੂਲ ਆਫ ਐਮੀਨੈਂਸ ਕਪੂਰਥਲਾ ਦਾ ਸਮੂਹ ਸਟਾਫ ਹਾਜ਼ਰ ਸੀ। ਕਲੱਬ ਦੀ ਚੇਅਰਪਰਸਨ ਹਰਵਿੰਦਰ ਕੌਰ ਨੇ ਇਸ ਮੌਕੇ ਤੇ ਹਾਜ਼ਰ ਵਿਦਿਆਰਥੀਆਂ, ਸਮੂਹ ਸਕੂਲ ਸਟਾਫ ਅਤੇ ਮੇਰਾ ਭਾਰਤ ਜ਼ਿਲ੍ਹਾ ਕਪੂਰਥਲਾ ਵੱਲੋਂ ਆਏ ਹੋਏ ਸਤਿਕਾਰਯੋਗ ਪ੍ਰਤੀਨਿਧੀਆਂ ਦਾ ਧੰਨਵਾਦ ਕੀਤਾ । ਕਲੱਬ ਵੱਲੋਂ ਇਹ ਪ੍ਰਣ ਕੀਤਾ ਗਿਆ ਕਿ ਇਹ ਸੇਵਾ ਹਰ ਸਾਲ ਇਸੇ ਤਰ੍ਹਾਂ ਜਾਰੀ ਰਹੇਗੀ ਅਤੇ ਕਲੀਨ ਇੰਡੀਆ ਗਰੀਨ ਇੰਡੀਆ ਨਾਲ-ਨਾਲ ਆਯੁਰਵੇਦਾ ਨੂੰ ਵੀ ਪ੍ਰਫੁੱਲਿਤ ਕੀਤਾ ਜਾਂਦਾ ਰਹੇਗਾ।




## ਟੇਬਲ ਟੈਨਿਸ ਮੁਕਾਬਲਿਆਂ 'ਚ ਜਲੰਧਰ ਦੀ ਟੀਮ ਨੇ ਇੱਕ ਸੋਨੇ ਤੇ ਦੋ ਚਾਂਦੀ ਦੇ ਤਗਮੇ ਜਿੱਤੇ



**ਜਲੰਧਰ (ਸੁਰਿੰਦਰ ਕੁਮਾਰ, ਸ਼ੈਲੀ ਐਲਬਰਟ)** ਖੇਡਾਂ ਵਤਨ ਪੰਜਾਬ ਦੀਆਂ ਸੀਜ਼ਨ-4 ਸਟੇਟ ਗੇਮਜ਼ ਦੌਰਾਨ ਜਲੰਧਰ ਵਿਖੇ ਕਰਵਾਈਆਂ ਜਾ ਰਹੀਆਂ ਵੱਖ-ਵੱਖ ਖੇਡਾਂ ਤਹਿਤ ਟੇਬਲ ਟੈਨਿਸ ਦੇ ਮੁਕਾਬਲੇ ਕਰਵਾਏ ਗਏ।ਇਹਨਾਂ ਮੁਕਾਬਲਿਆਂ ਦੌਰਾਨ ਹਲਕਾ ਇੰਚਾਰਜ ਅਤੇ ਸੀਨੀਅਰ ਆਪ ਆਗੂ ਨਿਤਿਨ ਕੋਹਲੀ ਵਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦਿਆਂ ਜੇਤੂ ਖਿਡਾਰੀਆਂ ਨੂੰ ਮੈਡਲ ਪ੍ਰਦਾਨ ਕੀਤੇ ਗਏ।ਉਨ੍ਹਾਂ ਨੇ ਖਿਡਾਰੀਆਂ ਨੂੰ ਅਸੀਰਵਾਦ ਦਿੰਦਿਆਂ ਭਵਿੱਖ ਵਿੱਚ ਹੋਰ ਵਧੀਆ ਖੇਡ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ।ਟੈਨਿਸ ਮੁਕਾਬਲਿਆਂ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਖੇਡ ਅਫ਼ਸਰ ਗੁਰਪ੍ਰੀਤ ਸਿੰਘ ਬਾਜਵਾ ਨੇ ਦੱਸਿਆ ਕਿ ਅੰਡਰ-14 ਲੜਕੇ ਵਿੱਚ ਅੰਮ੍ਰਿਤਸਰ ਨੇ ਪਹਿਲਾ, ਲੁਧਿਆਣਾ ਨੇ ਦੂਜਾ ਅਤੇ ਜਲੰਧਰ ਤੇ ਪਟਿਆਲਾ ਨੇ ਸਾਂਝੇ ਤੌਰ 'ਤੇ ਤੀਜਾ ਸਥਾਨ ਹਾਸਿਲ ਕੀਤਾ। ਇਸੇ ਤਰ੍ਹਾਂ ਅੰਡਰ-17 ਲੜਕੇ ਵਿੱਚ ਅੰਮ੍ਰਿਤਸਰ ਨੇ ਪਹਿਲਾ, ਪਟਿਆਲਾ ਨੇ ਦੂਜਾ ਅਤੇ ਜਲੰਧਰ ਤੇ ਲੁਧਿਆਣਾ ਨੇ ਸਾਂਝੇ ਤੌਰ 'ਤੇ ਤੀਜਾ ਸਥਾਨ ਹਾਸਲ ਕੀਤਾ।ਅੰਡਰ 21 ਤੋਂ 30 ਸਾਲ ਪੁਰਸ਼ ਵਰਗ ਵਿੱਚ ਜਲੰਧਰ ਨੇ ਪਹਿਲਾ, ਪਟਿਆਲਾ ਨੇ ਦੂਜਾ ਅਤੇ ਅੰਮ੍ਰਿਤਸਰ ਤੇ ਬਰਨਾਲਾ ਨੇ ਸਾਂਝੇ ਤੌਰ ''ਤੇ ਤੀਜਾ ਸਥਾਨ ਹਾਸਿਲ ਕੀਤਾ।ਉਨ੍ਹਾਂ ਦੱਸਿਆ ਕਿ ਟੇਬਲ ਟੈਨਿਸ ਮੁਕਾਬਲਿਆਂ ਵਿੱਚ ਜਲੰਧਰ ਦੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਇੱਕ ਸੋਨੇ ਦਾ ਅਤੇ ਦੋ ਚਾਂਦੀ ਦੇ ਤਗਮੇ ਪ੍ਰਾਪਤ ਕੀਤੇ ਅਤੇ ਇਹ ਪ੍ਰਾਪਤੀ ਜਲੰਧਰ ਜ਼ਿਲ੍ਹੇ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਨੇ ਖਿਡਾਰੀਆਂ ਨੂੰ ਇਸੇ ਤਰ੍ਹਾਂ ਮਿਹਨਤ ਅਤੇ ਲਗਨ ਨਾਲ ਖੇਡਾਂ ਵਿੱਚ ਅੱਗੇ ਵਧਣ ਲਈ ਉਤਸ਼ਾਹਿਤ ਕੀਤਾ ਗਿਆ।

## ਕੌਮੀ ਲੋਕ ਅਦਾਲਤ 12 ਦਸੰਬਰ ਨੂੰ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਦੀ ਤਿਮਾਹੀ ਮੀਟਿੰਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਰਜਿੰਦਰ ਅਗਰਵਾਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ 1 ਜੁਲਾਈ ਤੋਂ 30 ਸਤੰਬਰ ਤੱਕ ਅਥਾਰਟੀ ਵੱਲੋਂ ਪ੍ਰਦਾਨ ਕੀਤੀ ਗਈ ਮੁਫ਼ਤ ਕਾਨੂੰਨੀ ਸਹਾਇਤਾ, ਕਾਨੂੰਨੀ ਸਲਾਹ, ਕਾਨੂੰਨੀ ਜਾਗਰੂਕਤਾ ਸੈਮੀਨਾਰਾਂ, ਵਿਚੋਲਗੀ ਅਤੇ ਸੁਲ੍ਹਾ ਕੇਂਦਰ ਵਿੱਚ ਮਾਮਲਿਆਂ ਦੇ ਨਿਪਟਾਰੇ ਅਤੇ ਲੋਕ ਅਦਾਲਤਾਂ ਦੇ ਕੰਮਕਾਜ ਦੀ ਸਮੀਖਿਆ ਕੀਤੀ ਗਈ। ਮੀਟਿੰਗ ਵਿੱਚ ਦੱਸਿਆ ਗਿਆ ਕਿ ਉਕਤ ਤਿਮਾਹੀ ਦੌਰਾਨ ਹੁਸ਼ਿਆਰਪੁਰ ਵਿੱਚ ਪੈਨਲ ਵਕੀਲਾਂ, ਡਿਫੈਂਸ ਕੌਂਸਲ ਅਤੇ ਪ੍ਰੋ ਬੋਨੋ ਵਕੀਲਾਂ ਰਾਹੀਂ ਕੁੱਲ 167 ਵਿਅਕਤੀਆਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਦਾਨ ਕੀਤੀ ਗਈ। ਇਨ੍ਹਾਂ ਵਿੱਚੋਂ ਪੈਨਲ ਵਕੀਲਾਂ ਰਾਹੀਂ 70 ਅਤੇ ਡਿਫੈਂਸ ਕੌਂਸਲ/ਪ੍ਰੋ ਬੋਨੋ ਵਕੀਲਾਂ ਰਾਹੀਂ 97 ਵਿਅਕਤੀਆਂ ਨੂੰ ਕਾਨੂੰਨੀ ਸਹਾਇਤਾ ਦਿੱਤੀ ਗਈ। ਇਸ ਤੋਂ ਇਲਾਵਾ, 97 ਵਿਅਕਤੀਆਂ ਨੂੰ ਕਾਨੂੰਨੀ ਸਲਾਹ ਪ੍ਰਦਾਨ ਕੀਤੀ ਗਈ ਅਤੇ ਆਮ ਲੋਕਾਂ ਨੂੰ ਉਨ੍ਹਾਂ ਦੇ ਕਾਨੂੰਨੀ ਅਧਿਕਾਰਾਂ ਅਤੇ ਕਾਨੂੰਨੀ ਸੇਵਾਵਾਂ ਪ੍ਰਤੀ ਜਾਗਰੂਕ ਕਰਨ ਲਈ 182 ਸੈਮੀਨਾਰ ਕਰਵਾਏ ਗਏ। ਮੀਟਿੰਗ ਵਿੱਚ ਇਹ ਵੀ ਦੱਸਿਆ ਗਿਆ ਕਿ ਤਿਮਾਹੀ ਦੌਰਾਨ ਵਿਚੋਲਗੀ ਅਤੇ ਸੁਲ੍ਹਾ ਕੇਂਦਰ ਵਿੱਚ 33 ਮਾਮਲਿਆਂ ਦਾ ਨਿਪਟਾਰਾ ਕੀਤਾ ਗਿਆ। ਪੀੜਤ ਮੁਆਵਜ਼ਾ ਯੋਜਨਾ ਤਹਿਤ 6 ਮਾਮਲਿਆਂ ਦਾ ਨਿਪਟਾਰਾ ਕਰਦਿਆਂ ਕੁੱਲ 20,50,000 ਰੁਪਏ ਦੇ ਮੁਆਵਜ਼ੇ ਦੇ ਅਵਾਰਡ ਪਾਸ ਕੀਤੇ ਗਏ। ਇਸ ਤੋਂ ਇਲਾਵਾ, ਕੈਂਪ ਕੋਰਟ ਰਾਹੀਂ 10 ਮਾਮਲਿਆਂ ਦਾ ਨਿਪਟਾਰਾ ਕੀਤਾ ਗਿਆ ਜਾਂ ਸਬੰਧਤ ਵਿਅਕਤੀਆਂ ਨੂੰ ਰਿਹਾਅ ਕੀਤਾ ਗਿਆ। 18 ਜੁਲਾਈ 2026 ਨੂੰ ਲਗਾਈ ਗਈ ਵਿਸ਼ੇਸ਼ ਲੋਕ ਅਦਾਲਤ ਦੌਰਾਨ ਕੁੱਲ 400 ਮਾਮਲੇ ਸੁਣਵਾਈ ਲਈ ਰੱਖੇ ਗਏ, ਜਿਨ੍ਹਾਂ ਵਿੱਚੋਂ 76 ਮਾਮਲਿਆਂ ਦਾ ਨਿਪਟਾਰਾ ਕੀਤਾ ਗਿਆ। ਇਨ੍ਹਾਂ ਮਾਮਲਿਆਂ ਵਿੱਚ ਕੁੱਲ 2,08,45,830 ਰੁਪਏ ਦੀ ਰਕਮ ਦਾ ਸਮਝੌਤਾ ਹੋਇਆ। ਜ਼ਿਲ੍ਹਾ ਅਤੇ ਸੈਸ਼ਨ ਜੱਜ ਨੇ ਆਉਣ ਵਾਲੀਆਂ ਲੋਕ ਅਦਾਲਤਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ 21 ਨਵੰਬਰ ਨੂੰ ਚੈੱਕ ਬਾਊਂਸ ਨਾਲ ਸਬੰਧਤ ਮਾਮਲਿਆਂ ਦੇ ਨਿਪਟਾਰੇ ਲਈ ਵਿਸ਼ੇਸ਼ ਲੋਕ ਅਦਾਲਤ ਲਗਾਈ ਜਾਵੇਗੀ। ਇਸ ਤੋਂ ਬਾਅਦ 12 ਦਸੰਬਰ ਨੂੰ ਕੌਮੀ ਲੋਕ ਅਦਾਲਤ ਲਗਾਈ ਜਾਵੇਗੀ। ਮੀਟਿੰਗ ਵਿੱਚ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਗੁਰਮੋਹਨ ਸਿੰਘ, ਸੀਜੇਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੀਰਜ ਗੋਇਲ, ਸੀ ਜੇ ਐਮ ਅਜੈਪਾਲ ਸਿੰਘ, ਸਹਾਇਕ ਕਮਿਸ਼ਨਰ ਗੁਰਪ੍ਰੀਤ ਕੌਰ, ਜੇਲ੍ਹ ਸੁਪਰਡੈਂਟ ਹਰਚਰਨ ਸਿੰਘ ਗਿੱਲ, ਡਿਪਟੀ ਅਟਾਰਨੀ ਜਨਰਲ ਪਵਨਪ੍ਰੀਤ ਸਿੰਘ, ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਸਕੱਤਰ ਪੀ.ਐਸ. ਕੰਗ, ਦਰਸ਼ਨ ਕੌਸ਼ਲ ਅਤੇ ਸਹਾਇਕ ਲੋਕ ਸੰਪਰਕ ਅਧਿਕਾਰੀ ਲੋਕੇਸ਼ ਕੁਮਾਰ ਸਮੇਤ ਹੋਰ ਅਧਿਕਾਰੀ ਵੀ ਹਾਜ਼ਰ ਸਨ।

## ਟਕਾਰਲਾ ਵਿਖੇ ਬਲਾਕ ਪੱਧਰੀ ਖੇਡਾਂ ਦਾ ਸ਼ਾਨਦਾਰ ਆਗਾਜ਼



**ਪੋਜੇਵਾਲ (ਰਾਮ ਲਾਲ)**- ਸਰਕਾਰੀ ਪ੍ਰਾਇਮਰੀ ਸਕੂਲ ਟਕਾਰਲਾ ਵਿਖੇ ਬਲਾਕ ਬਲਾਚੌਰ-1 ਦੀਆਂ ਪ੍ਰਾਇਮਰੀ ਸਕੂਲਾਂ ਦੀਆਂ ਬਲਾਕ ਪੱਧਰੀ ਖੇਡਾਂ ਦਾ ਸ਼ਾਨਦਾਰ ਆਗਾਜ਼ ਹੋਇਆ। ਇਹਨਾਂ ਖੇਡਾਂ ਦਾ ਉਦਘਾਟਨ ਠੇਕੇਦਾਰ ਭਜਨ ਲਾਲ, ਜੀਤ ਰਾਮ ਨੰਬਰਦਾਰ, ਹੈੱਡ ਮਿਸਟ੍ਰੈਸ ਕਿਰਨਾ ਦੇਵੀ, ਬਲਾਕ ਨੋਡਲ ਅਫਸਰ ਅਮਨਦੀਪ ਸਿੰਘ ਕਲੇਰ, ਸੈਂਟਰ ਹੈੱਡ ਟੀਚਰ ਕਮਲਦੀਪ ਚੌਧਰੀ, ਸੀ ਐੱਚ ਟੀ ਰਾਕੇਸ਼ ਭੂੰਬਲਾ, ਸੀ ਐੱਚ ਟੀ. ਕਮਲੇਸ਼ ਰਾਣੀ ਅਤੇ ਨੌਗੱਜਾ ਸਪੋਰਟਸ ਕਲੱਬ ਦੇ ਪ੍ਰਧਾਨ ਰਾਕੇਸ਼ ਫ਼ੌਜੀ ਵਲੋਂ ਸਾਂਝੇ ਤੌਰ ਤੇ ਕੀਤਾ ਗਿਆ। ਇਸ ਮੌਕੇ ਵੱਖ-ਵੱਖ ਸੈਂਟਰਾਂ ਅਧੀਨ ਪੈਂਦੇ ਸਕੂਲਾਂ ਦੇ ਵਿਦਿਆਰਥੀਆਂ ਨੇ ਕਬੱਡੀ ਨੈਸ਼ਨਲ ਸਟਾਇਲ, ਕਬੱਡੀ ਪੰਜਾਬ ਸਟਾਈਲ, ਖੋ-ਖੋ, ਬੈਡਮਿੰਟਨ, ਸ਼ਤਰੰਜ ਆਦਿ ਖੇਡਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲਿਆ। ਪਿੰਡ ਵਾਸੀਆਂ ਤੇ ਪਤਵੰਤਿਆਂ ਨੇ ਲੜਕਿਆਂ ਦੀਆਂ ਖੇਡਾਂ ਦਾ ਖ਼ੂਬ ਅਨੰਦ ਮਾਣਿਆ। ਇਸ ਮੌਕੇ ਮਾ: ਰਾਜ ਭਾਟੀਆ ਸਟੇਟ ਐਵਾਰਡੀ, ਸਟੇਟ ਐਵਾਰਡੀ ਬਲਜਿੰਦਰ ਸਿੰਘ ਵਿਰਕ ਜ਼ਿਲ੍ਹਾ ਕੋਆਰਡੀਨੇਟਰ ਸਮਾਰਟ ਸਕੂਲ ਪ੍ਰੋਜੈਕਟ, ਮਾ: ਰਵਿੰਦਰ ਸੂਰਾਪੁਰੀ, ਗਿਆਨ ਸਿੰਘ ਕਟਾਰੀਆ, ਅਸ਼ਵਨੀ ਭੂੰਬਲਾ, ਅਜੇ ਪਾਲ ਥੋਪੀਆ, ਯਸ਼ਪਾਲ ਉਧਨਵਾਲ, ਪਰਮਿੰਦਰ ਸਿੰਘ ਕਟਾਰੀਆ, ਸੁਰਿੰਦਰ ਉਧਨਵਾਲ,ਜਤਿੰਦਰ ਕੁਮਾਰ, ਹਰਨੇਕ ਸਿੰਘ, ਚੰਦਰ ਦੇਵ, ਰਵਿੰਦਰ ਕੁਮਾਰ, ਚਰਨਜੀਤ ਸਿੰਘ ਸਿਆਣ, ਧਰਮ ਪਾਲ, ਦਲਜੀਤ ਕੌਰ, ਪੂਨਮ ਰਾਣਾ, ਵੀਨਾ ਰਾਣੀ, ਪ੍ਰਿੰਸ ਕੁਮਾਰ, ਨਰਿੰਦਰ ਕੁਮਾਰ, ਰਾਮ ਕੁਮਾਰ, ਜਸ਼ਨਦੀਪ ਸਿੰਘ,ਮੈਡਮ ਸਪਨਾ ਚੌਧਰੀ, ਸਰੋਜ ਰਾਣੀ, ਮੋਨਿਕਾ ਰਾਣੀ, ਜਸਵਿੰਦਰ ਸਿੰਘ ਸਮੇਤ ਵੱਖ ਵੱਖ ਸਕੂਲਾਂ ਦੇ ਅਧਿਆਪਕ ਤੇ ਪਿੰਡ ਵਾਸੀ ਪਤਵੰਤੇ ਹਾਜ਼ਰ ਸਨ।

## 56 ਐੱਲ ਪੀ ਯੂ ਫੈਕਲਟੀ ਮੈਂਬਰਾਂ ਨੂੰ ਚੋਟੀ ਦੇ 2 ਫੀਸਦੀ ਵਿਗਿਆਨੀਆਂ 'ਚ ਦਰਜਾ

**ਜਲੰਧਰ ( ਸ਼ੈਲੀ ਐਲਬਰਟ)**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਨੇ ਖੋਜ ਦੇ ਇੱਕ ਗਲੋਬਲ ਕੇਂਦਰ ਵਜੋਂ ਆਪਣੀ ਸਥਿਤੀ ਨੂੰ ਹੋਰ ਮਜ਼ਬੂਤ ਕੀਤਾ ਹੈ, ਇਸ ਦੇ 56 ਫੈਕਲਟੀ ਮੈਂਬਰਾਂ ਨੂੰ ਸਟੈਨਫੋਰਡ-ਐਲਸੇਵੀਅਰ 2026 ਰੈਂਕਿੰਗ ਦੇ ਅਨੁਸਾਰ, ਦੁਨੀਆ ਦੇ ਚੋਟੀ ਦੇ 2% ਵਿਗਿਆਨੀਆਂ ਵਿੱਚ ਦਰਜਾ ਦਿੱਤਾ ਗਿਆ ਹੈ। ਇਹ ਮਾਨਤਾ ਯੂਨੀਵਰਸਿਟੀ ਦੇ ਵਿਭਿੰਨ ਖੇਤਰਾਂ ਵਿੱਚ ਵਿਗਿਆਨਕ ਪ੍ਰਗਤੀ ਵਿੱਚ ਨਿਰੰਤਰ ਯੋਗਦਾਨ ਨੂੰ ਦਰਸਾਉਂਦੀ ਹੈ; 23 ਫੈਕਲਟੀ ਮੈਂਬਰਾਂ ਨੂੰ ਆਪਣੇ-ਆਪਣੇ ਖੋਜ ਖੇਤਰਾਂ ਵਿੱਚ ਚੋਟੀ ਦੇ 100 ਵਿੱਚ ਅਤੇ 9 ਨੂੰ ਚੋਟੀ ਦੇ 50 ਵਿੱਚ ਦਰਜਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ, ਯੂਨੀਵਰਸਿਟੀ ਦੇ 12 ਫੈਕਲਟੀ ਮੈਂਬਰਾਂ ਨੂੰ ਕਰੀਅਰ-ਲੌਂਗ ਇਮਪੈਕਟ ਰੈਂਕਿੰਗ ਵਿੱਚ ਮਾਨਤਾ ਦਿੱਤੀ ਗਈ ਹੈ, ਜੋ ਉਨ੍ਹਾਂ ਦੀ ਖੋਜ ਦੇ ਲੰਬੇ ਸਮੇਂ ਤੱਕ ਚੱਲਣ ਵਾਲੇ ਪ੍ਰਭਾਵ ਨੂੰ ਦਰਸਾਉਂਦੀ ਹੈ। ਸਟੈਨਫੋਰਡ-ਐਲਸੇਵੀਅਰ ਰੈਂਕਿੰਗ ਖੋਜਕਰਤਾਵਾਂ ਦਾ ਮੁਲਾਂਕਣ ਮਿਆਰੀ ਹਵਾਲਾ ਸੂਚਕਾਂ, ਐਚ-ਇੰਡੈਕਸ, ਅਤੇ ਖੋਜ ਪ੍ਰਭਾਵ ਨੂੰ ਮਾਪਣ ਵਾਲੇ ਹੋਰ ਮਾਪਦੰਡਾਂ ਦੇ ਆਧਾਰ 'ਤੇ ਕਰਦੀ ਹੈ। ਐਲ ਪੀ ਯੂ ਲਈ ਇਹ ਨਵੀਂ ਪ੍ਰਾਪਤੀ ਖੋਜ ਈਕੋਸਿਸਟਮ ਦੇ ਵਿਸਥਾਰ ਅਤੇ ਵਿਸ਼ਵ ਪੱਧਰ 'ਤੇ ਇਸ ਦੇ ਫੈਕਲਟੀ ਮੈਂਬਰਾਂ ਦੇ ਅਕਾਦਮਿਕ ਯੋਗਦਾਨ ਦੀ ਵਧਦੀ ਮਾਨਤਾ ਦੋਵਾਂ ਨੂੰ ਦਰਸਾਉਂਦੀ ਹੈ ਇਸ ਪ੍ਰਾਪਤੀ 'ਤੇ ਪੁਰਸਕਾਰ ਜੇਤੂਆਂ ਨੂੰ ਵਧਾਈ ਦਿੰਦੇ ਹੋਏ, ਐਲ ਪੀ ਯੂ ਦੇ ਸੰਸਥਾਪਕ ਚਾਂਸਲਰ ਅਤੇ ਸੰਸਦ ਮੈਂਬਰ (ਰਾਜ ਸਭਾ) ਡਾ. ਅਸ਼ੋਕ ਕੁਮਾਰ ਮਿੱਤਲ ਨੇ ਕਿਹਾ, ਇਹ ਪ੍ਰਾਪਤੀ ਐਲ ਪੀ ਯੂ ਦੇ ਖੋਜਕਰਤਾਵਾਂ ਦੇ ਸਮਰਪਣ ਨੂੰ ਦਰਸਾਉਂਦੀ ਹੈ ਜੋ ਆਪਣੇ ਕੰਮ ਦੁਆਰਾ ਗਿਆਨ ਦੀਆਂ ਸੀਮਾਵਾਂ ਨੂੰ ਲਗਾਤਾਰ ਵਧਾ ਰਹੇ ਹਨ।




## ਸਾਨੂੰ ਪ੍ਰਭੂ ਰਾਮ ਦੀਆਂ ਸਿੱਖਿਆਵਾਂ 'ਤੇ ਚੱਲਣਾ ਚਾਹੀਦੈ : ਜਿੰਮੀ ਖੰਨਾ, ਦੀਪਕ ਬਹਿਲ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਪੰਡਤ ਮਿਥਲੇਸ਼)**- ਬੁਰਾਈ 'ਤੇ ਸੱਚਾਈ ਦਾ ਪ੍ਰਤੀਕ ਦੁਸਹਿਰਾ ਉਤਸਵ ਸਬੰਧੀ ਦਸਹਿਰਾ ਕਮੇਟੀ ਦੇ



ਪ੍ਰਧਾਨ ਸ਼ੁਭਮ ਬਿੱਲਾ ਦੀ ਅਗਵਾਈ ਅਤੇ ਦੀਪਕ ਮਾਹਲਾ, ਅੰਮ੍ਰਿਤ ਪਾਲ ਬਾਜਵਾ ਤੇ ਸੁਮਿਤ ਗੁਪਤਾ ਦੀ ਦੇਖ ਰੇਖ ਵਿੱਚ ਪ੍ਰਭੂ ਸ੍ਰੀ ਰਾਮ ਸੀਤਾ ਦੇ ਪਵਿੱਤਰ ਵਿਵਾਹ ਸੰਬੰਧੀ ਇੱਕ ਵਿਸ਼ਾਲ ਅਲੌਕਿਕ ਸ਼ੋਭਾ ਯਾਤਰਾ ਕੱਢੀ ਗਈ ਜਿਸ ਵਿੱਚ ਵੱਖ-ਵੱਖ ਧਾਰਮਿਕ, ਸਮਾਜਿਕ ਅਤੇ ਸਵੈਸੇਵੀ ਸੰਸਥਾਵਾਂ ਦੇ ਆਗੂਆਂ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਲੋਕ ਸ਼ਾਮਲ ਹੋਏ।ਸ਼ੋਭਾ ਯਾਤਰਾ ਵਿੱਚ ਸ਼ਾਮਲ ਵੱਖ ਵੱਖ ਸਰੂਪਾ ਧਾਰਨ ਕੀਤੇ ਕਲਾਕਾਰਾਂ ਦੀ ਪੂਰੀ ਵਿਧੀ ਪੂਰਵਕ ਦੀਪਕ ਬਹਿਲ ਨੇ ਪੂਜਾ ਅਰਚਨਾ ਕੀਤੀ। ਇਸ ਸ਼ੋਭਾ ਯਾਤਰਾ ਦਾ ਉਦਘਾਟਨ ਮੁੱਖ ਮਹਿਮਾਨ ਜਿੰਮੀ ਖੰਨਾ ਨੇ ਕੀਤਾ।

ਇਸ ਮੌਕੇ ਉਨ੍ਹਾਂ ਨਾਲ ਪੰਡਿਤ ਮਿਥਲੇਸ, ਆਦੀ ਕਪੂਰ ਦੋਆਬਾ ਕਿਸਾਨ ਕਮੇਟੀ ਪੰਜਾਬ ਦੇ ਪ੍ਰਧਾਨ ਜੰਗਵੀਰ ਸਿੰਘ ਚੋਹਾਨ, ਜੱਸਾ ਪੰਡਿਤ, ਸ਼ਿਵ ਸੈਨਾ ਪੰਜਾਬ ਦੇ ਉੱਤਰੀ ਭਾਰਤ ਪ੍ਰਧਾਨ ਮਿੱਕੀ ਪੰਡਿਤ, ਅਖਿਲ ਵਾਲਮੀਕਿ ਧਰਮ ਸਮਾਜ ਪੰਜਾਬ ਦੇ ਸੀਨੀਅਰ ਚੇਅਰਮੈਨ ਗਗਨ ਭੱਟੀ, ਸ੍ਰੀ ਅਰਜਨ ਕਲੱਬ ਟਾਂਡਾ ਦੇ ਪ੍ਰਧਾਨ ਰਣਜੀਤ ਸਿੰਘ ਜੀਤਾ, ਸ਼ਿਵ ਸੈਨਾ ਹਿੰਦੁਸਤਾਨ ਦੇ ਪੰਜਾਬ ਯੂਥ ਪ੍ਰਧਾਨ ਰਾਹੁਲ ਖੰਨਾ, ਸੰਜੀਵ ਸਿਆਲ, ਅਸ਼ੋਕ ਬਹਿਲ, ਦਲਜੀਤ ਰਾਏ, ਰਾਜੂ ਖੋਸਲਾ, ਪ੍ਰਸ਼ਾਂਤ ਪੰਡਿਤ, ਆਰ.ਕੇ ਰਾਜਪੂਤ, ਅੰਕੁਸ਼, ਅਭੀ ਤਲਵਾੜ, ਸੰਨੀ ਠੇਕੇਦਾਰ, ਜੀਵੇਸ਼ ਹਾਂਡਾ, ਬ੍ਰਹਮਜੀਤ ਸੈਣੀ, ਅਮਨ ਮਾਹਲਾ, ਜੋਗੇਸ਼ ਕੁਮਾਰ, ਅਨੁਰਾਗ ਸ਼ਰਮਾ, ਵਿਸ਼ਾਲ, ਸੰਦੀਪ, ਸੁਦਾਮਾ ਜੀ, ਅਮਿਤ ਸ਼ਰਮਾ, ਹਨੀ, ਮਨੀਸ਼ ਮਾਹਲਾ ਅਤੇ ਬੰਟੀ ਰਾਜਪੂਤ ਤੋਂ ਇਲਾਵਾ ਹੋਰ ਹਾਜ਼ਰ ਸ਼ਰਧਾਲੂਆਂ ਨੇ ਜੈ ਸ਼੍ਰੀ ਰਾਮ ਦੇ ਜੈਕਾਰੇ ਲਗਾਉਂਦੇ ਹੋਏ ਇਹ ਅਲੌਕਿਕ ਸ਼ੋਭਾ ਯਾਤਰਾ ਮਹਾਦੇਵ ਮੰਦਰ ਤੋਂ ਪੂਰੇ ਰੀਤੀ ਰਿਵਾਜਾਂ ਨਾਲ ਸ਼ੁਰੂ ਕੀਤੀ। ਸ਼ੋਭਾ ਯਾਤਰਾ ਸ਼ਹਿਰ ਦੇ ਵੱਖ-ਵੱਖ ਚੌਕਾਂ ਸ਼ਿਮਲਾ ਪਹਾੜੀ, ਉੜਮੁੜ ਬਾਜ਼ਾਰ, ਗਾਂਧੀ ਚੌਂਕ, ਬਾਬਾ ਬੂਟਾ ਭਗਤ ਚੌਂਕ, ਥਾਣਾ ਚੌਂਕ, ਰੇਲਵੇ ਚੌਂਕ, ਟਾਂਡਾ ਚੌਂਕ, ਬਸ ਸਟੈਂਡ ਚੌਂਕ ਅਤੇ ਸਰਕਾਰੀ ਹਸਪਤਾਲ ਚੌਂਕ ਤੋਂ ਹੁੰਦੀ ਹੋਈ ਮੁੜ ਮਹਾਦੇਵ ਮੰਦਰ ਪਹੁੰਚ ਕੇ ਸੰਪੰਨ ਹੋਈ।

## ਸੰਨੀ ਗਿੱਲ ਅੰਬਰਸਰੀਆ ਅੱਜ ਹੋਣਗੇ ਰੂਬਰੂ

**ਚੰਡੀਗੜ੍ਹ (ਸੁਰਜੀਤ ਸੁਮਨ)**- ਪੰਜਾਬੀ ਸਾਹਿਤ ਸਭਾ (ਰਜਿ.) ਦੀ ਇਕੱਤਰਤਾ ਮਿਤੀ 18 ਅਕਤੂਬਰ ਨੂੰ ਬਾਅਦ ਦੁਪਹਿਰ 4.00 ਵਜੇ ਨਿਗਮ ਲਾਇਬਰੇਰੀ ਸੈਕਟਰ 69 ਮੁਹਾਲੀ ਵਿਖੇ ਹੋ ਰਹੀ ਹੈ। ਸਭਾ ਦੇ ਪ੍ਰੈੱਸ ਸਕੱਤਰ ਇੰਦਰਜੀਤ ਸਿੰਘ ਜਾਵਾ ਨੇ ਦੱਸਿਆ ਕਿ ਇਸ ਇਕੱਤਰਤਾ ਵਿੱਚ ਮਸ਼ਹੂਰ ਫਿਲਮ ਤੇ ਟੈਲੀਵਿਜ਼ਨ ਕਲਾਕਾਰ ਸੰਨੀ ਗਿੱਲ ਅੰਬਰਸਰੀਆ, ਸਰੋਤਿਆਂ ਦੇ ਰੂਬਰੂ ਹੋਣਗੇ। ਇਸ ਸਮਾਗਮ ਦੀ ਪ੍ਰਧਾਨਗੀ ਪ੍ਰਸਿੱਧ ਆਈ ਸਰਜਨ ਤੇ ਲੇਖਕ ਡਾ. ਸੁਖਵਿੰਦਰ ਸਿੰਘ ਕਰ ਰਹੇ ਹਨ।



ਸਭਾ ਦੇ ਪ੍ਰਧਾਨ ਐਡਵੋਕੇਟ ਪਰਮਿੰਦਰ ਸਿੰਘ ਗਿੱਲ ਤੇ ਜਨਰਲ ਸਕੱਤਰ ਸਵੈਰਾਜ ਸੰਧੂ ਨੇ ਸਰੋਤਾ ਸਮੂਹ ਨੂੰ ਸਮੇਂ-ਸਿਰ ਸਮਾਗਮ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਹੈ।

## ਸੀ ਬੀ ਆਈ ਜਾਂਚ ਟੀਮ ਵੱਲੋਂ ਹਾਜੀਪੁਰ ਤੇ ਤਲਵਾੜਾ 'ਚ ਦਸਤਕ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਕੇਂਦਰੀ ਜਾਂਚ ਏਜੰਸੀ (ਸੀਬੀਆਈ) ਦੀ ਟੀਮ ਤਲਵਾੜਾ ਅਤੇ ਹਾਜੀਪੁਰ 'ਚ ਖਣਨ ਮਾਫੀਆ ਵੱਲੋਂ ਕੀਤੀ ਕਥਿਤ ਖੁਦਾਈ ਦੀ ਜਾਂਚ ਕਰਦੀ ਰਹੀ। ਹਾਲਾਂਕਿ ਸੀਬੀਆਈ ਨੇ ਮੀਡੀਆ ਤੋਂ ਪੂਰੀ ਤਰ੍ਹਾਂ ਦੂਰੀ ਬਣਾਈ ਹੋਈ ਹੈ।ਪਰ ਪਿੰਡਾਂ 'ਚ ਬਣੀਆਂ ਖਣਨ ਰੋਕੋ ਜ਼ਮੀਨ ਬਚਾਓ ਸੰਘਰਸ਼ ਕਮੇਟੀਆਂ ਦੇ ਆਗੂਆਂ ਨੇ ਦੱਸਿਆ ਕਿ ਜਾਂਚ ਟੀਮ ਸਵੇਰੇ 10 ਵਜੇ ਦੇ ਕਰੀਬ ਹਾਜੀਪੁਰ ਪਹੁੰਚੀ।ਜੀਵਨ ਵਾਲ, ਦੇਵਲ, ਧਾਮੀਆਂ, ਅਰਥੇਵਾਲ ਆਦਿ ਪਿੰਡਾਂ 'ਚ ਵਾਹੀਯੋਗ ਜ਼ਮੀਨਾਂ 'ਚ ਕੀਤੇ ਖਣਨ ਦੀ ਜਾਂਚ ਕਰਨ ਉਪਰੰਤ ਟੀਮ ਦਾ ਕਾਫ਼ਲਾ ਭਵਨਾਲ ਹੁੰਦਾ ਹੋਇਆ ਬੇਲਾ ਸਰਿਆਣਾ 'ਚ ਜਾਂਚ ਲਈ ਪਹੁੰਚਿਆ। ਟੀਮ ਨੇ ਅਮਰੋਹ, ਅਲੇਰਾ ਆਦਿ ਪਿੰਡਾਂ 'ਚ ਲੱਗੇ ਕਰੱਸ਼ਰਾਂ ਦਾ ਦੌਰਾ ਕੀਤਾ ਅਤੇ ਸਵਾਂ ਦਰਿਆ ਕੰਢੇ ਖਣਨ ਮਾਫੀਆ ਵੱਲੋਂ ਪਾਏ ਟੋਇਆਂ ਦੀ ਮਿਣਤੀ ਕੀਤੀ।ਇਸ ਮੌਕੇ ਜਾਂਚ ਟੀਮ ਨਾਲ ਜ਼ਿਲ੍ਹਾ ਮਾਲ ਅਧਿਕਾਰੀ ਤੋਂ ਇਲਾਵਾ ਸਥਾਨਕ ਮਹਿਕਮਾ ਮਾਲ ਦੇ ਅਧਿਕਾਰੀ ਤੇ ਮੁਲਾਜ਼ਮ, ਮਾਈਨਿੰਗ ਅਧਿਕਾਰੀ, ਜੰਗਲਾਤ ਵਿਭਾਗ, ਸਥਾਨਕ ਪੁਲਸ ਦੀ ਟੀਮ ਨਾਲ ਸੀ। ਪੰਜਾਬ ਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਵੱਲੋਂ ਖੇਤਰ 'ਚ ਨਾਜਾਇਜ਼ ਖਣਨ ਦੀ ਜਾਂਚ ਸੀ ਬੀ ਆਈ ਨੂੰ ਦੇਣ ਦੇ ਫੈਸਲੇ ਤੋਂ ਬਾਅਦ ਕਰੱਸ਼ਰ ਕਾਰੋਬਾਰੀਆਂ ਤੇ ਖਣਨ ਮਾਫੀਆ 'ਚ ਹੜਕੰਪ ਮਚ ਗਿਆ ਹੈ। ਖਣਨ ਰੋਕੋ ਜ਼ਮੀਨ ਬਚਾਓ ਸੰਘਰਸ਼ ਕਮੇਟੀ ਤਲਵਾੜਾ ਦੇ ਪ੍ਰਧਾਨ ਕੈਪ ਰਿਟਾ ਰਾਜੇਸ਼ ਕੁਮਾਰ, ਚੇਅਰਮੈਨ ਕੈਪ ਰਿਟਾ ਜੋਗਿੰਦਰ ਸਿੰਘ ਮੰਗੂ ਮੈਰ੍ਹਾ, ਅਸ਼ੋਕ ਜਲੇਰੀਆ, ਸੁਨੀਲ ਕੌਸ਼ਲ ਆਦਿ ਨੇ ਸੀਬੀਆਈ ਜਾਂਚ 'ਤੇ ਸੰਤੁਸ਼ਟੀ ਜ਼ਾਹਿਰ ਕੀਤੀ ਹੈ।




## ਮੰਜੂ ਦੇਵੀ ਦੀ ਅੰਤਿਮ ਅਰਦਾਸ ਮੌਕੇ ਭੇਟ ਕੀਤੀ ਸ਼ਰਧਾਂਜਲੀ





**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- 5 ਅਕਤੂਬਰ ਨੂੰ ਵਿਛੋੜਾ ਦੇ ਗਈ ਮੰਜੂ ਦੇਵੀ (22) ਪੁੱਤਰੀ ਬਲਵਿੰਦਰ ਸਿੰਘ ਵਾਸੀ ਜੱਜਰ ਦੀ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਹੋਇਆ।ਉਹ ਤਹਿਸੀਲ ਕੰਪਲੈਕਸ ਵਿੱਚ ਟਾਈਪ ਦਾ ਕੰਮ ਕਰਦੀ ਸੀ, ਜੋ ਕਿ ਦਿਲ ਦੀ ਗਤੀ ਰੁਕਣ ਕਾਰਨ ਸਦੀਵੀ ਵਿਛੋੜਾ ਦੇ ਗਈ ਸੀ, ਉਹਨਾਂ ਨੂੰ ਭਾਵ ਭਿੰਨੀ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਤੇ ਬਾਬਾ ਜਸਬੀਰ ਸਿੰਘ ਖਾਲਸਾ ਬੁਰਜ ਵਾਲਿਆਂ ਵੱਲੋਂ ਬੈਰਾਗਮਈ ਕੀਰਤਨ ਕੀਤਾ ਗਿਆ। ਇਸ ਮੌਕੇ ਤੇ ਸੀ ਪੀ ਆਈ ਐੱਮ ਦੇ ਜਿਲਾ ਸਕੱਤਰੇਤ ਮੈਂਬਰ ਕਾਮਰੇਡ ਸੁਰਜੀਤ ਸਿੰਘ ਢੇਰ ਤੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਮੰਜੂ ਦੇਵੀ ਬਹੁਤ ਹੀ ਮਿਹਨਤ ਕਰਕੇ ਆਪਣੇ ਪਰਵਾਰ ਦਾ ਸਹਾਰਾ ਬਣ ਰਹੀ ਸੀ।ਕਹਿਣਕਾਰ ਬੱਚੀ ਸੀ ਜਿਸ ਦੇ ਵਿਛੋੜੇ ਨਾਲ ਪਰਿਵਾਰ ਨੂੰ ਹੀ ਘਾਟਾ ਨਹੀਂ ਪਿਆ ਸਗੋਂ ਆਮ ਤਹਿਸੀਲ ਕੰਪਲੈਕਸ ਵਿੱਚ ਹਰ ਰੋਜ਼ ਆਉਣ ਵਾਲੇ ਕੰਮਾਂ ਕਾਰਾਂ ਵਾਲੇ ਲੋਕਾਂ ਨੂੰ ਵੀ ਭਾਰੀ ਘਾਟਾ ਪਿਆ। ਇਮਾਨਦਾਰੀ ਨਾਲ ਆਪਣਾ ਕੰਮ ਕਰਦੀ ਸੀ ਤੇ ਉਸ ਦਾ ਕਾਫੀ ਮਾਨ ਸਤਿਕਾਰ ਸੀ। ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਐਡਵੋਕੇਟ ਵਿਸ਼ਾਲ ਸੈਣੀ, ਰਵਿੰਦਰ ਭਾਰਦਵਾਜ, ਭਾਜਪਾ ਆਗੂ ਰਤਨ ਧੰਨੇੜਾ, ਸਰਪੰਚ ਰਘਬੀਰ ਸਿੰਘ, ਸਰਪੰਚ ਗੁਰਮੇਲ ਸਿੰਘ ਜੱਜਰ, ਬਲਵੰਤ ਸਿੰਘ ਗੱਗ, ਨਿਰਮਲ ਸਿੰਘ ਜੱਜਰ, ਕਸ਼ਮੀਰ ਸਿੰਘ ਨੰਗਲੀ, ਭਾਗ ਸਿੰਘ ਢੇਰ, ਵਿੱਕੀ ਜੱਜਰ, ਨੰਬਰਦਾਰ ਪ੍ਰਕਾਸ਼ ਸਿੰਘ ਨੇ ਪਰਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।



ਕੁੱਲਵਕਤੀ ਕਾਮਾ, ਕਾਮਰੇਡ ਦਲੀਪ ਸਿੰਘ ਮਸਤ
(ਆਖਰੀ ਸਫੇ 'ਤੇ)

# ਨਵਾਂ ਜ਼ਮਾਨਾ ਐਤਵਾਰਤਾ

ਕਿਸੇ ਲਈ ਚੁੱਪ ਮਸਲਾ ਹੈ,
ਕਿਸੇ ਲਈ ਸ਼ੋਰ ਮਸਲਾ ਹੈ।
ਮੈਨੂੰ ਦੋਵੇਂ ਹੀ ਚੁੱਭਦੇ ਨੇ,
ਮੇਰਾ ਕੁਝ ਹੋਰ ਮਸਲਾ ਹੈ।
- ਸਿਮਰਨ ਅਕਸ

Regd. No : L-4/Pb-JL-0023/2024-26, (R.N.I.)-00068/57 | ਜਲੰਧਰ : ਐਤਵਾਰ, 18 ਅਕਤੂਬਰ 2026 | www.nawanzamana.in | ਕੀਮਤ 5.00 ਰੁਪਏ


*ਇਟਲੀ ਦੇ ਮਜ਼ਦੂਰਾਂ ਦੀ ਸਭ ਤੋਂ ਵੱਡੀ ਮਜ਼ਦੂਰ ਜਥੇਬੰਦੀ CGIL (ਸ਼ੀਜਲ) ਦੇ 120 ਸਾਲਾਂ ਦਾ ਸ਼ਾਨਮੱਤਾ ਇਤਿਹਾਸ 1906 ਤੋਂ 2026 ਤੱਕ ਇਟਲੀ ਦੀ ਸਭ ਤੋਂ ਪੁਰਾਣੀ ਅਤੇ ਪ੍ਰਭਾਵਸ਼ਾਲੀ ਮਜ਼ਦੂਰ ਜਥੇਬੰਦੀ ਦੀ ਲੰਮੀ ਯਾਤਰਾ*

# ਮਜ਼ਦੂਰ ਦੀ ਮੁੱਠੀ ਤੋਂ ਲੋਕਤੰਤਰ ਦੇ ਮੰਚ ਤੱਕ

ਇਤਿਹਾਸ ਸਿਰਫ਼ ਰਾਜਿਆਂ, ਰਾਜਧਾਨੀਆਂ ਅਤੇ ਜੰਗਾਂ ਦਾ ਨਾਂਅ ਨਹੀਂ ਹੁੰਦਾ। ਇਤਿਹਾਸ ਉਨ੍ਹਾਂ ਹੱਥਾਂ ਦੀਆਂ ਲਕੀਰਾਂ ਵਿੱਚ ਵੀ ਲਿਖਿਆ ਜਾਂਦਾ ਹੈ, ਜਿਹੜੇ ਫੈਕਟਰੀਆਂ ਦੀਆਂ ਮਸ਼ੀਨਾਂ ਚਲਾਉਂਦੇ ਹਨ, ਖੇਤਾਂ ਵਿੱਚ ਮਿੱਟੀ ਨਾਲ ਮੱਥਾ ਲਾਉਂਦੇ ਹਨ, ਰੇਲਾਂ ਚਲਾਉਂਦੇ ਹਨ, ਇਮਾਰਤਾਂ ਉਸਾਰਦੇ ਹਨ ਅਤੇ ਆਪਣੇ ਪਸੀਨੇ ਨਾਲ ਕਿਸੇ ਮੁਲਕ ਦੀ ਆਰਥਿਕਤਾ ਨੂੰ ਗਤੀ ਦਿੰਦੇ ਹਨ। ਇਟਲੀ ਦੀ CGIL—Confederazione Generale Italiana del Lavoro ਦੇ 120 ਸਾਲਾਂ ਦਾ ਇਤਿਹਾਸ ਵੀ ਅਸਲ ਵਿੱਚ ਇਨ੍ਹਾਂ ਹੀ ਮਿਹਨਤਕਸ਼ ਹੱਥਾਂ ਦਾ ਇਤਿਹਾਸ ਹੈ।

ਮਿਲਾਨ ਵਿੱਚ 29 ਅਤੇ 30 ਸਤੰਬਰ 2026 ਨੂੰ CGIL ਨੇ ਆਪਣੀ 120ਵੀਂ ਵਰ੍ਹੇਗੰਢ ਮਨਾਈ। 30 ਸਤੰਬਰ ਨੂੰ (ਤੇਅਤੋਰ ਆਲਾ ਸਕਾਲਾ) Teatro alla Scala ਵਿਖੇ ਹੋਏ ਸਮਾਗਮ ਵਿੱਚ ਇਟਲੀ ਦੇ ਰਾਸ਼ਟਰਪਤੀ ਸਰਜੀਓ ਮੱਤਾਰੇਲਾ ਸ਼ਾਮਲ ਹੋਏ ਅਤੇ


**ਪਰਮਜੀਤ ਸਿੰਘ ਦੁਸਾਂਝ, ਇਟਲੀ**


379* ਦੇ ਜਨਰਲ ਸਕੱਤਰ ਮੌਰੀਜ਼ਿਓ ਲਾਂਦੀਨੀ ਨੇ ਸੰਬੋਧਨ ਕੀਤਾ। ਇਤਿਹਾਸ ਦੀ ਇੱਕ ਦਿਲਚਸਪ ਗੋਲਾਈ ਇਹ ਹੈ ਕਿ ਜਿਸ ਮਿਲਾਨ ਵਿੱਚ 120 ਸਾਲ ਪਹਿਲਾਂ ਮਜ਼ਦੂਰਾਂ ਨੇ ਆਪਣੀ ਕੇਂਦਰੀ ਜਥੇਬੰਦੀ ਦਾ ਮੁੱਢ ਬੰਨ੍ਹਿਆ ਸੀ, ਉਸੇ ਸ਼ਹਿਰ ਵਿੱਚ 120 ਸਾਲ ਬਾਅਦ ਗਣਰਾਜ ਦਾ ਰਾਸ਼ਟਰਪਤੀ ਉਸ ਦੀ ਵਰ੍ਹੇਗੰਢ ਵਿੱਚ ਸ਼ਾਮਲ ਹੋਇਆ।

ਉਸ ਦਿਨ ਜਦੋਂ ਮਜ਼ਦੂਰ ਜਥੇਬੰਦੀ ਨੇ ਕੇਂਦਰੀ ਰੂਪ ਧਾਰਿਆ

CGIL ਦਾ ਇਤਿਹਾਸ 1 ਅਕਤੂਬਰ 1906 ਨਾਲ ਜੁੜਿਆ ਹੋਇਆ ਹੈ, ਪਰ ਉਸ ਦੀਆਂ ਜੜ੍ਹਾਂ ਇਸ ਤੋਂ ਕਾਫ਼ੀ ਪਹਿਲਾਂ ਦੀਆਂ ਹਨ। ਉੱਨੀਵੀਂ ਸਦੀ ਦੇ ਅੰਤ ਵਿੱਚ ਇਟਲੀ ਦੇ ਵੱਖ-ਵੱਖ ਸ਼ਹਿਰਾਂ ਵਿੱਚ Camere del Lavoro—ਮਜ਼ਦੂਰ ਸਭਾਵਾਂ, ਪੇਸ਼ਾਵਰ ਫੈਡਰੇਸ਼ਨਾਂ ਅਤੇ ਮਜ਼ਦੂਰ ਲੀਗਾਂ ਬਣ ਰਹੀਆਂ ਸਨ। 1893 ਵਿੱਚ ਪਾਰਮਾ ਵਿਖੇ ਹੋਈ ਪਹਿਲੀ ਕੌਮੀ ਕਾਨਫਰੰਸ ਵਿੱਚ 12 ਮਜ਼ਦੂਰ ਸਭਾਵਾਂ ਸ਼ਾਮਲ ਹੋਈਆਂ ਅਤੇ ਅਗਲੇ ਸਾਲਾਂ ਵਿੱਚ ਇਹ ਗਿਣਤੀ ਲਗਾਤਾਰ ਵਧਦੀ ਗਈ। 1901 ਵਿੱਚ ਧਾਤ ਮਜ਼ਦੂਰਾਂ ਦੀ FIOM ਵਰਗੀ ਮਹੱਤਵਪੂਰਨ ਜਥੇਬੰਦੀ ਵੀ ਹੋਂਦ ਵਿੱਚ ਆਈ।

ਇਹ ਉਹ ਦੌਰ ਸੀ ਜਦੋਂ ਇਟਲੀ ਤੇਜ਼ੀ ਨਾਲ ਉਦਯੋਗੀਕਰਨ ਵੱਲ ਵਧ ਰਿਹਾ ਸੀ। ਮਿਲਾਨ, ਤੋਰੀਨੋ, ਜੇਨੋਆ ਅਤੇ ਉੱਤਰੀ ਇਟਲੀ ਦੇ ਹੋਰ ਸ਼ਹਿਰਾਂ ਜਿਵੇਂ ਬੈਰਗਾਮੋ, ਬਰੇਸ਼ੀਆਂ ਆਦਿ ਸ਼ਹਿਰਾਂ 'ਚ ਫੈਕਟਰੀਆਂ ਵਧ ਰਹੀਆਂ ਸਨ, ਪਰ ਉਦਯੋਗ ਦੀਆਂ ਚਿਮਨੀਆਂ ਵਿੱਚੋਂ ਨਿਕਲਦਾ ਧੂੰਆਂ ਮਜ਼ਦੂਰ ਦੀ ਜ਼ਿੰਦਗੀ ਵਿੱਚ ਖੁਸ਼ਹਾਲੀ ਦੀ ਗਾਰੰਟੀ ਨਹੀਂ ਸੀ। ਲੰਮੇ ਕੰਮ ਦੇ ਘੰਟੇ, ਘੱਟ ਮਜ਼ਦੂਰੀ, ਸੁਰੱਖਿਆ ਦੀ ਘਾਟ ਅਤੇ ਸਮਾਜਿਕ ਸੁਰੱਖਿਆ ਦੀਆਂ ਕਮਜ਼ੋਰ ਵਿਵਸਥਾਵਾਂ ਨੇ ਮਜ਼ਦੂਰਾਂ ਨੂੰ ਇਹ ਸਿਖਾ ਦਿੱਤਾ ਸੀ ਕਿ ਇਕੱਲਾ ਹੱਥ ਕਮਜ਼ੋਰ ਹੋ ਸਕਦਾ ਹੈ, ਪਰ ਇਕੱਠੇ ਹੱਥ ਮੁੱਠੀ ਬਣ ਜਾਂਦੇ ਹਨ।

ਇਸੇ ਪਿਛੋਕੜ ਵਿੱਚ 29 ਸਤੰਬਰ ਤੋਂ 1 ਅਕਤੂਬਰ 1906 ਤੱਕ ਮਿਲਾਨ ਵਿੱਚ ਉਹ ਇਤਿਹਾਸਕ ਕਾਂਗਰਸ ਹੋਈ, ਜਿਸ ਵਿੱਚ ਲੱਗਭੱਗ 700 ਸਥਾਨਕ ਲੀਗਾਂ ਦੀ ਨੁਮਾਇੰਦਗੀ ਕਰਨ ਵਾਲੇ ਲੱਗਭੱਗ 500 ਡੈਲੀਗੇਟ ਇਕੱਠੇ ਹੋਏ। ਇਹ ਜਥੇਬੰਦੀਆਂ ਲੱਗਭੱਗ 2.5 ਲੱਖ ਮੈਂਬਰਾਂ ਦੀ ਨੁਮਾਇੰਦਗੀ ਕਰ ਰਹੀਆਂ ਸਨ। ਇੱਥੇ Confederazione Generale del Lavoro—CGdL ਦੀ ਸਥਾਪਨਾ ਹੋਈ ਅਤੇ ਰਿਨਾਲਦੋ ਰਿਗੋਲਾ ਪਹਿਲੇ ਜਨਰਲ ਸਕੱਤਰ ਚੁਣੇ ਗਏ।

ਇਤਿਹਾਸ ਵਿੱਚ ਦਰਜ ਉਸ ਕਾਂਗਰਸ ਦੀ ਇੱਕ ਪ੍ਰਸਿੱਧ ਤਸਵੀਰ ਅੱਜ ਵੀ ਮਜ਼ਦੂਰ ਲਹਿਰ ਦੀ ਯਾਦਗਾਰ ਬਣੀ ਹੋਈ ਹੈ। ਉਸ ਤਸਵੀਰ ਦੇ ਪਿੱਛੇ ਲਿਖਿਆ ਸੀ - Operai di tutto il mondo unitevi! - ਦੁਨੀਆ ਦੇ ਮਜ਼ਦੂਰੋ, ਇੱਕ ਹੋ ਜਾਓ!

ਇਹ ਨਾਅਰਾ ਕੇਵਲ ਇੱਕ ਵਾਕ ਨਹੀਂ ਸੀ; ਇਹ ਉਸ ਸਮੇਂ ਦੇ ਅੰਤਰਰਾਸ਼ਟਰੀ ਮਜ਼ਦੂਰ ਅੰਦੋਲਨ ਦੀ ਵਿਚਾਰਧਾਰਕ ਧੁਨੀ ਸੀ।

ਮਾਰਕਸ ਦਾ ਵਿਚਾਰ ਅਤੇ ਇਟਲੀ ਦੀ ਮਜ਼ਦੂਰ ਲਹਿਰ

ਉਸ ਦੌਰ ਦੇ ਯੂਰਪੀ ਮਜ਼ਦੂਰ ਅੰਦੋਲਨ ਉੱਤੇ ਕਾਰਲ ਮਾਰਕਸ ਅਤੇ ਫ੍ਰੈਡਰਿਕ ਐਂਗਲਜ਼ ਦੇ ਵਿਚਾਰਾਂ ਦਾ ਡੂੰਘਾ ਪ੍ਰਭਾਵ ਸੀ।

ਪਰ ਇਟਲੀ ਦੀ CGdL ਦੀ ਆਪਣੀ ਅੰਦਰੂਨੀ ਯਾਤਰਾ ਸਿੱਧੀ ਲਕੀਰ ਵਾਂਗ ਨਹੀਂ ਸੀ। ਇਸ ਦੇ ਅੰਦਰ ਸੁਧਾਰਵਾਦੀ ਅਤੇ ਕ੍ਰਾਂਤੀਕਾਰੀ ਧਾਰਾਵਾਂ ਵਿਚਕਾਰ ਵਿਚਾਰਧਾਰਕ ਮਤਭੇਦ ਸਨ। ਸ਼ੁਰੂਆਤੀ ਦੌਰ ਵਿੱਚ ਰਿਗੋਲਾ ਦੀ ਅਗਵਾਈ ਹੇਠ ਜਥੇਬੰਦੀ ਨੇ ਕਾਨੂੰਨੀ ਸੁਧਾਰਾਂ ਅਤੇ ਸਮੂਹਕ ਮਜ਼ਦੂਰ ਸਮਝੌਤਿਆਂ ਰਾਹੀਂ ਮਜ਼ਦੂਰਾਂ ਦੀ ਹਾਲਤ ਸੁਧਾਰਨ ਨੂੰ ਮਹੱਤਵ ਦਿੱਤਾ। 1912 ਵਿੱਚ ਕ੍ਰਾਂਤੀਕਾਰੀ ਸਿੰਡੀਕਲਿਸਟ ਧਾਰਾ ਵੱਖ ਹੋ ਕੇ Unione Sindacale Italiana—USI ਬਣਾਉਣ ਵੱਲ ਚਲੀ ਗਈ।

ਇਸ ਤੋਂ ਪਤਾ ਲੱਗਦਾ ਹੈ ਕਿ ਮਜ਼ਦੂਰ ਲਹਿਰ ਦਾ ਇਤਿਹਾਸ ਸਿਰਫ਼ ਮਾਲਕ ਅਤੇ ਮਜ਼ਦੂਰ ਦੇ ਟਕਰਾਅ ਦਾ ਇਤਿਹਾਸ ਨਹੀਂ; ਇਹ ਮਜ਼ਦੂਰ ਲਹਿਰ ਦੇ ਅੰਦਰ ਚੱਲਦੇ ਵਿਚਾਰਾਂ, ਰਣਨੀਤੀਆਂ ਅਤੇ ਰਾਹਾਂ ਦੀ ਚੋਣ ਦਾ ਇਤਿਹਾਸ ਵੀ ਹੈ।

**ਕੰਮ ਦੀ ਥਾਂ ਤੋਂ ਕਾਨੂੰਨ ਦੀ ਕਿਤਾਬ ਤੱਕ**

CGdL ਦੀ ਸ਼ੁਰੂਆਤੀ ਸੋਚ ਵਿੱਚ ਸਮੂਹਕ ਗੱਲਬਾਤ ਅਤੇ ਮਜ਼ਦੂਰ ਕਾਨੂੰਨਾਂ ਨੂੰ ਮਹੱਤਵ ਮਿਲਿਆ। 1908 ਵਿੱਚ ਸ਼ੀਸ਼ਾ ਉਦਯੋਗ ਦੇ ਮਜ਼ਦੂਰਾਂ ਦੀ ਫੈਡਰੇਸ਼ਨ ਵੱਲੋਂ ਪਹਿਲਾ ਰਾਸ਼ਟਰੀ ਸਮੂਹਕ ਮਜ਼ਦੂਰੀ ਸਮਝੌਤਾ ਕੀਤੇ ਜਾਣ ਦਾ ਜ਼ਿਕਰ ਮਿਲਦਾ ਹੈ। ਇਸ ਦੌਰ ਵਿੱਚ ਫੈਕਟਰੀਆਂ ਅੰਦਰ ਮਜ਼ਦੂਰ ਪ੍ਰਤੀਨਿਧਤਾ ਦੇ ਨਵੇਂ ਰੂਪ ਵੀ ਵਿਕਸਿਤ ਹੋ ਰਹੇ ਸਨ।

ਇਹ ਇੱਕ ਬੁਨਿਆਦੀ ਤਬਦੀਲੀ ਸੀ। ਮਜ਼ਦੂਰ ਦਾ ਸਵਾਲ ਹੁਣ ਸਿਰਫ਼ ਫੈਕਟਰੀ ਦੇ ਗੇਟ ਤੱਕ ਸੀਮਤ ਨਹੀਂ ਰਿਹਾ; ਉਹ ਹੌਲੀ-ਹੌਲੀ ਕਾਨੂੰਨ, ਰਾਜਨੀਤੀ ਅਤੇ ਸਮਾਜਕ ਨੀਤੀ ਦਾ ਸਵਾਲ ਬਣ ਗਿਆ।

**ਫਾਸ਼ੀਵਾਦ ਦਾ ਹਨੇਰਾ ਅਤੇ ਮਜ਼ਦੂਰ ਜਥੇਬੰਦੀ ਦਾ ਟੁੱਟਣਾ**

ਪਰ ਇਤਿਹਾਸ ਦੇ ਪਹੀਏ ਹਮੇਸ਼ਾ ਇੱਕੋ ਦਿਸ਼ਾ ਵਿੱਚ ਨਹੀਂ ਘੁੰਮਦੇ। ਫਾਸ਼ੀਵਾਦ ਦੇ ਉਭਾਰ ਨੇ ਇਟਲੀ ਦੀਆਂ ਸੁਤੰਤਰ ਮਜ਼ਦੂਰ ਜਥੇਬੰਦੀਆਂ ਨੂੰ ਭਾਰੀ ਝਟਕਾ ਦਿੱਤਾ। 1926 ਵਿੱਚ CGdL ਦੇ ਮਿਲਾਨ ਸਥਿਤ ਕੇਂਦਰੀ ਦਫ਼ਤਰ ਉੱਤੇ ਫਾਸ਼ੀਵਾਦੀ ਹਮਲਾ ਹੋਇਆ ਅਤੇ 1927 ਦੇ ਸ਼ੁਰੂ ਵਿੱਚ ਜਥੇਬੰਦੀ ਨੇ ਆਪਣੇ ਆਪ ਨੂੰ ਭੰਗ ਕਰਨ ਦਾ ਫੈਸਲਾ ਕੀਤਾ। 1927 ਤੋਂ ਇਹ ਸੁਤੰਤਰ ਮਜ਼ਦੂਰ ਜਥੇਬੰਦੀ ਅਮਲੀ ਤੌਰ ਉੱਤੇ ਗੈਰਕਾਨੂੰਨੀ ਹੋ ਗਈ। ਜਿਵੇਂ ਭਾਰਤ ਵਿਚ ਨਕਸਲਬਾੜੀ ਲਹਿਰ ਗੈਰਕਾਨੂੰਨੀ ਬਣ ਗਈ ਸੀ /

ਇਹ ਇਤਿਹਾਸ ਦਾ ਉਹ ਪੰਨਾ ਹੈ, ਜਿੱਥੇ ਸਿਰਫ਼ ਇੱਕ ਦਫ਼ਤਰ ਦੇ ਦਰਵਾਜ਼ੇ ਨਹੀਂ ਟੁੱਟੇ ਸਨ; ਮਜ਼ਦੂਰਾਂ ਦੀ ਸੰਗਠਿਤ ਆਵਾਜ਼ ਨੂੰ ਰਾਜਨੀਤਕ ਤੌਰ 'ਤੇ ਚੁੱਪ ਕਰਾਉਣ ਦੀ ਕੋਸ਼ਿਸ਼ ਹੋਈ ਸੀ।

ਪਰ ਜਿਵੇਂ ਵਿਚਾਰਾਂ ਨੂੰ ਤਾਲਾ ਨਹੀਂ ਲੱਗਦਾ। ਸੰਗਠਨ ਟੁੱਟ ਸਕਦਾ ਹੈ, ਪਰ ਮਜ਼ਦੂਰ ਚੇਤਨਾ ਆਪਣਾ ਰਸਤਾ ਲੱਭ ਲੈਂਦੀ ਹੈ।

**1944-ਪਤੋ ਦੀ ਰੋਮਾ ਅਤੇ CGIL ਦਾ ਮੁੜ ਜਨਮ**

ਦੂਜੇ ਵਿਸ਼ਵ ਯੁੱਧ ਦੇ ਆਖਰੀ ਦੌਰ ਵਿੱਚ ਫਾਸ਼ੀਵਾਦ ਦੇ ਪਤਨ ਨਾਲ ਇਟਲੀ ਵਿੱਚ ਲੋਕਤੰਤਰਕ ਅਤੇ ਮਜ਼ਦੂਰ ਜਥੇਬੰਦੀਆਂ ਦੇ ਮੁੜ ਉਭਰਨ ਦਾ ਰਾਹ ਖੁੱਲ੍ਹਿਆ।

3 ਜੂਨ 1944 ਨੂੰ Patto di Roma ਉੱਤੇ ਦਸਤਖ਼ਤ ਹੋਏ। ਇਸ ਸਮਝੌਤੇ ਰਾਹੀਂ ਵੱਖ-ਵੱਖ ਰਾਜਨੀਤਕ ਧਾਰਾਵਾਂ ਨਾਲ ਸੰਬੰਧਤ ਮਜ਼ਦੂਰ ਆਗੂਆਂ ਨੇ ਇੱਕ ਇਕਜੁੱਟ ਮਜ਼ਦੂਰ ਜਥੇਬੰਦੀ ਦੀ ਮੁੜ ਉਸਾਰੀ ਕੀਤੀ। ਇਸ ਵਿੱਚ ਜਿਊਸੇਪੇ ਦੀ ਵਿਤਤੋਰੀਓ (Giuseppe Di Vittorio), ਅਕੀਲੇ ਗਰਾਂਦੀ (Achille Grandi) ਅਤੇ ਐਮੀਲਿਓ ਕਾਨੇਵਾਰੀ (Emilio Canevari) ਦੀ ਭੂਮਿਕਾ ਰਹੀ। ਇਸੇ ਇਕਜੁੱਟ ਜਥੇਬੰਦੀ ਨੇ ਆਧੁਨਿਕ CGIL ਦਾ ਆਧਾਰ ਰੱਖਿਆ।

ਇਸ ਪੜਾਅ ਉੱਤੇ CGIL ਸਿਰਫ਼ ਤਨਖਾਹ ਦਾ ਮਸਲਾ ਚੁੱਕਣ ਵਾਲੀ ਸੰਸਥਾ ਨਹੀਂ ਸੀ। ਨਵੇਂ ਇਟਲੀ ਦੀ ਲੋਕਤੰਤਰਕ ਉਸਾਰੀ ਵਿੱਚ ਮਜ਼ਦੂਰਾਂ ਦੀ ਭੂਮਿਕਾ ਬਾਰੇ ਵੀ ਵੱਡੀ ਚਰਚਾ ਹੋ ਰਹੀ ਸੀ।

ਜਿਊਸੇਪੇ ਦੀ ਵਿਤਤੋਰੀਓ-ਮਜ਼ਦੂਰ ਆਗੂ ਤੋਂ ਸੰਵਿਧਾਨਕ ਇਟਲੀ ਤੱਕ

CGIL ਦੇ ਇਤਿਹਾਸ ਵਿੱਚ Giuseppe Di Vittorio ਦਾ ਨਾਂਅ ਇੱਕ ਪੂਰੇ ਯੁੱਗ ਦਾ ਨਾਂਅ ਹੈ।

ਮਜ਼ਦੂਰ ਪਿਛੋਕੜ ਤੋਂ ਉੱਭਰਿਆ ਇਹ ਆਗੂ ਇਟਲੀ ਦੀ ਮਜ਼ਦੂਰ ਲਹਿਰ ਦੇ ਸਭ ਤੋਂ ਪ੍ਰਭਾਵਸ਼ਾਲੀ ਚਿਹਰਿਆਂ ਵਿੱਚ ਸ਼ਾਮਲ ਹੋਇਆ। ਉਸ ਨੇ ਮਜ਼ਦੂਰਾਂ ਦੇ ਹੱਕਾਂ ਨੂੰ ਸਿਰਫ਼ ਆਰਥਿਕ ਸਵਾਲ ਨਹੀਂ ਮੰਨਿਆ, ਸਗੋਂ ਮਨੁੱਖੀ ਆਜ਼ਾਦੀ ਅਤੇ ਸਮਾਜਿਕ ਨਿਆਂ ਨਾਲ ਜੋੜਿਆ।

ਦੀ ਵਿਤਤੋਰੀਓ ਸੰਵਿਧਾਨ ਬਣਾਉਣ ਵਾਲੀ ਪ੍ਰਕਿਰਿਆ ਨਾਲ ਵੀ ਜੁੜਿਆ ਰਿਹਾ। CGIL ਨਾਲ ਜੁੜੇ ਇਤਿਹਾਸਕ ਸਰੋਤਾਂ ਅਨੁਸਾਰ ਸਮਾਜਿਕ ਅਤੇ ਆਰਥਿਕ ਅਧਿਕਾਰਾਂ ਨਾਲ ਸੰਬੰਧਤ ਸੰਵਿਧਾਨਕ ਧਾਰਾਵਾਂ ਵਿੱਚ ਉਸ ਦੀ ਭੂਮਿਕਾ ਮਹੱਤਵਪੂਰਨ ਰਹੀ।

ਉਸ ਦੀ ਇੱਕ ਮਸ਼ਹੂਰ ਵਿਚਾਰਧਾਰਕ ਪੰਕਤੀ ਸੀ ਕਿ ਮਿਹਨਤ ਮਨੁੱਖ ਨੂੰ ਉੱਚਾ ਚੁੱਕਦੀ ਹੈ ਅਤੇ ਮਨੁੱਖਾਂ ਨੂੰ ਭਰਾਵਾਂ ਵਾਂਗ ਜੋੜਦੀ ਹੈ। 1953 ਦੇ ਉਸ ਦੇ ਲੇਖ ਵਿੱਚ ਮਿਹਨਤ ਨੂੰ ਮਨੁੱਖੀ ਤਰੱਕੀ, ਸ਼ਾਂਤੀ ਅਤੇ ਸਮਾਜਿਕ ਮੁਕਤੀ ਨਾਲ ਜੋੜਿਆ ਗਿਆ ਸੀ। ਉਸ ਨੇ ਇਕ ਨਾਹਰਾ ਵੀ ਦਿੱਤਾ ਸੀ ਕਿ 'ਜੋ ਕਮਾਵੇਗਾ, ਸੋ ਖਾਵਾਂਗਾ, ਲੁੱਟਣ ਵਾਲਾ ਧੱਕੇ ਖਾਵੇਗਾ।'

1957 ਵਿੱਚ ਆਪਣੇ ਆਖਰੀ ਭਾਸ਼ਣਾਂ ਵਿੱਚੋਂ ਇੱਕ ਵਿੱਚ ਉਸ ਨੇ ਮਜ਼ਦੂਰਾਂ ਨੂੰ ਇਕੱਠੇ ਰਹਿਣ ਦਾ ਸੱਦਾ ਦਿੰਦਿਆਂ ਸੰਗਠਨ ਨੂੰ ਛੋਟੇ-ਛੋਟੇ ਚਸ਼ਮਿਆਂ ਦੇ ਮਿਲ ਕੇ ਵੱਡੀ ਨਦੀ ਬਣਨ ਨਾਲ ਤੁਲਨਾ ਕੀਤੀ।

ਇਹ ਰੂਪਕ ਅੱਜ ਵੀ CGIL ਦੇ 120 ਸਾਲਾਂ ਨੂੰ ਸਮਝਣ ਲਈ ਢੁਕਵਾਂ ਲੱਗਦਾ ਹੈ-ਇੱਕ ਮਜ਼ਦੂਰ ਦੀ ਆਵਾਜ਼ ਇੱਕ ਬੂੰਦ ਹੋ ਸਕਦੀ ਹੈ, ਪਰ ਹਜ਼ਾਰਾਂ ਆਵਾਜ਼ਾਂ ਮਿਲ ਕੇ ਧਾਰਾ ਬਣਦੀਆਂ ਹਨ।





**1948-ਇਕਜੁੱਟਤਾ ਵਿੱਚ ਦਰਾਰ**

ਜੰਗ ਤੋਂ ਬਾਅਦ ਇਟਲੀ ਦੀ ਮਜ਼ਦੂਰ ਲਹਿਰ ਇਕਜੁੱਟ ਸੀ, ਪਰ ਦੇਸ਼ ਦੀ ਰਾਜਨੀਤਕ ਵੰਡ ਹੌਲੀ-ਹੌਲੀ ਮਜ਼ਦੂਰ ਜਥੇਬੰਦੀ ਦੇ ਅੰਦਰ ਵੀ ਦਾਖਲ ਹੋਣ ਲੱਗੀ।

14 ਜੁਲਾਈ 1948 ਨੂੰ Palmiro Togliatti ਉੱਤੇ ਹੋਏ ਹਮਲੇ ਤੋਂ ਬਾਅਦ CGIL ਨੇ ਆਮ ਹੜਤਾਲ ਦਾ ਸੱਦਾ ਦਿੱਤਾ। ਇਸ ਤੋਂ ਬਾਅਦ ਮਜ਼ਦੂਰ ਜਥੇਬੰਦੀ ਦੇ ਅੰਦਰ ਮੱਤਭੇਦ ਤਿੱਖੇ ਹੋਏ ਅਤੇ ਵੱਖ-ਵੱਖ ਧਾਰਾਵਾਂ ਨੇ ਵੱਖਰੀਆਂ ਜਥੇਬੰਦੀਆਂ ਬਣਾਈਆਂ।

ਇਸ ਤਰ੍ਹਾਂ ਇਟਲੀ ਦੇ ਮਜ਼ਦੂਰ ਅੰਦੋਲਨ ਦਾ ਇੱਕ ਵੱਡਾ ਅਧਿਆਇ ਇਕਜੁੱਟਤਾ ਤੋਂ ਵੰਡ ਵੱਲ ਮੁੜਿਆ।

ਪਰ ਵੰਡ ਦੇ ਬਾਵਜੂਦ CGIL ਇਟਲੀ ਦੇ ਮਜ਼ਦੂਰ ਅੰਦੋਲਨ ਦੀ ਕੇਂਦਰੀ ਤਾਕਤਾਂ ਵਿੱਚੋਂ ਇੱਕ ਬਣੀ ਰਹੀ।

1968-70 : ਫੈਕਟਰੀਆਂ ਦੀਆਂ ਕੰਧਾਂ ਤੋਂ ਪਰੇ ਉੱਠਿਆ ਮਜ਼ਦੂਰ ਸਵਾਲ

1960ਵਿਆਂ ਦੇ ਅੰਤ ਵਿੱਚ ਇਟਲੀ ਨੇ ਵੱਡੀ ਸਮਾਜਿਕ ਅਤੇ ਉਦਯੋਗਿਕ ਹਲਚਲ ਵੇਖੀ। 1968-69 ਦੇ ਅੰਦੋਲਨਾਂ ਨੇ ਫੈਕਟਰੀਆਂ ਅੰਦਰ ਮਜ਼ਦੂਰਾਂ ਦੀ ਭੂਮਿਕਾ ਨੂੰ ਨਵੀਂ ਦਿਸ਼ਾ ਦਿੱਤੀ।

ਇਸ ਦੌਰ ਵਿੱਚ Consigli di Fabbrica—ਫੈਕਟਰੀ ਕੌਂਸਲਾਂ ਦੀ ਮਹੱਤਤਾ ਵਧੀ। 1969 ਵਿੱਚ CGIL ਨੇ ਆਪਣੇ ਢਾਂਚੇ ਵਿੱਚ ਇਨ੍ਹਾਂ ਕੌਂਸਲਾਂ ਨੂੰ ਅਹਿਮ ਸਥਾਨ ਦੇਣ ਦਾ ਫੈਸਲਾ ਕੀਤਾ।

ਫਿਰ ਆਇਆ 20 ਮਈ 1970 ਦਾ Statuto dei Lavoratori-ਕਾਨੂੰਨ ਨੰਬਰ 300/1970। ਇਸ ਨੇ ਕੰਮ ਵਾਲੀ ਥਾਂ ਉੱਤੇ ਮਜ਼ਦੂਰਾਂ ਦੀ ਆਜ਼ਾਦੀ, ਸੰਗਠਨ ਬਣਾਉਣ ਦੇ ਹੱਕ ਅਤੇ ਕਈ ਬੁਨਿਆਦੀ ਸੁਰੱਖਿਆਵਾਂ ਨੂੰ ਕਾਨੂੰਨੀ ਰੂਪ ਦਿੱਤਾ।

ਇਸੇ ਕਰਕੇ ਇਟਲੀ ਦੇ ਮਜ਼ਦੂਰ ਇਤਿਹਾਸ ਵਿੱਚ 1970 ਦਾ ਸਾਲ ਇੱਕ ਮੀਲ-ਪੱਥਰ ਵਾਂਗ ਖੜ੍ਹਾ ਹੈ।

**ਲੂਚਿਆਨੋ ਲਾਮਾ ਦਾ ਦੌਰ**



ਮਜ਼ਦੂਰ ਰੈਲੀ ਨੂੰ ਸੰਬੋਧਨ ਕਰਦੇ ਹੋਏ ਲਾਮਾ

1970 ਵਿੱਚ Luciano Lama CGIL ਦੀ ਅਗਵਾਈ ਵਿੱਚ ਆਇਆ। ਇਹ ਉਹ ਸਮਾਂ ਸੀ ਜਦੋਂ ਇਟਲੀ ਵਿੱਚ ਮਜ਼ਦੂਰ ਅੰਦੋਲਨ ਦੀ ਤਾਕਤ ਬਹੁਤ ਵੱਡੀ ਸੀ, ਪਰ ਨਾਲ ਹੀ ਦੇਸ਼ ਨੂੰ ਮਹਿੰਗਾਈ, ਆਰਥਿਕ ਸੰਕਟ, ਰਾਜਨੀਤਕ ਟਕਰਾਅ ਅਤੇ ਅੱਤਵਾਦੀ ਹਿੰਸਾ ਵਰਗੀਆਂ ਚੁਣੌਤੀਆਂ ਦਾ ਸਾਹਮਣਾ ਵੀ ਸੀ।

ਲਾਮਾ ਨੇ ਮਜ਼ਦੂਰ ਹੱਕਾਂ ਦੇ ਨਾਲ ਲੋਕਤੰਤਰਕ ਸੰਸਥਾਵਾਂ ਦੀ ਰੱਖਿਆ ਨੂੰ ਵੀ ਮਹੱਤਵ ਦਿੱਤਾ। ਉਸ ਦੀਆਂ ਤਸਵੀਰਾਂ ਵਿੱਚੋਂ ਇੱਕ ਵਿੱਚ ਉਹ ਮਿਲਾਨ ਦੀ ਭੀੜ ਸਾਹਮਣੇ ਮੰਚ ਤੋਂ ਸੰਬੋਧਨ ਕਰਦਾ ਦਿਖਾਈ ਦਿੰਦਾ ਹੈ-ਇਹ ਤਸਵੀਰ ਉਸ ਯੁੱਗ ਦੀ ਜਨਤਕ ਮਜ਼ਦੂਰ ਰਾਜਨੀਤਿਕ ਲਹਿਰ ਦਾ ਦ੍ਰਿਸ਼ ਦਿੰਦੀ ਹੈ।

ਪਰ 1980 ਵਿੱਚ ਇਟਲੀ ਦੀ ਦੁਨੀਆ ਵਿਚ ਮਸ਼ਹੂਰ ਕਾਰ FIAT, Turin ਦਾ ਸੰਘਰਸ਼ ਇੱਕ ਵੱਡਾ ਮੋੜ ਬਣਿਆ। ਲੰਮੇ ਵਿਵਾਦ ਤੋਂ ਬਾਅਦ 14 ਅਕਤੂਬਰ 1980 ਨੂੰ FIAT ਦੇ ਕਰਮਚਾਰੀਆਂ, ਟੈਕਨੀਸ਼ਨਾਂ ਦੀ ਮਸ਼ਹੂਰ Marcia dei quarantamila ਹੋਈ। ਇਸ ਘਟਨਾ ਨੂੰ ਇਟਲੀ ਦੇ ਉਦਯੋਗਿਕ ਸੰਬੰਧਾਂ ਦੇ ਇਤਿਹਾਸ ਵਿੱਚ ਇੱਕ ਵੱਡਾ ਮੋੜ ਮੰਨਿਆ ਜਾਂਦਾ ਹੈ। ਵੱਖ-ਵੱਖ ਸਰੋਤਾਂ ਵਿੱਚ ਹਿੱਸਾ ਲੈਣ ਵਾਲਿਆਂ ਦੀ ਗਿਣਤੀ ਬਾਰੇ ਵੱਖਰੇ ਅੰਕ ਮਿਲਦੇ ਹਨ; 40,000 ਨਾਂਅ ਇਤਿਹਾਸਕ ਤੌਰ 'ਤੇ ਪ੍ਰਚਲਿਤ ਹੋਇਆ।

1980ਵਿਆਂ ਦੀਆਂ ਚੁਣੌਤੀਆਂ-ਜਦੋਂ ਮਜ਼ਦੂਰ ਲਹਿਰ ਨੂੰ ਨਵਾਂ ਸਵਾਲ ਮਿਲਿਆ

FIAT ਸੰਘਰਸ਼ ਤੋਂ ਬਾਅਦ ਇਟਲੀ ਦੀ ਅਰਥਵਿਵਸਥਾ ਵਿੱਚ ਉਦਯੋਗਿਕ ਪੁਨਰਗਠਨ, ਨਵੀਂ ਤਕਨਾਲੋਜੀ ਅਤੇ ਉਤਪਾਦਨ ਦੇ ਬਦਲਦੇ ਢੰਗ ਆਉਣ ਲੱਗੇ। ਰਵਾਇਤੀ ਵੱਡੀਆਂ ਫੈਕਟਰੀਆਂ ਵਾਲਾ ਮਜ਼ਦੂਰ ਸੰਸਾਰ ਹੌਲੀ-ਹੌਲੀ ਬਦਲਣ ਲੱਗਾ।

1984 ਵਿੱਚ scala mobile ਸੰਬੰਧੀ ਵਿਵਾਦ ਨੇ CGIL ਅਤੇ ਹੋਰ ਕੇਂਦਰੀ ਮਜ਼ਦੂਰ ਜਥੇਬੰਦੀਆਂ ਵਿਚਕਾਰ ਗੰਭੀਰ ਮੱਤਭੇਦ ਪੈਦਾ ਕੀਤੇ। 1985 ਵਿੱਚ ਇਸ ਮੁੱਦੇ ਉੱਤੇ ਰੈਫਰੈਂਡਮ ਹੋਇਆ, ਜਿਸ ਦਾ ਨਤੀਜਾ CGIL ਅਤੇ ਉਸ ਨਾਲ ਜੁੜੀਆਂ ਤਾਕਤਾਂ ਦੀ ਇੱਛਾ ਅਨੁਸਾਰ ਨਹੀਂ ਰਿਹਾ।

ਇਹ ਉਹ ਦੌਰ ਸੀ, ਜਦੋਂ ਮਜ਼ਦੂਰ ਅੰਦੋਲਨ ਨੂੰ ਇੱਕ ਨਵੀਂ ਹਕੀਕਤ ਨਾਲ ਸਾਹਮਣਾ ਹੋਇਆ-ਸਿਰਫ਼ ਮਜ਼ਦੂਰੀ ਵਧਾਉਣ ਦੀ ਲੜਾਈ ਨਹੀਂ, ਸਗੋਂ ਮਹਿੰਗਾਈ, ਉਤਪਾਦਕਤਾ, ਤਕਨਾਲੋਜੀ, ਬੇਰੁਜ਼ਗਾਰੀ ਅਤੇ ਉਦਯੋਗਿਕ ਪੁਨਰਗਠਨ ਦੇ ਸਵਾਲ ਵੀ ਸਾਹਮਣੇ ਸਨ।

**1990ਵਿਆਂ ਦੀ-ਟਕਰਾਅ ਤੋਂ ਗੱਲਬਾਤ ਤੱਕ**

1990ਵਿਆਂ ਵਿੱਚ ਇਟਲੀ ਦੀ ਆਰਥਿਕ ਅਤੇ ਰਾਜਨੀਤਕ ਸਥਿਤੀ ਨੇ ਸਰਕਾਰ, ਉਦਯੋਗਪਤੀਆਂ ਅਤੇ ਮਜ਼ਦੂਰ ਜਥੇਬੰਦੀਆਂ ਵਿਚਕਾਰ ਗੱਲਬਾਤ ਦੀ ਇੱਕ ਨਵੀਂ ਪ੍ਰਣਾਲੀ ਨੂੰ ਜਨਮ ਦਿੱਤਾ, ਜਿਸ ਨੂੰ concertazione ਕਿਹਾ ਗਿਆ।

1992 ਦੇ ਸਮਝੌਤੇ ਅਤੇ ਫਿਰ 23 ਜੁਲਾਈ 1993 ਦੇ Protocollo Ciampi ਨੇ ਮਜ਼ਦੂਰੀ, ਮਹਿੰਗਾਈ, ਸਮੂਹਕ ਸਮਝੌਤਿਆਂ ਅਤੇ ਆਰਥਿਕ ਨੀਤੀ ਦੇ ਸਵਾਲਾਂ ਨੂੰ ਇੱਕ ਵਿਆਪਕ ਸਮਾਜਿਕ ਸਮਝੌਤੇ ਦੇ ਢਾਂਚੇ ਵਿੱਚ ਲਿਆਉਣ ਦੀ ਕੋਸ਼ਿਸ਼ ਕੀਤੀ। ਉਸ ਸਮੇਂ 379* ਦੇ ਜਨਰਲ ਸਕੱਤਰ ਬ੍ਰਾਊਨੋ ਤਰਾਤਰੀਨੋ Bruno Trentin ਸਨ ।

ਟ੍ਰੈਂਤਿਨ ਦੀ ਸੋਚ ਵਿੱਚ ਇੱਕ ਵੱਡਾ ਸਵਾਲ ਇਹ ਸੀ ਕਿ ਮਜ਼ਦੂਰ ਜਥੇਬੰਦੀ ਸਰਕਾਰ ਅਤੇ ਉਦਯੋਗ ਨਾਲ ਸਮਝੌਤੇ ਕਰੇ, ਪਰ ਆਪਣੀ ਜੜ੍ਹ-ਕੰਮ ਵਾਲੀ ਥਾਂ ਦੇ ਮਜ਼ਦੂਰ-ਤੋਂ ਦੂਰ ਨਾ ਹੋਵੇ।

ਇਹੀ ਉਹ ਦੌਰ ਸੀ, ਜਦੋਂ CGIL ਨੂੰ ਪੁਰਾਣੇ ਉਦਯੋਗਿਕ ਮਜ਼ਦੂਰ ਵਰਗ ਤੋਂ ਅੱਗੇ ਵਧ ਕੇ ਸੇਵਾ ਖੇਤਰ, ਨਵੇਂ ਰੁਜ਼ਗਾਰ, ਔਰਤਾਂ, ਨੌਜਵਾਨਾਂ ਅਤੇ ਬਦਲਦੇ ਕੰਮਕਾਜੀ ਸੰਸਾਰ ਨੂੰ ਵੀ ਆਪਣੀ ਨੁਮਾਇੰਦਗੀ ਵਿੱਚ ਸ਼ਾਮਲ ਕਰਨਾ ਪਿਆ।

ਨਵੀਂ ਸਦੀ-ਗਲੋਬਲਾਈਜ਼ੇਸ਼ਨ, ਅਸਥਿਰ ਰੁਜ਼ਗਾਰ ਅਤੇ ਨਵੇਂ ਸਵਾਲ

2000 ਤੋਂ ਬਾਅਦ ਇਟਲੀ ਦੀ ਮਜ਼ਦੂਰ ਦੁਨੀਆ ਹੋਰ ਵੀ ਬਦਲੀ। ਵੱਡੀਆਂ ਫੈਕਟਰੀਆਂ ਦੇ ਨਾਲ ਛੋਟੀਆਂ ਕੰਪਨੀਆਂ, ਸੇਵਾ ਖੇਤਰ, ਅਸਥਾਈ ਰੁਜ਼ਗਾਰ, ਪਰਵਾਸੀ ਮਜ਼ਦੂਰ ਅਤੇ ਗਲੋਬਲ ਉਤਪਾਦਨ ਲੜੀਆਂ ਮਜ਼ਦੂਰ ਜਥੇਬੰਦੀਆਂ ਲਈ ਨਵੀਆਂ ਚੁਣੌਤੀਆਂ ਬਣੀਆਂ।

ਇਸ ਦੌਰ ਵਿੱਚ Sergio Cofferati, Guglielmo Epifani, Susanna Camusso ਅਤੇ ਫਿਰ Maurizio Landini ਵਰਗੇ ਆਗੂ CGIL ਦੀ ਅਗਵਾਈ ਵਿੱਚ ਆਏ। Epifani 2002 ਵਿੱਚ ਜਨਰਲ ਸਕੱਤਰ ਬਣਿਆ ਅਤੇ 2010 ਤੱਕ ਇਸ ਅਹੁਦੇ ਉੱਤੇ ਰਿਹਾ; ਉਹ CGIL ਦੀ ਅਗਵਾਈ ਕਰਨ ਵਾਲਾ ਪਹਿਲਾ ਸੋਸ਼ਲਿਸਟ ਵੀ ਸੀ।

2000ਵਿਆਂ ਵਿੱਚ ਆਰਟੀਕਲ 18 ਅਤੇ ਮਜ਼ਦੂਰ ਸੁਰੱਖਿਆ ਦੇ ਸਵਾਲਾਂ ਉੱਤੇ 379* ਦੀਆਂ ਵੱਡੀਆਂ ਮੁਹਿੰਮਾਂ ਹੋਈਆਂ। 2003 ਦੇ ਰੈਫਰੈਂਡਮ ਵਿੱਚ ਛੋਟੀਆਂ ਕੰਪਨੀਆਂ ਤੱਕ ਆਰਟੀਕਲ 18 ਦੀਆਂ ਸੁਰੱਖਿਆਵਾਂ ਵਧਾਉਣ ਦਾ ਸਵਾਲ ਵੀ ਚਰਚਾ ਵਿੱਚ ਆਇਆ।

**ਫਿਰ ਆਇਆ ਲਾਂਦੀਨੀ ਦਾ ਯੁਗ**

FIOM ਦੇ ਧਾਤ ਮਜ਼ਦੂਰ ਅੰਦੋਲਨ ਵਿੱਚੋਂ ਉੱਭਰਿਆ Maurizio Landini 2019 ਵਿੱਚ CGIL ਦਾ ਜਨਰਲ ਸਕੱਤਰ ਬਣਿਆ ਅਤੇ 2026 ਵਿੱਚ ਵੀ ਇਸ ਅਹੁਦੇ ਉੱਤੇ ਹੈ। ਉਸ ਦੀ ਅਗਵਾਈ ਵਾਲੇ ਦੌਰ ਵਿੱਚ ਮਜ਼ਦੂਰ ਜਥੇਬੰਦੀ ਨੇ ਤਨਖਾਹਾਂ, ਖਰੀਦ-ਸ਼ਕਤੀ, ਸੁਰੱਖਿਆ, ਸਮੂਹਕ ਸਮਝੌਤਿਆਂ, ਉਦਯੋਗਿਕ ਨੀਤੀ ਅਤੇ ਨਵੀਂ ਤਕਨਾਲੋਜੀ ਵਰਗੇ ਮੁੱਦਿਆਂ ਨੂੰ ਕੇਂਦਰ ਵਿੱਚ ਰੱਖਿਆ ਹੈ।

29 ਸਤੰਬਰ 2026 ਨੂੰ 120ਵੀਂ ਵਰ੍ਹੇਗੰਢ ਦੇ ਸਮਾਗਮ ਦੀ ਸ਼ੁਰੂਆਤ ਕਰਦਿਆਂ ਲਾਂਦੀਨੀ ਨੇ ਕਿਹਾ ਕਿ CGIL ਦੇ 120 ਸਾਲਾਂ ਦਾ ਤਜਰਬਾ ਨਵੀਂ ਪੀੜ੍ਹੀ ਤੱਕ ਪਹੁੰਚਾਉਣਾ ਜ਼ਰੂਰੀ ਹੈ ਅਤੇ ਮਜ਼ਦੂਰ ਹੱਕ ਕਿਸੇ ਨੇ ਤੋਹਫ਼ੇ ਵਜੋਂ ਨਹੀਂ ਦਿੱਤੇ, ਸਗੋਂ ਲੰਬੀਆਂ ਲੜਾਈਆਂ ਰਾਹੀਂ ਪ੍ਰਾਪਤ ਹੋਏ ਹਨ।

30 ਸਤੰਬਰ ਨੂੰ ਉਸ ਨੇ ਰਾਸ਼ਟਰਪਤੀ ਮੱਤਾਰੇਲਾ ਦੀ ਮੌਜੂਦਗੀ ਵਿੱਚ ਮਜ਼ਦੂਰ ਸੁਰੱਖਿਆ ਬਾਰੇ ਕਿਹਾ- Si deve vivere di lavoro, non morire , ਅਰਥਾਤ ਕੰਮ ਨਾਲ ਜੀਉਣਾ ਚਾਹੀਦਾ ਹੈ, ਕੰਮ ਕਰਦਿਆਂ ਮਰਨਾ ਨਹੀਂ।

ਇਸ ਸਮਾਗਮ ਵਿੱਚ ਮੱਤਾਰੇਲਾ ਦੀ ਮੌਜੂਦਗੀ, ਲਾਂਦੀਨੀ ਦਾ ਭਾਸ਼ਣ ਅਤੇ CGIL ਦੇ 120 ਸਾਲਾਂ ਦੀ ਕਹਾਣੀ ਨੂੰ ਕਲਾ, ਸੰਗੀਤ ਅਤੇ ਦ੍ਰਿਸ਼ਾਂ ਰਾਹੀਂ ਪੇਸ਼ ਕੀਤਾ ਗਿਆ।

120 ਸਾਲਾਂ ਬਾਅਦ ਵੀ ਸਵਾਲ ਉਹੀ-ਮਜ਼ਦੂਰ ਦੀ ਜ਼ਿੰਦਗੀ ਕਿੰਨੀ ਬਦਲੀ ?

CGIL ਦੀ 120 ਸਾਲਾਂ ਦੀ ਕਹਾਣੀ ਨੂੰ ਜੇ ਇੱਕ ਵਾਕ ਵਿੱਚ ਸਮੇਟਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ-ਇਹ ਤਨਖਾਹ ਤੋਂ ਇਨਸਾਫ਼ ਤੱਕ ਦੀ ਯਾਤਰਾ ਹੈ।

1906 ਦਾ ਮਜ਼ਦੂਰ ਅੱਠ-ਦਸ-ਬਾਰਾਂ ਘੰਟਿਆਂ ਦੀ ਮਿਹਨਤ ਤੋਂ ਬਾਅਦ ਆਪਣੀ ਆਵਾਜ਼ ਨੂੰ ਜਥੇਬੰਦ ਕਰਨ ਲਈ ਇਕੱਠਾ ਹੋ ਰਿਹਾ ਸੀ। 1970 ਦਾ ਮਜ਼ਦੂਰ ਕੰਮ ਵਾਲੀ ਥਾਂ ਉੱਤੇ ਆਪਣੇ ਕਾਨੂੰਨੀ ਹੱਕਾਂ ਦੀ ਗੱਲ ਕਰ ਰਿਹਾ ਸੀ। 1990ਵਿਆਂ ਦਾ ਮਜ਼ਦੂਰ ਸਰਕਾਰ ਅਤੇ ਉਦਯੋਗਪਤੀਆਂ ਨਾਲ ਰਾਸ਼ਟਰੀ ਆਰਥਿਕ ਨੀਤੀ ਉੱਤੇ ਗੱਲਬਾਤ ਕਰ ਰਿਹਾ ਸੀ ਅਤੇ 2026 ਦਾ ਮਜ਼ਦੂਰ ਆਰਟੀਫੀਸ਼ੀਅਲ ਇੰਟੈਲੀਜੰਸੀ, ਆਟੋਮੇਸ਼ਨ, ਇਨਵਾਰਮੈਂਟ, ਟੂਰਿਜ਼ਮ, ਮਾਈਗਰੇਟ ਲੇਵਰ ਜੋਬਸਕਰਟੀ ਅਤੇ ਵਰਕ ਪਲੇਸ ਸੇਫਟੀ Artificial Intelligence, automation, environmental transition, wages, migrant labour, job security Áå¶ workplace safety ਦੇ ਸਵਾਲਾਂ ਨਾਲ ਜੂਝ ਰਿਹਾ ਹੈ। CGIL ਦੀ 2026 ਦੀ ਵਰ੍ਹੇਗੰਢ ਦੀਆਂ ਚਰਚਾਵਾਂ ਵਿੱਚ ਵੀ 19, ਤਕਨਾਲੋਜੀ, energy transition, ਨਵਾਂ ਵਿਕਾਸ ਮਾਡਲ ਅਤੇ ਕੰਮ ਦੀ ਮਨੁੱਖੀ ਹਾਲਤ ਕੇਂਦਰੀ ਵਿਸ਼ੇ ਰਹੇ।

ਸਮਾਂ ਬਦਲ ਗਿਆ, ਫੈਕਟਰੀਆਂ ਬਦਲ ਗਈਆਂ, ਮਸ਼ੀਨਾਂ ਬਦਲ ਗਈਆਂ, ਕੰਮ ਦੇ ਢੰਗ ਬਦਲ ਗਏ; ਪਰ ਇੱਕ ਸਵਾਲ ਅਜੇ ਵੀ ਮਜ਼ਦੂਰ ਅੰਦੋਲਨ ਦੇ ਮੱਥੇ ਉੱਤੇ ਲਿਖਿਆ ਹੈ-ਉਤਪਾਦਨ ਦੀ ਤਰੱਕੀ ਵਿੱਚ ਮਨੁੱਖ ਦੀ ਜ਼ਿੰਦਗੀ ਅਤੇ ਇੱਜ਼ਤ ਦਾ ਸਥਾਨ ਕਿੱਥੇ ਹੈ ?



ਮਿਲਾਨ ਦੇ ਤੇਅਤੋਰ ਆਲਾ ਸਕਾਲਾ ਵਿਖੇ 30 ਸਤੰਬਰ 2026 ਨੂੰ ਸੀਜਲ ਦੇ 120ਵੇਂ ਸਥਾਪਨਾ ਦਿਵਸ ਮੌਕੇ ਇਟਲੀ ਦੇ ਰਾਸ਼ਟਰਪਤੀ ਸਰਜੀਓ ਮੱਤਾਰੇਲਾ ਅਤੇ ਸੀਜਲ ਦੇ ਜਨਰਲ ਸਕੱਤਰ ਮੌਰੀਜ਼ਿਓ ਲਾਂਦੀਨੀ।

ਇਹੀ ਸਵਾਲ CGIL ਦੀ 120 ਸਾਲਾਂ ਦੀ ਯਾਤਰਾ ਨੂੰ ਅੱਜ ਵੀ ਪ੍ਰਸੰਗਿਕ ਬਣਾਉਂਦਾ ਹੈ।

ਮਾਰਕਸ ਤੋਂ ਦੀ ਵਿਤਤੋਰੀਓ ਤੱਕ-ਇੱਕ ਵਿਚਾਰ ਦੀ ਲੰਮੀ ਗੂੰਜ

ਕਾਰਲ ਮਾਰਕਸ ਨੇ Theses on Feuerbach ਵਿੱਚ ਲਿਖਿਆ ਸੀ ਕਿ ਦਾਰਸ਼ਨਿਕਾਂ ਨੇ ਦੁਨੀਆ ਨੂੰ ਵੱਖ-ਵੱਖ ਢੰਗਾਂ ਨਾਲ ਸਮਝਾਇਆ ਹੈ, ਪਰ ਮਸਲਾ ਦੁਨੀਆ ਨੂੰ ਬਦਲਣ ਦਾ ਵੀ ਹੈ।

ਦੀ ਵਿਤਤੋਰੀਓ ਨੇ ਮਜ਼ਦੂਰਾਂ ਨੂੰ ਇਕੱਠੇ ਰਹਿਣ ਅਤੇ ਸੰਗਠਿਤ ਤਾਕਤ ਬਣਾਉਣ ਦੀ ਗੱਲ ਕੀਤੀ।

ਅਤੇ 2026 ਵਿੱਚ ਲਾਂਦੀਨੀ ਨੇ 120 ਸਾਲਾਂ ਦੀ ਯਾਦ ਨੂੰ ਨਵੀਂ ਪੀੜ੍ਹੀ ਨਾਲ ਜੋੜਨ ਦੀ ਗੱਲ ਕੀਤੀ।

ਇਨ੍ਹਾਂ ਤਿੰਨਾਂ ਸਮਿਆਂ ਵਿਚਕਾਰ ਇੱਕ ਸਾਂਝੀ ਲੜੀ ਨਜ਼ਰ ਆਉਂਦੀ ਹੈ-ਮਿਹਨਤ ਨੂੰ ਸਿਰਫ਼ ਬਾਜ਼ਾਰ ਦੀ ਵਸਤੂ ਨਾ ਸਮਝ ਕੇ ਮਨੁੱਖੀ ਜੀਵਨ ਦੇ ਕੇਂਦਰ ਵਿੱਚ ਰੱਖਣ ਦਾ ਸਵਾਲ।

ਇਹ ਵਿਚਾਰ ਕਿਸੇ ਇੱਕ ਪਾਰਟੀ, ਇੱਕ ਸਰਕਾਰ ਜਾਂ ਇੱਕ ਆਗੂ ਦੀ ਜਾਇਦਾਦ ਨਹੀਂ; ਇਹ ਪਿਛਲੇ ਡੇਢ ਸੌ ਸਾਲ ਤੋਂ ਦੁਨੀਆ ਭਰ ਦੇ ਮਜ਼ਦੂਰ ਅੰਦੋਲਨਾਂ ਵਿੱਚ ਚੱਲਦਾ ਆ ਰਿਹਾ ਇੱਕ ਵੱਡਾ ਸਮਾਜਿਕ ਪ੍ਰਸ਼ਨ ਹੈ।

**ਮਿਲਾਨ ਤੋਂ ਮਿਲਾਨ ਤੱਕ-120 ਸਾਲਾਂ ਦਾ ਚੱਕਰ**

1906 ਵਿੱਚ ਮਿਲਾਨ ਦੇ ਇੱਕ ਮਜ਼ਦੂਰ ਸਭਾ-ਘਰ ਵਿੱਚ ਲੱਗਭੱਗ 700 ਜਥੇਬੰਦੀਆਂ ਦੀ ਨੁਮਾਇੰਦਗੀ ਕਰਦੇ ਡੈਲੀਗੇਟ ਇਕੱਠੇ ਹੋਏ ਸਨ। 2026 ਵਿੱਚ ਉਸੇ ਸ਼ਹਿਰ ਵਿੱਚ ਇਟਲੀ ਦੇ ਗਣਰਾਜ ਦਾ ਰਾਸ਼ਟਰਪਤੀ, 379* ਦਾ ਜਨਰਲ ਸਕੱਤਰ ਅਤੇ ਦੇਸ਼ ਦੇ ਸੱਭਿਆਚਾਰਕ ਖੇਤਰ ਦੀਆਂ ਪ੍ਰਮੁੱਖ ਹਸਤੀਆਂ ਮਿਲਾਨ ਵਿਚ ਇਕੱਠੀਆਂ ਹੋਈਆਂ।

ਇੱਕ ਸਦੀ ਤੋਂ ਵੱਧ ਦਾ ਇਹ ਫਾਸਲਾ ਆਪਣੇ-ਆਪ ਵਿੱਚ ਇਤਿਹਾਸ ਦੀ ਇੱਕ ਕਿਤਾਬ ਹੈ।

ਉਸ ਵੇਲੇ ਮਜ਼ਦੂਰਾਂ ਕੋਲ ਤਾਕਤ ਘੱਟ ਸੀ, ਪਰ ਗਿਣਤੀ ਵਧ ਰਹੀ ਸੀ। ਅੱਜ ਸੰਸਥਾ ਕੋਲ ਇਤਿਹਾਸ ਹੈ, ਤਜਰਬਾ ਹੈ ਅਤੇ ਇਟਲੀ ਦੇ ਲੋਕਤੰਤਰਕ ਜੀਵਨ ਵਿੱਚ ਇੱਕ ਲੰਮੀ ਹਾਜ਼ਰੀ ਹੈ, ਪਰ ਇਤਿਹਾਸ ਇਹ ਵੀ ਦੱਸਦਾ ਹੈ ਕਿ ਕੋਈ ਵੀ ਜਥੇਬੰਦੀ ਆਪਣੇ ਪੁਰਾਣੇ ਗੌਰਵ ਦੇ ਸਹਾਰੇ ਭਵਿੱਖ ਨਹੀਂ ਜਿੱਤ ਸਕਦੀ। ਹਰ ਪੀੜ੍ਹੀ ਨੂੰ ਆਪਣੇ ਨਵੇਂ ਸਵਾਲਾਂ ਦੇ ਜਵਾਬ ਖੁਦ ਲੱਭਣੇ ਪੈਂਦੇ ਹਨ।

ਇਸੇ ਲਈ CGIL ਦੇ 120 ਸਾਲ ਸਿਰਫ਼ ਇੱਕ ਵਰ੍ਹੇਗੰਢ ਨਹੀਂ ਹਨ। ਇਹ ਇਟਲੀ ਦੇ ਉਦਯੋਗੀਕਰਨ, ਫਾਸ਼ੀਵਾਦ, ਵਿਰੋਧੀ-ਫਾਸ਼ੀਵਾਦੀ ਸੰਘਰਸ਼, ਗਣਰਾਜ ਦੀ ਸਥਾਪਨਾ, ਸੰਵਿਧਾਨ, ਉਦਯੋਗਿਕ ਟਕਰਾਅ, ਸਮਾਜਿਕ ਸੁਧਾਰ, ਵਿਸ਼ਵੀਕਰਨ ਅਤੇ ਅੱਜ ਦੀ ਡਿਜੀਟਲ ਆਰਥਿਕਤਾ ਤੱਕ ਦੀ ਯਾਤਰਾ ਦਾ ਇੱਕ ਅਹਿਮ ਦਸਤਾਵੇਜ਼ ਹਨ।

ਮਜ਼ਦੂਰ ਦੀ ਕਹਾਣੀ ਦਰਅਸਲ ਇਟਲੀ ਦੀ ਕਹਾਣੀ ਹੈ ਅਤੇ CGIL ਦੇ 120 ਸਾਲ ਉਸ ਕਹਾਣੀ ਦਾ ਇੱਕ ਲੰਮਾ, ਸੰਘਰਸ਼ਮਈ ਅਤੇ ਅਜੇ ਅਧੂਰਾ ਅਧਿਆਇ ਹਨ।

ਇੱਕ ਸਦੀ ਬਾਅਦ ਸਵਾਲ ਮੁੜ ਉੱਥੇ ਹੀ ਖੜ੍ਹਾ ਹੈ, ਪਰ ਇਸ ਵਾਰ ਮਜ਼ਦੂਰ ਦਾ ਚਿਹਰਾ ਬਦਲ ਗਿਆ ਹੈ

ਸੀ ਜੀ ਐੱਲ ਦੇ 120 ਸਾਲਾਂ ਦੇ ਇਤਿਹਾਸ ਨੂੰ ਜੇ ਅੱਜ ਦੇ ਇਟਲੀ ਦੇ ਮਜ਼ਦੂਰ ਬਾਜ਼ਾਰ ਨਾਲ ਜੋੜ ਕੇ ਵੇਖਿਆ ਜਾਵੇ ਤਾਂ ਇਤਿਹਾਸ ਦਾ ਇੱਕ ਦਿਲਚਸਪ ਪੱਖ ਸਾਹਮਣੇ ਆਉਂਦਾ ਹੈ। 1906 ਵਿੱਚ ਜਦੋਂ ਇਟਲੀ ਦੇ ਮਜ਼ਦੂਰ ਆਪਣੀ ਜਥੇਬੰਦਕ ਤਾਕਤ ਨੂੰ ਇੱਕ ਕੇਂਦਰੀ ਰੂਪ ਦੇ ਰਹੇ ਸਨ, ਉਸ ਵੇਲੇ ਮਜ਼ਦੂਰ ਮੁੱਖ ਤੌਰ 'ਤੇ ਇਟਲੀ ਦੇ ਆਪਣੇ ਉਦਯੋਗਿਕ ਸਮਾਜ ਦਾ ਹਿੱਸਾ ਸੀ। ਅੱਜ ਇਟਲੀ ਦੀ ਆਰਥਿਕਤਾ ਦਾ ਇੱਕ ਵੱਡਾ ਹਿੱਸਾ ਉਸ ਮਜ਼ਦੂਰ ਦੇ ਮੋਢਿਆਂ ਉੱਤੇ ਵੀ ਟਿਕਿਆ ਹੋਇਆ ਹੈ, ਜਿਹੜਾ ਹਜ਼ਾਰਾਂ ਕਿਲੋਮੀਟਰ ਦੂਰੋਂ ਇੱਥੇ ਆਇਆ ਹੈ। ਅਫ਼ਰੀਕਾ ਤੋਂ ਆਇਆ ਮਜ਼ਦੂਰ ਹੋਵੇ, ਏਸ਼ੀਆ ਤੋਂ ਆਇਆ ਕਾਮਾ ਹੋਵੇ ਜਾਂ ਪੰਜਾਬ ਦੀ ਧਰਤੀ ਤੋਂ ਇਟਲੀ ਪਹੁੰਚਿਆ ਕੋਈ ਨੌਜਵਾਨ-ਉਸ ਦੇ ਹੱਥਾਂ ਦੀ ਮਿਹਨਤ ਅੱਜ ਇਟਲੀ ਦੇ ਖੇਤਾਂ, ਡੇਅਰੀ ਫਾਰਮਾਂ, ਫੈਕਟਰੀਆਂ, ਗੋਦਾਮਾਂ, ਉਸਾਰੀ ਦੇ ਕੰਮ ਅਤੇ ਸੇਵਾ ਖੇਤਰ ਵਿੱਚ ਆਪਣਾ ਹਿੱਸਾ ਪਾ ਰਹੀ ਹੈ।

ਇਸ ਤਬਦੀਲੀ ਦਾ ਸਭ ਤੋਂ ਵੱਡਾ ਸਰਕਾਰੀ ਸਬੂਤ ਇਟਲੀ ਦਾ 2026 ਦਾ ਫਲੂੱਸੀ ਪ੍ਰੋਗਰਾਮ ਹੈ। ਸਰਕਾਰ ਨੇ 2026 ਵਿੱਚ ਯੂਰਪੀ ਸੰਘ ਤੋਂ ਬਾਹਰਲੇ ਦੇਸ਼ਾਂ ਦੇ ਨਾਗਰਿਕਾਂ ਲਈ ਰੁਜ਼ਗਾਰ ਦੇ ਮਕਸਦ ਨਾਲ ਕੁੱਲ 1,64,850 ਦਾਖਲਿਆਂ ਦੀ ਹੱਦ ਨਿਰਧਾਰਤ ਕੀਤੀ ਹੈ। ਇਨ੍ਹਾਂ ਵਿੱਚ 76,200 ਗੈਰ-ਮੌਸਮੀ ਰੁਜ਼ਗਾਰ, 88,000 ਮੌਸਮੀ ਰੁਜ਼ਗਾਰ ਅਤੇ 650 ਸਵੈ-ਰੁਜ਼ਗਾਰ ਲਈ ਹਨ। 2027 ਅਤੇ 2028 ਲਈ ਵੀ ਕ੍ਰਮਵਾਰ 1,65,850 ਅਤੇ 1,66,850 ਦਾਖਲਿਆਂ ਦੀ ਯੋਜਨਾ ਬਣਾਈ ਗਈ ਹੈ।

ਅਰਥਾਤ ਜਿਸ ਇਟਲੀ ਨੇ ਕਦੇ ਆਪਣੇ ਹੀ ਪਿੰਡਾਂ ਅਤੇ ਸ਼ਹਿਰਾਂ ਦੇ ਮਜ਼ਦੂਰਾਂ ਦੀ ਜਥੇਬੰਦੀ ਲਈ ਸੀ ਜੀ ਐੱਲ ਬਣਾਈ ਸੀ, ਉਹੀ ਇਟਲੀ ਅੱਜ ਆਪਣੀ ਆਰਥਿਕਤਾ ਦੀਆਂ ਲੋੜਾਂ ਪੂਰੀਆਂ ਕਰਨ ਲਈ ਦੁਨੀਆ ਦੇ ਹੋਰ ਦੇਸ਼ਾਂ ਤੋਂ ਮਜ਼ਦੂਰ ਸੱਦ ਰਿਹਾ ਹੈ। ਇਹ ਇਤਿਹਾਸ ਦੀ ਇੱਕ ਵੱਡੀ ਵਿਡੰਬਨਾ ਵੀ ਹੈ ਅਤੇ ਆਰਥਿਕ ਹਕੀਕਤ ਵੀ।

ਪੰਜਾਬੀ ਮਜ਼ਦੂਰ-ਇਟਲੀ ਦੇ ਖੇਤੀਬਾੜੀ ਸੰਸਾਰ ਦਾ ਇੱਕ ਅਹਿਮ ਚਿਹਰਾ

ਇਸ ਬਦਲਦੇ ਮਜ਼ਦੂਰ ਸੰਸਾਰ ਵਿੱਚ ਪੰਜਾਬੀਆਂ ਦੀ ਕਹਾਣੀ ਨੂੰ ਵੱਖਰੇ ਤੌਰ 'ਤੇ ਪੜ੍ਹਨ ਦੀ ਲੋੜ ਹੈ। ਪਿਛਲੇ ਕਈ ਦਹਾਕਿਆਂ ਵਿੱਚ ਪੰਜਾਬ ਤੋਂ ਇਟਲੀ ਆਏ ਲੋਕਾਂ ਦੀ ਇੱਕ ਵੱਡੀ ਗਿਣਤੀ ਨੇ ਖੇਤੀਬਾੜੀ, ਪਸ਼ੂ ਪਾਲਣ, ਡੇਅਰੀ ਫਾਰਮਾਂ, ਫੈਕਟਰੀਆਂ ਅਤੇ ਹੋਰ ਸਰੀਰਕ ਮਿਹਨਤ ਵਾਲੇ ਖੇਤਰਾਂ ਵਿੱਚ ਆਪਣੀ ਥਾਂ ਬਣਾਈ ਹੈ। ਖ਼ਾਸ ਕਰਕੇ ਉੱਤਰੀ ਇਟਲੀ ਦੇ ਪੋ ਦਰਿਆਈ ਮੈਦਾਨ ਦੇ ਖੇਤੀਬਾੜੀ ਖੇਤਰ ਵਿੱਚ ਪੰਜਾਬੀ ਮਜ਼ਦੂਰਾਂ ਦੀ ਮੌਜੂਦਗੀ ਹੁਣ ਕੋਈ ਅਣਜਾਣ ਘਟਨਾ ਨਹੀਂ ਰਹੀ।

ਡੇਅਰੀ ਫਾਰਮ ਦੀ ਸਵੇਰ ਕਿਸੇ ਘੜੀ ਦੀਆਂ ਸੂਈਆਂ ਨਾਲ ਨਹੀਂ, ਪਸ਼ੂਆਂ ਦੀਆਂ ਆਵਾਜ਼ਾਂ ਨਾਲ ਸ਼ੁਰੂ ਹੁੰਦੀ ਹੈ। ਦੁੱਧ ਕੱਢਣ ਵਾਲੀਆਂ ਮਸ਼ੀਨਾਂ, ਪਸ਼ੂਆਂ ਦੀ ਦੇਖਭਾਲ, ਚਾਰਾ, ਸਫ਼ਾਈ ਅਤੇ ਲੰਮੇ ਕੰਮ ਦੇ ਘੰਟੇ-ਇਹ ਉਹ ਮਿਹਨਤ ਹੈ, ਜਿਸ ਨੂੰ ਸ਼ਹਿਰ ਦੇ ਚਮਕਦੇ ਬਾਜ਼ਾਰ ਵਿੱਚ ਬੈਠਾ ਖਪਤਕਾਰ ਅਕਸਰ ਵੇਖਦਾ ਹੀ ਨਹੀਂ, ਪਰ ਉਸ ਦੀ ਮੇਜ਼ ਉੱਤੇ ਪਹੁੰਚਣ ਵਾਲੇ ਦੁੱਧ ਦੇ ਪਿੱਛੇ ਕਿਸੇ ਪੰਜਾਬੀ ਨੌਜਵਾਨ ਦੀ ਰਾਤ-ਦਿਨ ਦੀ ਮਿਹਨਤ ਵੀ ਹੋ ਸਕਦੀ ਹੈ।

ਇਸ ਲਈ ਸੀ ਜੀ ਐੱਲ ਦੇ 120 ਸਾਲਾਂ ਦੇ ਇਤਿਹਾਸ ਨੂੰ ਅੱਜ ਦੇ ਦੌਰ ਵਿੱਚ ਪੜ੍ਹਨ ਦਾ ਅਸਲ ਮਤਲਬ ਇਹ ਵੀ ਹੈ ਕਿ ਮਜ਼ਦੂਰ ਦੇ ਚਿਹਰੇ ਨੂੰ ਪਛਾਣਿਆ ਜਾਵੇ, ਭਾਵੇਂ ਉਸ ਦਾ ਪਾਸਪੋਰਟ ਇਟਲੀ ਦਾ ਹੋਵੇ ਜਾਂ ਇੰਡੀਆ ਦਾ।

ਮੈਂਬਰਸ਼ਿਪ ਤੋਂ ਅੱਗੇ-ਮਜ਼ਦੂਰ ਦਾ ਭਰੋਸਾ ਸਭ ਤੋਂ ਵੱਡੀ ਪੂੰਜੀ ਹੈ

ਸੀ ਜੀ ਐੱਲ ਦੀ ਮੈਂਬਰਸ਼ਿਪ ਅੱਜ ਵੀ ਲੱਖਾਂ ਵਿੱਚ ਹੈ। 2024 ਦੇ ਅਧਿਕਾਰਤ ਅੰਕੜਿਆਂ ਅਨੁਸਾਰ ਸੀ ਜੀ ਐੱਲ ਦੇ ਕੁੱਲ ਮੈਂਬਰ 51,72,844 ਸਨ, ਜਿਨ੍ਹਾਂ ਵਿੱਚ 27,53,824 ਸਰਗਰਮ ਮੈਂਬਰ ਅਤੇ 24,19,020 ਪੈਨਸ਼ਨਰ ਮੈਂਬਰ ਸਨ।

ਇਹ ਗਿਣਤੀ ਆਪਣੇ-ਆਪ ਵਿੱਚ ਵੱਡੀ ਹੈ, ਪਰ ਮਜ਼ਦੂਰ ਜਥੇਬੰਦੀ ਦੀ ਅਸਲ ਤਾਕਤ ਸਿਰਫ਼ ਮੈਂਬਰਸ਼ਿਪ ਕਾਰਡਾਂ ਦੀ ਗਿਣਤੀ ਨਾਲ ਨਹੀਂ ਮਾਪੀ ਜਾ ਸਕਦੀ। ਅਸਲ ਸਵਾਲ ਇਹ ਹੈ ਕਿ ਜਦੋਂ ਇੱਕ ਮਜ਼ਦੂਰ ਨੂੰ ਕੰਮ ਵਾਲੀ ਥਾਂ 'ਤੇ ਮੁਸ਼ਕਲ ਆਉਂਦੀ ਹੈ, ਜਦੋਂ ਉਸ ਦੀ ਤਨਖਾਹ ਰੁਕ ਜਾਂਦੀ ਹੈ, ਜਦੋਂ ਉਸ ਨੂੰ ਕਾਨੂੰਨ ਅਨੁਸਾਰ ਮਿਲਣ ਵਾਲਾ ਹੱਕ ਨਹੀਂ ਮਿਲਦਾ, ਜਦੋਂ ਉਹ ਕੰਮ ਵਾਲੀ ਥਾਂ 'ਤੇ ਹਾਦਸੇ ਦਾ ਸ਼ਿਕਾਰ ਹੁੰਦਾ ਹੈ ਜਾਂ ਜਦੋਂ ਇੱਕ ਵਿਦੇਸ਼ੀ ਮਜ਼ਦੂਰ ਭਾਸ਼ਾ ਅਤੇ ਕਾਨੂੰਨੀ ਪ੍ਰਣਾਲੀ ਦੀ ਅਣਜਾਣਤਾ ਕਾਰਨ ਆਪਣੇ ਹੱਕਾਂ ਲਈ ਦਰ-ਦਰ ਭਟਕਦਾ ਹੈ, ਉਸ ਵੇਲੇ ਜਥੇਬੰਦੀ ਉਸ ਦੇ ਨਾਲ ਕਿੰਨੀ ਮਜ਼ਬੂਤੀ ਨਾਲ ਖੜ੍ਹਦੀ ਹੈ ?

ਇੱਥੇ ਸੀ ਜੀ ਐੱਲ ਸਮੇਤ ਸਾਰੀਆਂ ਮਜ਼ਦੂਰ ਜਥੇਬੰਦੀਆਂ ਸਾਹਮਣੇ ਇੱਕ ਗੰਭੀਰ ਸਵਾਲ ਖੜ੍ਹਾ ਹੁੰਦਾ ਹੈ। ਮੈਂਬਰ ਬਣਾਉਣਾ ਸੌਖਾ ਹੈ, ਮੈਂਬਰ ਦਾ ਭਰੋਸਾ ਜਿੱਤਣਾ ਔਖਾ ਹੈ।

ਅੱਜ ਦਾ ਪਰਵਾਸੀ ਮਜ਼ਦੂਰ ਸਿਰਫ਼ ਮੈਂਬਰਸ਼ਿਪ ਫਾਰਮ ਨਹੀਂ ਮੰਗਦਾ; ਉਹ ਕਾਨੂੰਨ ਦੀ ਸਮਝ, ਭਾਸ਼ਾ ਦੀ ਸਹਾਇਤਾ, ਕੰਮ ਵਾਲੀ ਥਾਂ 'ਤੇ ਸੁਰੱਖਿਆ, ਸਹੀ ਤਨਖਾਹ, ਛੁੱਟੀਆਂ, ਰਹਿਣ ਦੀਆਂ ਹਾਲਤਾਂ ਅਤੇ ਇੱਜ਼ਤ ਨਾਲ ਜੀਉਣ ਦਾ ਹੱਕ ਮੰਗਦਾ ਹੈ।

ਧਾਰਾ 18 ਤੋਂ ਨਵੇਂ ਰੁਜ਼ਗਾਰ ਤੱਕ-ਸੁਰੱਖਿਆ ਦਾ ਸਵਾਲ ਅਜੇ ਮੁੱਕਿਆ ਨਹੀਂ

ਇਟਲੀ ਦੇ ਮਜ਼ਦੂਰ ਇਤਿਹਾਸ ਵਿੱਚ ਧਾਰਾ 18 ਦਾ ਆਪਣਾ ਵਿਸ਼ੇਸ਼ ਸਥਾਨ ਰਿਹਾ ਹੈ, ਪਰ 2015 ਦੇ ਕਾਨੂੰਨੀ ਬਦਲਾਅ ਤੋਂ ਬਾਅਦ ਨਵੇਂ ਸਥਾਈ


ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ‘ਚੋਣ ਕਮਿਸ਼ਨ : ਕਾਰਨਾਮੇ, ਕੁਫ਼ਰ ਅਤੇ ਕਬੂਲਨਾਮਾ’

ਡਾ. ਜਸਬੀਰ ਸਿੰਘ ਔਲਖ

ਚੋਣ ਕਮਿਸ਼ਨ ਦੀ ਸਥਾਪਨਾ ਸੰਵਿਧਾਨ ਦੇ ਲਾਗੂ ਹੋਣ ਤੋਂ ਇੱਕ ਦਿਨ ਪਹਿਲਾਂ ਪੱਚੀ ਜਨਵਰੀ 1950 ਨੂੰ ਕੀਤੀ ਗਈ ਸੀ। ਇਹ ਭਵਿੱਖੀ ਜਮਹੂਰੀਅਤ ਲਈ ਇੱਕ ਹਾਂਦਰੂ ਕਦਮ ਸੀ, ਕਿਉਂਕਿ ਕਿਸੇ ਵੀ ਜਮਹੂਰੀਅਤ ਵਿੱਚ ਸਿਆਸੀ ਧਿਰਾਂ ਵੋਟਰਾਂ ਦਾ ਵਿਸ਼ਵਾਸ ਜਿੱਤਣ ਅਤੇ ਸਰਕਾਰ ਬਣਾਉਣ ਲਈ ਯਤਨਸ਼ੀਲ ਹੁੰਦੀਆਂ ਹਨ, ਜਿਸ ਲਈ ਇੱਕ ਆਜ਼ਾਦ ਸੰਵਿਧਾਨਕ ਸੰਸਥਾ ਦਾ ਹੋਣਾ ਬਹੁਤ ਜ਼ਰੂਰੀ ਹੈ। ਚੋਣਾਂ ਦਾ ਆਜ਼ਾਦ, ਨਿਰਪੱਖ ਅਤੇ ਜ਼ੋਰ-ਜ਼ਬਰਦਸਤੀ ਤੋਂ ਰਹਿਤ ਹੋਣਾ ਪ੍ਰਪੱਕ ਜਮਹੂਰੀਅਤ ਦਾ ਅਨਿੱਖੜਵਾਂ ਅੰਗ ਹੈ। ਲੰਮੇ ਸਮੇਂ ਤੱਕ ਭਾਰਤੀ ਚੋਣ ਕਮਿਸ਼ਨ ਆਪਣੀ ਪੇਸ਼ੇਵਰ ਅਤੇ ਨਿਰਪੱਖ ਪਹੁੰਚ ਲਈ ਸਤਿਕਾਰਿਆ ਜਾਂਦਾ ਰਿਹਾ ਹੈ। ਇੱਥੋਂ ਤੱਕ ਕਿ ਪਹਿਲੇ ਚੋਣ ਕਮਿਸ਼ਨਰ ਸੁਕੁਮਾਰ ਸੇਨ ਨੂੰ 1952 ਦੀਆਂ ਪਹਿਲੀਆਂ ਲੋਕ ਸਭਾ ਚੋਣਾਂ ਸਫ਼ਲਤਾ-ਪੂਰਵਕ ਕਰਵਾਉਣ ਲਈ 1953 ਵਿੱਚ ਸੂਡਾਨ ਵਿੱਚ ਚੋਣਾਂ ਕਰਵਾਉਣ ਲਈ ਕੌਮਾਂਤਰੀ ਕਮਿਸ਼ਨ ਦੇ ਚੇਅਰਮੈਨ ਦੇ ਤੌਰ ’ਤੇ ਭੇਜਿਆ ਗਿਆ ਸੀ, ਜੋ ਨਵੇਂ ਬਣੇ ਭਾਰਤੀ ਚੋਣ ਕਮਿਸ਼ਨ ਦੇ ਕੰਮ ਦੀ ਇੱਕ ਤਰ੍ਹਾਂ ਨਾਲ ਆਲਮੀ ਮਾਨਤਾ ਸੀ। ਟੀ ਐੱਨ ਸੇਸ਼ਨ ਦਾ ਸਮਾਂ ਵੀ ਚੋਣ ਕਮਿਸ਼ਨ ਦੇ ਇਤਿਹਾਸ ਵਿੱਚ ਯਾਦਗਾਰੀ ਲਮਹਾ ਹੈ, ਜਦੋਂ ਉਸ ਨੇ ਚੋਣ ਕਮਿਸ਼ਨ ਦੀ ਖ਼ੁਦਮੁਖ਼ਤਿਆਰੀ ਦਾ ਝੰਡਾ ਬੁਲੰਦ ਕਰਦਿਆਂ ਕਿਹਾ ਸੀ ਕਿ ਚੋਣ ਕਮਿਸ਼ਨ ਨੂੰ ‘ਚੋਣ ਕਮਿਸ਼ਨ, ਭਾਰਤ ਸਰਕਾਰ’ (Election Commission, Govt of India) ਨਹੀਂ, ਬਲਕਿ ਚੋਣ ਕਮਿਸ਼ਨ, ਭਾਰਤ (Election Commission of India) ਲਿਖਿਆ/ਬੋਲਿਆ ਜਾਵੇ। ਚੋਣ ਕਮਿਸ਼ਨ ਪਹਿਲਾਂ ਇੱਕ ਮੈਂਬਰੀ ਸੀ, ਜਿਸ ਨੂੰ 1994 ਵਿੱਚ ਇੱਕ ਸੰਵਿਧਾਨਕ ਸੋਧ ਰਾਹੀਂ ਤਿੰਨ ਮੈਂਬਰੀ ਕੀਤਾ ਗਿਆ ਸੀ ਅਤੇ ਤਿੰਨਾਂ ਮੈਂਬਰਾਂ ਦੀਆਂ ਤਾਕਤਾਂ ਬਰਾਬਰ ਹਨ। ਮੁੱਖ ਚੋਣ ਕਮਿਸ਼ਨਰ ਦਾ ਅਹੁਦਾ ਮੁਖੀ ਜਾਂ ਇੰਚਾਰਜ (First Among Equals) ਦਾ ਹੈ। ਸਾਬਕਾ ਮੁੱਖ ਚੋਣ ਕਮਿਸ਼ਨਰ ਐੱਸ ਵਾਈ ਕੁਰੈਸ਼ੀ ਦੀ ਕਿਤਾਬ, An Undocumented Wonder: The Great Indian Election ਭਾਰਤੀ ਚੋਣ ਕਮਿਸ਼ਨ ਦੇ ਇਤਿਹਾਸ ’ਤੇ ਵਿਸਥਾਰ ਨਾਲ ਚਾਨਣਾ ਪਾਉਂਦੀ ਹੈ। ਐੱਸ ਆਈ ਆਰ-ਪਹਿਲਾਂ ਅਤੇ ਹੁਣ : ਚੋਣ ਕਮਿਸ਼ਨ ਵੱਲੋਂ ਕਿਸੇ ਵਿਧਾਨ/ਲੋਕ ਸਭਾ ਹਲਕੇ ਜਾਂ ਕਿਸੇ ਹਲਕੇ ਦੇ ਇੱਕ ਹਿੱਸੇ ਜਾਂ ਮੁਲਕ ਭਰ ਦੀਆਂ ਚੋਣ ਸੂਚੀਆਂ ਦੀ ਸੁਧਾਈ Special Intensive Revision, SIR ਇੱਕ ਆਮ ਹੋਣ ਵਾਲੀ ਪ੍ਰਕਿਰਿਆ ਹੈ। ਕਮਿਸ਼ਨ ਨੂੰ ਇਹ ਅਧਿਕਾਰ ਰੀਪ੍ਰੀਜੈਂਟੇਸ਼ਨ ਆਫ਼ ਪੀਪਲਜ਼ ਐਕਟ 1950 ਦੀ ਧਾਰਾ 21(3) ਰਾਹੀਂ ਹਾਸਲ ਹੈ। ਹੁਣ ਤੱਕ ਅਨੇਕਾਂ ਵਾਰ ਐੱਸ ਆਈ ਆਰ ਹੋ ਚੁੱਕੀ ਹੈ, ਆਖਰੀ ਵਾਰ 2002-04 ਵਿੱਚ ਹੋਈ ਸੀ, ਪਰ ਇਸ ਵਾਰ ਗਿਆਨੇਸ਼ ਕੁਮਾਰ ਦੀ ਅਗਵਾਈ ਵਾਲੇ ਚੋਣ ਕਮਿਸ਼ਨ ਨੇ ਪਹਿਲਾਂ ਹੋਈ ਐੱਸ ਆਈ ਆਰ ਨਾਲੋਂ ਵੱਡਾ ਰੱਫੜ ਹੀ ਨਹੀਂ ਖੜਾ ਕੀਤਾ, ਬਲਕਿ ਚੋਣ ਕਮਿਸ਼ਨ ਆਪਣੀ ਹੋਂਦ ਤੋਂ ਲੈ ਕੇ ਹੁਣ ਤੱਕ ਦੀ ਸਭ ਤੋਂ ਵੱਡੀ ਬਦਨਾਮੀ ਵੀ ਕਰਵਾ ਰਿਹਾ ਹੈ। ਇਸ ਵਾਰ ਇਹ ਪ੍ਰਕਿਰਿਆ ਤਿੰਨ ਪੜਾਵਾਂ ਵਿੱਚ ਕੀਤੀ ਗਈ : ਪਹਿਲਾ-ਚੋਣਾਂ ਵਾਲੇ ਸੂਬੇ ਬਿਹਾਰ ਵਿੱਚ ਜੂਨ 2025 ਵਿੱਚ, ਦੂਸਰਾ-ਅਕਤੂਬਰ 2025 ਤੋਂ ਫਰਵਰੀ 2026 ਤੱਕ 9 ਸੂਬਿਆਂ ਅਤੇ 3 ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਅਤੇ ਤੀਸਰਾ-ਮਈ 2026 ਤੋਂ 16 ਸੂਬਿਆਂ ਅਤੇ 3 ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ। ਪਿਛਲੀ ਐੱਸ ਆਈ ਆਰ ਲਈ ਮਈ 2002 ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ;

ੳ) ਚੋਣ ਕਮਿਸ਼ਨ ਦਾ ਅਮਲਾ ਘਰ-ਘਰ ਜਾ ਕੇ ਵੋਟਰਾਂ ਦੀ ਸ਼ਨਾਖਤ ਕਰੇਗਾ। ਇਸ ਕੰਮ ਲਈ ਉਹ ਸਥਾਨਕ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਵੀ ਨਾਲ ਲੈ ਸਕਦਾ ਸੀ।

ਅ) ਨਿਰੀਖਕ ਅਮਲੇ ਲਈ ਵਿਸਥਾਰਤ ਹਦਾਇਤਾਂ ਸਨ। ਸੁਪਰਵਾਈਜ਼ਰ ਨੇ ਘੱਟੋ-ਘੱਟ ਪੱਚੀ ਪ੍ਰਤੀਸ਼ਤ ਘਰਾਂ ਦਾ ਅਚਾਨਕ ਨਿਰੀਖਣ ਕਰਨਾ ਸੀ।ਜਦੋਂ ਬੀ ਐੱਲ ਓ ਸੁਪਰਵਾਈਜ਼ਰ ਨੂੰ ਰਿਪੋਰਟ ਕਰਦਾ ਸੀ ਕਿ ਉਸ ਵੱਲੋਂ ਕੀਤੇ ਕਈ ਦੌਰਿਆਂ ਦੌਰਾਨ ਫਲਾਣੇ ਘਰ ਨੂੰ ਜਿੰਦਰਾ ਲੱਗਿਆ ਮਿਲਿਆ ਹੈ ਤਾਂ ਸੁਪਰਵਾਈਜ਼ਰ ਦੀ ਡਿਊਟੀ ਸੀ ਕਿ ਉਹ ਖੁਦ ਉਸ ਘਰ ਦਾ ਦੌਰਾ ਕਰੇ। ਸਹਾਇਕ ਚੋਣ ਰਜਿਸਟ੍ਰੇਸ਼ਨ ਅਫ਼ਸਰ (AERO), ਚੋਣ ਰਜਿਸਟ੍ਰੇਸ਼ਨ ਅਫ਼ਸਰ (ERO) ਅਤੇ ਜ਼ਿਲ੍ਹਾ ਚੋਣ ਅਫ਼ਸਰ ਨੇ ਘੱਟੋ-ਘੱਟ ਕ੍ਰਮਵਾਰ 12 ਫੀਸਦੀ, 5 ਫੀਸਦੀ ਅਤੇ 2 ਫੀਸਦੀ ਘਰਾਂ ਨੂੰ ਚੈੱਕ ਕਰਨਾ ਜ਼ਰੂਰੀ ਸੀ।

ੲ) ਪਹਿਲੀ ਵਾਰ ਬਣ ਰਹੇ ਨਵੇਂ ਵੋਟਰਾਂ ਵੱਲੋਂ ਹੀ ਉਹਨਾਂ ਦੀ ਸ਼ਨਾਖਤ ਅਤੇ ਸਬੂਤ ਉਹਨਾਂ ਵੱਲੋਂ ਦਿੱਤੇ ਜਾਣੇ ਬਣਦੇ ਸਨ, ਪਰ ਇਸ ਵਿੱਚ ਵੀ ਈ ਆਰ ਓ ਦੀ ਜ਼ਿੰਮੇਵਾਰੀ ਸੀ ਕਿ ਉਹ ਲਾਲ ਬਾਬੂ ਹੁਸੈਨ ਵਗੈਰਾ ਦੇ ਕੇਸ ਵਿੱਚ ਸੁਪਰੀਮ ਕੋਰਟ ਵੱਲੋਂ ਦਿੱਤੀਆਂ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਉਣ।

ਸ) ਜਿਹੜੇ ਵੋਟਰ ਕਿਸੇ ਦੂਸਰੀ ਥਾਂ ਚਲੇ ਗਏ ਸਨ, ਉਹਨਾਂ ਨੂੰ ‘ਸ਼ਿਫਟ’ ਦੀ ਸ਼੍ਰੇਣੀ ਵਿੱਚ ਰੱਖਣਾ ਜ਼ਰੂਰੀ ਸੀ, ਨਾ ਕਿ ਵੋਟ ਸੂਚੀ ਵਿੱਚੋਂ ਹੀ ਖਾਰਜ ਕਰ ਦੇਣਾ। ਬੀ ਐੱਲ ਓ ਵੱਲੋਂ ਇਸ ਤਰ੍ਹਾਂ ਦੇ ਵੋਟਰ ਨੂੰ ਮਾਰਕ ਕੀਤਾ ਜਾਂਦਾ ਸੀ ਅਤੇ ਵੋਟਰ ਜਿੱਥੇ ਸ਼ਿਫਟ ਹੋਇਆ ਹੈ, ਉਸ ਦਾ ਇੰਦਰਾਜ਼ ਕਰਨਾ ਵੀ ਜ਼ਰੂਰੀ ਸੀ। ਜੇਕਰ ਸਾਰਾ ਪਰਵਾਰ ਹੀ ਸ਼ਿਫਟ ਹੋ ਗਿਆ ਸੀ ਤਾਂ ਸੁਪਰਵਾਈਜ਼ਰ ਦੀ ਡਿਊਟੀ ਸੀ ਕਿ ਉਹ ਨਿੱਜੀ ਤੌਰ ’ਤੇ ਇਸ ਤੱਥ ਨੂੰ ਤਸਦੀਕ ਕਰੇ। ਉਸੇ ਐੱਸ ਆਈ ਆਰ ਮੁਹਿੰਮ ਦੌਰਾਨ ਹੀ ਨਵੇਂ ਪਤੇ ’ਤੇ ਇਸ ਤਰ੍ਹਾਂ ਦੇ ਵੋਟਰਾਂ ਦਾ ਇੰਦਰਾਜ਼ ਕਰਨਾ ਜ਼ਰੂਰੀ ਸੀ। ਸੂਬਾਈ ਮੁੱਖ ਚੋਣ ਅਧਿਕਾਰੀ ਪਹਿਲੀ ਸੂਚੀ ਵਿੱਚੋਂ ਇਸ ਤਰ੍ਹਾਂ ਦੇ ਵੋਟਰਾਂ ਦੇ ਨਾਂਅ ਖਾਰਜ ਕਰਨ ਲਈ ਅਧਿਕਾਰਤ ਸਨ। ਜੇਕਰ ਫਿਰ ਵੀ ਕੋਈ ਵੋਟਰ ਦਰਜ ਹੋਣ ਤੋਂ ਰਹਿ ਜਾਂਦਾ ਸੀ ਤਾਂ ਉਹ ਦਾਅਵੇ ਅਤੇ ਇਤਰਾਜ਼ਾਂ ਦੇ ਸਮੇਂ ਆਪਣਾ ਨਾਂਅ ਵੋਟਰ ਸੂਚੀ ਵਿੱਚ ਦਰਜ ਕਰਵਾ ਸਕਦਾ ਸੀ।

ਹ) ਸਭ ਤੋਂ ਜ਼ਰੂਰੀ ਕਿ ਜੇਕਰ ਕਿਸੇ ਵੀ ਵਿਅਕਤੀ, ਸੰਸਥਾ ਜਾਂ ਸਿਆਸੀ ਪਾਰਟੀ ਵੱਲੋਂ ਵੱਡੀ ਪੱਧਰ ’ਤੇ ਦਰਜ ਕਰਵਾਏ ਇਤਰਾਜ਼ਾਂ ਨੂੰ ਸੰਖੇਪ ਜਿਹੀ ਸੁਣਵਾਈ ਤੋਂ ਬਾਅਦ ਰੱਦ ਕਰਨ ਦੀ ਹਦਾਇਤ ਸੀ।

ਕ) ਫਾਈਨਲ ਵੋਟਰ ਸੂਚੀ ਸਾਰੇ ਇਤਰਾਜ਼ ਅਤੇ ਦਾਅਵਿਆਂ ਦੀ ਮੁਕੰਮਲ ਸੁਣਵਾਈ ਤੋਂ ਬਾਅਦ ਹੀ ਜਾਰੀ ਕੀਤੀ ਗਈ ਸੀ, ਪਰ ਜਦੋਂ ਅਸੀਂ ਮੌਜੂਦਾ ਐੱਸ ਆਈ ਆਰ ਵੱਲ ਝਾਤੀ ਮਾਰਦੇ ਹਾਂ ਤਾਂ ਦਾਲ ਵਿੱਚ ਕੁੱਝ ਕਾਲਾ ਨਹੀਂ, ਬਲਕਿ ਦਾਲ ਹੀ ਕਾਲੀ ਦਿਸਦੀ ਹੈ।

ੳ) ਜੇਕਰ ਕੋਈ ਵੋਟਰ ਮਿਲਿਆ ਨਹੀਂ ਜਾਂ ਜਿਸ ਨੇ ਫਾਰਮ ਭਰ ਕੇ ਨਹੀਂ ਦਿੱਤਾ, ਉਸ ਨੂੰ ਵੋਟਰ ਸੂਚੀ ਵਿੱਚੋਂ ਬਾਹਰ ਕਰ ਦਿੱਤਾ ਗਿਆ ਹੈ ਭਾਵੇਂ ਕਿ ਉਸ ਨੇ ਪਿਛਲੀ ਚੋਣ ਵਿੱਚ ਆਪਣੇ ਵੋਟ ਦੇ ਹੱਕ ਦੀ ਵਰਤੋਂ ਕੀਤੀ ਵੀ ਹੋਵੇ। ਪਿਛਲੀ ਐੱਸ ਆਈ ਆਰ ਦੇ ਉਲਟ ‘ਸ਼ਿਫਟ’ ਹੋਏ ਵੋਟਰਾਂ ਨੂੰ ਇਸ ਵਾਰ ਦੀ ਹੀ ਐੱਸ ਆਈ ਆਰ ਪ੍ਰਕ੍ਰਿਆ ਵਿੱਚ ਨਵੇਂ ਥਾਂ ’ਤੇ ਦਰਜ ਨਹੀਂ ਕੀਤਾ ਗਿਆ। ਨਿਯਮਾਂ ਅਨੁਸਾਰ ਸ਼ਿਫਟ ਹੋਏ ਵੋਟਰ ਨੇ ਫਾਰਮ 8 ਭਰਨਾ ਹੁੰਦਾ ਹੈ, ਪਰ ਇਸ ਵਾਰ ਚੋਣ ਕਮਿਸ਼ਨ ਕਹਿ ਰਿਹਾ ਹੈ ਕਿ ਇਸ ਤਰ੍ਹਾਂ ਦੇ ਵੋਟਰ ਫਾਰਮ ਛੇ ਭਰ ਦੇਣ, ਜੋ ਨਵੇਂ ਵੋਟਰਾਂ ਲਈ ਹੁੰਦਾ ਹੈ! ਮਤਲਬ ਚੋਣ ਕਮਿਸ਼ਨ ਖੁਦ ਹੀ ਵੋਟਰਾਂ ਨੂੰ ਜਾਅਲਸਾਜ਼ੀ ਦੇ ਰਾਹ ਤੋਰ ਰਿਹਾ ਹੈ। ਸ਼ਿਫਟ ਹੋਏ, ਪਰ ਲੱਭੇ ਗਏ ਵੋਟਰ ਨੂੰ ਚੋਣ ਕਮਿਸ਼ਨ ਵੱਲੋਂ ਇੱਕ ਨੋਟਿਸ ਦੇਣਾ ਜ਼ਰੂਰੀ ਹੈ। ਜੋ ਸ਼ਿਫਟ ਹੋਏ ਵੋਟਰ ਨਹੀਂ ਲੱਭੇ ਜਾ ਸਕੇ, ਉਹਨਾਂ ਦੇ ਪੁਰਾਣੇ ਪਤਿਆਂ ’ਤੇ ਨੋਟਿਸ ਚਿਪਕਾਉਣਾ ਜ਼ਰੂਰੀ ਹੈ। ਨੋਟਿਸ ਦੀ ਮਿਆਦ ਖਤਮ ਹੋਣ ’ਤੇ ਹੀ ਕਿਸੇ ਸ਼ਿਫਟ ਹੋਏ ਵੋਟਰ ਦਾ ਨਾਂਅ ਵੋਟ ਸੂਚੀ ਵਿੱਚੋਂ ਕੱਟਿਆ ਜਾ ਸਕਦਾ ਹੈ। ਖੁਦ ਚੋਣ ਕਮਿਸ਼ਨ ਦਾ 2023 ਮੈਨੂਅਲ ਆਨ ਇਲੈਕਟੋਰਲ ਰੋਲਜ਼ ਵੀ ਇਹੋ ਗੱਲ ਕਹਿੰਦਾ ਹੈ ਪਰ ਚੋਣ ਕਮਿਸ਼ਨ ਤਾਂ ਆਪਣੇ ਹੀ ਮੈਨੂਅਲ ਦੇ ਉਲਟ ਭੁਗਤ ਰਿਹਾ ਹੈ।

ਅ) ਬਿਹਾਰ ਵਿੱਚ ਐੱਸ ਆਈ ਆਰ ਤੋਂ ਪਹਿਲਾਂ ਜਾਰੀ ਨੋਟੀਫਿਕੇਸ਼ਨ ਵਿੱਚ ਸੁਪਰਵਾਈਜ਼ਰ ਲਈ ਸਿਰਫ਼ ਦਸ ਪ੍ਰਤੀਸ਼ਤ ਘਰਾਂ ਦੀ ਹੀ ਚੈਕਿੰਗ ਜ਼ਰੂਰੀ ਕਰ ਦਿੱਤੀ ਗਈ, ਜੋ ਪਿਛਲੀ ਐੱਸ ਆਈ ਆਰ ਵਿੱਚ ਪੱਚੀ ਪ੍ਰਤੀਸ਼ਤ ਸੀ। ਬਾਕੀ ਉੱਚ ਅਧਿਕਾਰੀਆਂ ਵੱਲੋਂ ਚੈਕਿੰਗ ਖਤਮ ਹੀ ਕਰ ਦਿੱਤੀ ਗਈ!

ੲ) ਹੁਣ ਇਹ ਭਾਰ ਆਮ ਵੋਟਰ ’ਤੇ ਪਾ ਦਿੱਤਾ ਗਿਆ ਕਿ ਪਿਛਲੀ ਐੱਸ ਆਈ ਆਰ ਵਿੱਚ ਆਪਣਾ ਜਾਂ ਆਪਣੇ ਬਾਪ-ਦਾਦੇ ਦਾ ਨਾਂਅ ਲੱਭ ਕੇ ਲਿਆਵੇ ਜਾਂ ਫਿਰ ਇਸ ਸੰਬੰਧੀ ਦਸਤਾਵੇਜ਼ੀ ਸਬੂਤ ਮੁਹੱਈਆ ਖੁਦ ਪੈਦਾ ਕਰੇ।

ਸ) ਚੋਣ ਕਮਿਸ਼ਨ ਦੇ ਸਾਫਟਵੇਅਰ ਵਿੱਚ ‘ਤਰਕਪੂਰਨ ਘਾਟ’ (Logical Discrepancies) ਇੱਕ ਨਵੀਂ ਸ਼੍ਰੇਣੀ ਪੈਦਾ ਕਰ ਦਿੱਤੀ ਗਈ ਹੈ। ਹੈਰਾਨੀ ਦੀ ਗੱਲ ਹੈ ਕਿ ਇਹ ਸ਼੍ਰੇਣੀ ਸਭ ਤੋਂ ਪਹਿਲਾਂ ਚੌਵੀ ਜੂਨ 2025 ਨੂੰ ਸ਼ੁਰੂ ਹੋਈ ਬਿਹਾਰ ਐੱਸ ਆਈ ਆਰ ਵਿੱਚ ਸ਼ਾਮਲ ਨਹੀਂ ਸੀ, ਇੱਥੋਂ ਤੱਕ ਕਿ ਸਤਾਈ ਅਕਤੂਬਰ 2025 ਨੂੰ ਸ਼ੁਰੂ ਹੋਈ ਦੂਸਰੇ ਪੜਾਅ ਦੀ ਐੱਸ ਆਈ ਆਰ ਵਿੱਚ ਇਹ ਮੌਜੂਦ ਨਹੀਂ ਸੀ, ਪਰ ਬੰਗਾਲ ਵਿੱਚ ਚੱਲ ਰਹੀ ਐੱਸ ਆਈ ਆਰ ਵਿੱਚ-ਵਿਚਾਲੇ ਬਿਨਾਂ ਕਿਸੇ ਰਸਮੀ ਐਲਾਨ ਦੇ ਇਸ ਤਰਕਪੂਰਨ ਘਾਟ ਨੂੰ ਸ਼ਾਮਲ ਕਰ ਦਿੱਤਾ ਗਿਆ। ਇਸ ਸ਼੍ਰੇਣੀ ਵਿੱਚ ਮਾੜੀ-ਮੋਟੀ ਸਿਹਾਰੀ-ਬਿਹਾਰੀ ਦੀ ਗਲਤੀ, ਇੱਕ ਮਾਂ-ਬਾਪ ਦੇ ਛੇ ਤੋਂ ਵੱਧ ਵਾਰਸ ਹੋਣ, ਬੱਚਿਆਂ ਅਤੇ ਮਾਪਿਆਂ ਦੀ ਉਮਰ ਵਿੱਚ ਪੰਦਰਾਂ ਤੋਂ ਪੰਤਾਲੀ ਸਾਲ ਦਾ ਵੱਧ ਅੰਤਰ ਹੋਣਾ ਆਦਿ ਸ਼ਾਮਲ ਹਨ, ਜਿਹਨਾਂ ਨਾਲ ਵੱਡੀ ਪੱਧਰ ’ਤੇ ਵੋਟਰਾਂ ਨੂੰ ਖਾਰਜ ਕੀਤਾ ਗਿਆ।

ਹ) ਇਸ ਐੱਸ ਆਈ ਆਰ ਵਿੱਚ ਫਾਰਮ ਨੰਬਰ ਸੱਤ ਵੱਡੀ ਪੱਧਰ ’ਤੇ ਭਰੇ ਗਏ, ਜਿਹਨਾਂ ਦੀ ਪੜਤਾਲ ਚੋਣ ਕਮਿਸ਼ਨ ਵੱਲੋਂ ਕਦੇ ਵੀ ਨਹੀਂ ਕਰਵਾਈ ਗਈ। ਇਸ ਬਾਈ ਸਤੰਬਰ ਨੂੰ ਕਰਨਾਟਕ ਦੇ ਬਾਬਲੇਸ਼ਵਰ ਵਿਧਾਨ ਸਭਾ ਹਲਕੇ ਵਿੱਚ ਦਸ ਵਿਅਕਤੀਆਂ ਨੇ 1363 ਵੋਟਰਾਂ ਦੇ ਨਾਂਅ ਕਟਵਾਉਣ ਲਈ ਫਾਰਮ ਨੰਬਰ ਸੱਤ ਜਮ੍ਹਾਂ ਕਰਵਾਏ। ਇਹ ਸਾਰੇ ਵੋਟਰ ਮੁਸਲਿਮ ਭਾਈਚਾਰੇ ਦੇ ਹਨ। ਇਹ ਮਿਸਾਲ ਤਾਂ ਬਰਫ਼ ਦੇ ਤੋਦੇ (Tip of Iceberg) ਦੀ ਤਰ੍ਹਾਂ ਹੀ ਹੈ। ਬਾਕੀ ਮੁਲਕ ਵਿੱਚ ਵੀ ਇਹ ਵਰਤਾਰਾ ਵੇਖਣ ਨੂੰ ਮਿਲਿਆ। ਜੈਪੁਰ ਵਿੱਚ ਵੀ ਇੱਕ ਭਾਜਪਾ ਆਗੂ ਨੇ ਬੀ ਐੱਲ ਓ ਨੂੰ ਮੁਸਲਿਮ ਵੋਟਰਾਂ ਦੇ ਨਾਂਅ ਕੱਟਣ ਲਈ ਧਮਕਾਇਆ ਸੀ।

ਕ) ਨਵੇਂ ਬਣੇ ਵੋਟਰਾਂ ਲਈ ਫਾਰਮ ਛੇ ਵਿੱਚ ਤਬਦੀਲੀ ਚੋਣ ਕਮਿਸ਼ਨ ਨੇ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਜਾ ਕੇ ਕਰ ਦਿੱਤੀ। ਜਿੱਥੇ ਪਹਿਲਾਂ ਵੱਧ ਤੋਂ ਵੱਧ ਵੋਟਰਾਂ ਨੂੰ ਵੋਟਰ ਸੂਚੀਆਂ ਵਿੱਚ ਸ਼ਾਮਲ ਕਰਨਾ ਚੋਣ ਕਮਿਸ਼ਨ ਦੀ ਤਰਜੀਹ ਰਹੀ ਸੀ, ਮੌਜੂਦਾ ਚੋਣ ਕਮਿਸ਼ਨ ਦੀ ਤਰਜੀਹ ਵੱਧ ਤੋਂ ਵੱਧ ਵੋਟਰਾਂ ਨੂੰ ਵੋਟਰ ਸੂਚੀ ਵਿੱਚੋਂ ਬਾਹਰ ਕਰਨ ਦੀ ਹੋ ਗਈ। ਆਧਾਰ ਕਾਰਡ ਆਪਣੇ ਵਜੂਦ ਵਿੱਚ ਆਉਣ ਤੋਂ ਬਾਅਦ ਮਾੜੀ ਮੋਟੀ ਸਰਕਾਰੀ ਸਹੂਲਤ ਲਈ ਵੀ ਜ਼ਰੂਰੀ ਮੰਨਿਆ ਜਾਂਦਾ ਰਿਹਾ ਹੈ ਪਰ ਬਿਹਾਰ ਐੱਸ ਆਈ ਆਰ ਵਿੱਚ ਇਸ ਨੂੰ ਜ਼ਰੂਰੀ ਦਸਤਾਵੇਜ਼ ਹੀ ਨਹੀਂ ਮੰਨਿਆ ਗਿਆ। ਉਲਟਾ ਇਸ ਬਹੁਤ ਹੀ ਪੱਛੜੇ ਸੂਬੇ ਵਿੱਚ ਪਾਸਪੋਰਟ ਨੂੰ ਜ਼ਰੂਰੀ ਦਸਤਾਵੇਜ਼ ਮੰਨ ਲਿਆ ਗਿਆ, ਜਿਹੜਾ ਇੱਕ ਪ੍ਰਤੀਸ਼ਤ ਤੋਂ ਵੀ ਘੱਟ ਬਿਹਾਰੀਆਂ ਕੋਲ ਹੁੰਦਾ ਹੈ। ਪੰਜਾਬ ਵਿੱਚ ਐੱਸ ਆਈ ਆਰ ਸ਼ੁਰੂ ਹੋਣ ਤੋਂ ਪਹਿਲਾਂ ਹੀ ਵਿਦੇਸ਼ ਮੰਤਰਾਲੇ ਨੇ ਐਲਾਨ ਕਰ ਦਿੱਤਾ ਕਿ ਪਾਸਪੋਰਟ ਨਾਗਰਿਕਤਾ ਦਾ ਸਬੂਤ ਨਹੀਂ, ਕਿਉਂਕਿ ਪੰਜਾਬ ਵਿੱਚ ਤੇਤੀ ਪ੍ਰਤੀਸ਼ਤ ਆਬਾਦੀ ਕੋਲ ਪਾਸਪੋਰਟ ਹੈ। ਚੋਣ ਕਮਿਸ਼ਨ ਦੀ ਢੀਠ-ਤਾਈ: ਜਦੋਂ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਮਹਾਂਰਾਸ਼ਟਰ ਅਤੇ ਹਰਿਆਣਾ ਵਿੱਚ ਵੋਟ ਚੋਰੀ ਦਾ ਮੁੱਦਾ ਦਸਤਾਵੇਜ਼ੀ ਸਬੂਤਾਂ ਨਾਲ ਉਜਾਗਰ ਕੀਤਾ ਤਾਂ ਤਿੰਨਾਂ ਚੋਣ ਕਮਿਸ਼ਨਰਾਂ ਨੇ ਪ੍ਰੈੱਸ ਕਾਨਫਰੰਸ ਕਰਕੇ ਰਾਹੁਲ ਗਾਂਧੀ ਤੋਂ ਹੀ ਮੁਆਫ਼ੀ ਅਤੇ ਬਿਆਨ ਹਲਫ਼ੀਆ ਦੀ ਮੰਗ ਕਰ ਧਰੀ। ਇਸ ਪ੍ਰੈੱਸ ਕਾਨਫਰੰਸ ਦੌਰਾਨ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੀ ਸਰੀਰਕ ਭਾਸ਼ਾ (Body Language) ਇੱਕ ਸੰਵਿਧਾਨਕ ਅਹੁਦੇ ’ਤੇ ਬਿਰਾਜਮਾਨ ਵਿਅਕਤੀ ਦੀ ਘੱਟ, ਬਲਕਿ ਕਿਸੇ ਭਾਜਪਾ ਦੇ ਬੁਲਾਰੇ ਦੀ ਵੱਧ ਲੱਗ ਰਹੀ ਸੀ। ਰਾਹੁਲ ਗਾਂਧੀ ਤੋਂ ਬਿਆਨ ਹਲਫ਼ੀਆ ਮੰਗਿਆ ਗਿਆ, ਪਰ ਅਖਿਲੇਸ਼ ਯਾਦਵ ਵੱਲੋਂ ਯੂਪੀ ਵਿੱਚ ਚੋਣ ਧਾਂਦਲੀਆਂ ਬਾਰੇ ਦਿੱਤੇ ਹਲਫ਼ੀਆ ਬਿਆਨ ’ਤੇ ਕੋਈ ਕਾਰਵਾਈ ਨਹੀਂ ਹੋਈ। ਐੱਸ ਆਈ ਆਰ ਅਤੇ ਘੱਟ-ਗਿਣਤੀ ਭਾਈਚਾਰੇ : ਬਿਹਾਰ ਦੀ ਐੱਸ ਆਈ ਆਰ ਦਾ ਸਿੱਟਾ ਇਹ ਨਿਕਲਿਆ ਕਿ ਵੱਧ ਮੁਸਲਿਮ ਆਬਾਦੀ ਵਾਲੇ ਜ਼ਿਲ੍ਹਿਆਂ ਪੂਰਨੀਆ, ਸੀਤਾਮੜ੍ਹੀ, ਪੂਰਬੀ ਚੰਪਾਰਣ ਅਤੇ ਮਧੂਬਨੀ ਵਿੱਚ ਸਭ ਤੋਂ ਜ਼ਿਆਦਾ ਵੋਟ ਕੱਟੇ ਗਏ, ਜਿੱਥੇ ਮੁਸਲਿਮ ਆਬਾਦੀ ਕ੍ਰਮਵਾਰ 39,22,19 ਅਤੇ 18 ਫੀਸਦੀ ਹੈ। ਬੰਗਾਲ ਵਿੱਚ ਐੱਸ ਆਈ ਆਰ ਦਾ ਕੁਹਾੜਾ ਬਹੁਤ ਤਿੱਖੇ ਰੂਪ ਵਿੱਚ ਚੱਲਿਆ, ਜਿੱਥੇ ਵੋਟਰ ਸੂਚੀਆਂ ਵਿੱਚੋਂ 90 ਲੱਖ ਤੋਂ ਉਪਰ ਵੋਟਰ ਬਾਹਰ ਕਰ ਦਿੱਤੇ ਗਏ ਜਿਹਨਾਂ ਵਿੱਚ ਨਵੇਂ ਸ਼ਗੂਫੇ ਤਰਕਪੂਰਨ ਘਾਟ ਰਾਹੀਂ ਬਾਹਰ ਕੀਤੇ ਅਠਾਈ ਲੱਖ ਵੋਟਰ ਵੀ ਸ਼ਾਮਲ ਸਨ। ਬਿਹਾਰ ਦੀ ਤਰ੍ਹਾਂ ਐੱਸ ਆਈ ਆਰ ਦਾ ਕੁਹਾੜਾ ਸਭ ਤੋਂ ਵੱਧ ਉਹਨਾਂ ਜ਼ਿਲ੍ਹਿਆਂ ’ਤੇ ਚੱਲਿਆ, ਜਿੱਥੇ ਮੁਸਲਿਮ ਆਬਾਦੀ ਸਭ ਤੋਂ ਵੱਧ ਸੀ, ਜਿਵੇਂ ਮੁਰਾਦਾਬਾਦ, ਮਾਲਦਾ, ਦੱਖਣੀ 24 ਪਰਗਨਾ, ਨਾਦੀਆ ਅਤੇ ਉੱਤਰੀ 24 ਪਰਗਨਾ, ਜਿੱਥੇ ਮੁਸਲਿਮ ਆਬਾਦੀ ਕ੍ਰਮਵਾਰ 66.27, 51.27, 35.57, 26.76 25.82 ਪ੍ਰਤੀਸ਼ਤ ਹੈ। ਬਦਕਿਸਮਤੀ ਨਾਲ ਸੁਪਰੀਮ ਕੋਰਟ ਵੀ ਨਾਗਰਿਕਾਂ ਦੇ ਜਮਹੂਰੀ ਹੱਕਾਂ ਦੀ ਰਾਖੀ ਕਰਨ ਤੋਂ ਇਹ ਕਹਿ ਕੇ ਟਾਲਾ ਵੱਟ ਗਈ ਕਿ ਕੋਈ ਗੱਲ ਨਹੀਂ, ਅਗਲੀ ਵਾਰ ਵੋਟ ਪਾ ਲੈਣਾ। ਹੁਣ ਜਦੋਂ ਬੰਗਾਲ ਵਿੱਚ ਨੰਦੀਗ੍ਰਾਮ ਅਤੇ ਰਾਜੀਨਗਰ ਦੀ ਉੱਪ-ਚੋਣ ਹੋਈ ਤਾਂ ਇੱਕ ਵਾਰ ਫਿਰ ਸੁਪਰੀਮ ਕੋਰਟ ਦਾ ‘ਵਿਚਾਰ’ ਸੀ ਕਿ ਇਹ ਤਾਂ ਉੱਪ-ਚੋਣ ਹੀ ਸੀ। ਕੀ ਸਵਾਲ ਉੱਪ-ਚੋਣ ਦਾ ਸੀ ਜਾਂ ਵੋਟ ਦੇ ਹੱਕ ਦਾ? ਬੰਗਾਲ ਵਿੱਚ ਹੀ ਸੋਲਾਂ ਲੱਖ ਵੋਟਰਾਂ ਨੂੰ ਬਾਹਰ ਕਰਵਾਉਣ ਲਈ ਅਪੀਲੀ ਟ੍ਰਿਬਿਊਨਲਾਂ ਕੋਲ ਬੇਨਾਮੀ ਸ਼ਿਕਾਇਤਾਂ ਦਰਜ ਹੋਈਆਂ, ਜਿਹਨਾਂ ’ਤੇ ਚੋਣ ਕਮਿਸ਼ਨ ਨੇ ਮੁਜਰਮਾਨਾ ਚੁੱਪ ਧਾਰੀ ਰੱਖੀ।ਇੱਥੇ ਇਹ ਵੀ ਵਰਨਣਯੋਗ ਹੈ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ (2,92,24,804) ਅਤੇ ਟੀ ਐੱਮ ਸੀ (2,6013,384) ਦਾ ਕੁੱਲ ਵੋਟਾਂ ਦਾ ਫ਼ਰਕ 32,11,420 ਸੀ, ਮਤਲਬ ਕੱਟੀਆਂ ਗਈਆਂ ਵੋਟਾਂ ਦਾ ਤੀਸਰਾ ਹਿੱਸਾ! ਵੋਟਰ ਲਿਸਟ ਵਿੱਚੋਂ ਬਾਹਰ ਕੀਤੇ ਨਾਗਰਿਕਾਂ ਨੂੰ ਬਿਹਾਰ ਅਤੇ ਬੰਗਾਲ ਸਰਕਾਰਾਂ ਨੇ ਭਲਾਈ ਸਕੀਮਾਂ ਵਿੱਚੋਂ ਵੀ ਬਾਹਰ ਕਰਨ ਦਾ ਐਲਾਨ ਕਰ ਦਿੱਤਾ।ਮਨੀਪੁਰ ਦੇ ਸੱਠ ਵਿਧਾਨ ਸਭਾ ਹਲਕਿਆਂ ਵਿੱਚ 158677 ਵੋਟਾਂ ਕੱਟੀਆਂ ਗਈਆਂ, ਇਹਨਾਂ ਵਿੱਚ ਕਬਾਇਲੀ ਰਾਖਵੇਂ 19 ਹਲਕਿਆਂ ਵਿੱਚ ਹੀ 101827 ਵੋਟਾਂ ਕੱਟੀਆਂ ਗਈਆਂ। ਐੱਸ ਆਈ ਆਰ ਤੋਂ ਬਾਅਦ ਮਨੀਪੁਰ ਵਿੱਚ ਕਬਾਇਲੀ/ਕੁੱਕੀ/ਈਸਾਈ ਵੋਟਰਾਂ ਦੀ ਗਿਣਤੀ 37.8 ਫੀਸਦੀ ਤੋਂ ਘਟ ਕੇ 35.8 ਫੀਸਦੀ ਰਹਿ ਗਈ, ਜਦੋਂ ਕਿ ਹਿੰਦੂ/ਮੈਤੇਈ ਵੋਟਰਾਂ ਦੀ ਗਿਣਤੀ 60.7 ਫੀਸਦੀ ਤੋਂ ਵਧ ਕੇ 62.8 ਫੀਸਦੀ ਹੋ ਗਈ। ਇਸ ਚੌਦਾਂ ਅਕਤੂਬਰ ਨੂੰ ਅੰਗਰੇਜ਼ੀ ਅਖ਼ਬਾਰ ‘ਦ ਹਿੰਦੂ’ ਨੇ ਦਿੱਲੀ ਵਿੱਚ ਹੋਈ ਐੱਸ ਆਈ ਆਰ ਦਾ ਵਿਸ਼ਲੇਸ਼ਣ ਕੀਤਾ ਹੈ। ਦਿੱਲੀ ਵਿੱਚ ਕੁੱਲ ਵੋਟਰ 97.54 ਲੱਖ ਹਨ, ਜਿਹਨਾਂ ਵਿੱਚੋਂ ਮੁਸਲਿਮ ਵੋਟਰ 13.3 ਲੱਖ ਹਨ, ਇਹ ਗਿਣਤੀ 13.6 ਫੀਸਦੀ ਬਣਦੀ ਹੈ। (2011 ਦੀ ਜਨਗਣਨਾ ਦੌਰਾਨ ਵੀ ਮੁਸਲਿਮ ਭਾਈਚਾਰੇ ਦੀ ਆਬਾਦੀ 12.9 ਫੀਸਦੀ ਸੀ)। ਤਰਕਪੂਰਨ ਘਾਟ ਦੇ ਬਹਾਨੇ ਹੇਠ ਜਿਹਨਾਂ ਵੋਟਰਾਂ ਨੂੰ ਨੋਟਿਸ ਭੇਜੇ ਗਏ ਹਨ, ਉਹਨਾ ਵਿੱਚੋਂ 20.3 ਫੀਸਦੀ ਮੁਸਲਿਮ ਵੋਟਰ ਹਨ। ਇਹ ਵੀ ਈ ਆਰ ਓ ਜਿਹੜੇ ਇਸ ਲਈ ਸਮਰੱਥ ਅਥਾਰਟੀ ਹਨ, ਵੱਲੋਂ ਨਹੀਂ ਜਾਰੀ ਕੀਤੇ ਗਏ, ਬਲਕਿ ਚੋਣ ਕਮਿਸ਼ਨ ਦੇ ਕੇਂਦਰੀਕ੍ਰਿਤ ਈ ਆਰ ਓ ਨੈੱਟ ਸਾਫਟਵੇਅਰ ਦੀ ਕਰਾਮਾਤ ਹੈ। ਇੱਥੇ ਇਹ ਵੀ ਵਰਨਣਯੋਗ ਹੈ ਕਿ ਪਿਛਲੀ ਐੱਸ ਆਈ ਆਰ ਨਾਲ ਮੈਪਿੰਗ ਵਿੱਚ ਸਿਰਫ਼ 7.6 ਫੀਸਦੀ ਮੁਸਲਿਮ ਵੋਟਰਾਂ ਨੂੰ ਹੀ ਨੋਟਿਸ ਜਾਰੀ ਹੋਏ ਹਨ, ਜਦੋਂ ਕਿ ਹੋਰ ਬਹਾਨਿਆਂ ਹੇਠ ਇਹ ਗਿਣਤੀ 20.3 ਫੀਸਦੀ ਹੈ। ਹਜ਼ਾਰ ਮੁਸਲਿਮ ਵੋਟਰਾਂ ਪਿੱਛੇ 318 ਨੂੰ ਨੋਟਿਸ ਜਾਰੀ ਹੋਏ ਹਨ, ਪਰ ਗੈਰ-ਮੁਸਲਿਮ ਵੋਟਰਾਂ ਦੀ ਇਹ ਗਿਣਤੀ 197 ਹੈ, ਮਤਲਬ ਮੁਸਲਿਮ ਵੋਟਰ ਇਸ ਤਰਕਪੂਰਨ ਘਾਟ ਦਾ ਸੱਠ ਪ੍ਰਤੀਸ਼ਤ ਜ਼ਿਆਦਾ ਸ਼ਿਕਾਰ ਕੀਤੇ ਗਏ ਹਨ। ਜਿਵੇਂ ਪਹਿਲਾਂ ਜ਼ਿਕਰ ਕੀਤਾ ਗਿਆ ਹੈ ਕਿ ਬਿਹਾਰ ਵਿੱਚ ਵੀ ਮੁਸਲਿਮ ਬਹੁਗਿਣਤੀ ਹਲਕਿਆਂ ਵਿੱਚ ਐੱਸ ਆਈ ਆਰ ਦਾ ਕੁਹਾੜਾ ਜ਼ਿਆਦਾ ਚੱਲਿਆ ਸੀ। ਉੱਥੇ 2011 ਦੀ ਜਨਗਣਨਾ ਅਨੁਸਾਰ ਮੁਸਲਿਮ ਆਬਾਦੀ 17.7 ਫੀਸਦੀ ਸੀ, ਪਰ ਕੱਟੀਆਂ ਗਈਆਂ ਵੋਟਾਂ ਵਿੱਚ 18.1 ਫੀਸਦੀ ਮੁਸਲਿਮ ਸਨ। ਉੱਥੇ ਇਹ ਤਰਕਪੂਰਨ ਘਾਟ ਦਾ ਹਥਿਆਰ ਨਹੀਂ ਵਰਤਿਆ ਗਿਆ ਸੀ। ਮੁਸਲਿਮ ਘੱਟ ਗਿਣਤੀ ਨੂੰ ਐੱਸ ਆਈ ਆਰ ਦਾ ਸ਼ਿਕਾਰ ਬਣਾਉਣ ਲਈ ਹੀ ਇਹ ਤਰਕਪੂਰਨ ਘਾਟ ਦਾ ਹਥਿਆਰ ਲਿਆਂਦਾ ਗਿਆ। ਇਸ ਸਾਲ ਚੋਣ ਕਮਿਸ਼ਨ ਨੇ ਆਪਣਾ ਨਵਾਂ ਪੋਰਟਲ ਈ ਸੀ ਆਈ-ਨੈੱਟ ਸ਼ੁਰੂ ਕੀਤਾ। ਇਸ ਤੋਂ ਪਹਿਲਾਂ ਨਵੇਂ ਵੋਟਰਾਂ ਨੂੰ ਸ਼ਾਮਲ ਕਰਨ ਦਾ ਅਧਿਕਾਰ ਹਰ ਵਿਧਾਨ ਸਭਾ ਹਲਕੇ ਦੇ ਐੱਸ ਡੀ ਐੱਮ (ਇਲੈਕਟੋਰਲ ਰਜਿਸਟ੍ਰੇਸ਼ਨ ਆਫ਼ੀਸਰ/ਈ ਆਰ ਓ) ਪੱਧਰ ਦੇ ਅਧਿਕਾਰੀ ਕੋਲ ਹੁੰਦਾ ਸੀ। ਨਵੇਂ ਪੋਰਟਲ ਤੋਂ ਬਾਅਦ ਹੁਣ ਸਿਰਫ਼ ਦਿੱਲੀ ਸਥਿਤ ਚੋਣ ਕਮਿਸ਼ਨ ਦਫ਼ਤਰ ਹੀ ਅਜਿਹਾ ਕਰ ਸਕਦਾ ਹੈ। ਇਸ ਨਵੇਂ ਪੋਰਟਲ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਨਵੰਬਰ 2025 ਵਿੱਚ ਹੀ ਕਮਿਸ਼ਨ ਵਿੱਚ ਘੁਸਰ-ਮੁਸਰ ਹੋਣ ਲੱਗੀ ਸੀ ਕਿ ‘ਕੁੱਝ’ ਹੋਣ ਵਾਲਾ ਹੈ। ਜਦੋਂ ਰਾਹੁਲ ਗਾਂਧੀ ਨੇ ਮਹਾਂਰਾਸ਼ਟਰ ਵਿੱਚ 2024 ਦੇ ਮਈ-ਜੂਨ ਵਿੱਚ ਹੋਈਆਂ ਲੋਕ ਸਭਾ ਚੋਣਾਂ ਦੇ ਮੁਕਾਬਲੇ ਉਸੇ ਸਾਲ ਨਵੰਬਰ ਵਿੱਚ ਹੋਈਆਂ ਮਹਾਂਰਾਸ਼ਟਰ ਵਿਧਾਨ ਸਭਾ ਚੋਣਾਂ ਵਿੱਚ ਚਾਲੀ ਲੱਖ ਨਵੇਂ ਵੋਟਰ ਦਰਜ ਹੋਣ ਦਾ ਮਾਮਲਾ ਉਜਾਗਰ ਕੀਤਾ ਸੀ ਤਾਂ ਉਸ ਵੇਲੇ ਹੀ ਚੋਣ ਕਮਿਸ਼ਨ ਦੀ ਦਾਲ ਕਾਲੀ ਹੋਣ ਦੇ ਚਰਚੇ ਸ਼ੁਰੂ ਹੋ ਗਏ ਸਨ, ਕਿਉਂਕਿ ਚਾਲੀ ਲੱਖ ਵੋਟਾਂ ਦਾ ਵਾਧਾ ਪੰਜ ਸਾਲ ਵਿੱਚ ਹੋਣ ਦੀ ਬਜਾਏ ਸਿਰਫ਼ ਪੰਜ ਮਹੀਨਿਆਂ ਵਿੱਚ ਹੋ ਗਿਆ ਸੀ। ਗੋਆ ਵਿੱਚ ਕੱਟੀਆਂ ਗਈਆਂ 97 ਵੋਟਾਂ ਨੂੰ ਪੜਤਾਲ ਉਪਰੰਤ ਜਦੋਂ ਸਥਾਨਕ ਅਧਿਕਾਰੀ ਨੇ ਦਰੁਸਤੀ ਕਰਨੀ ਚਾਹੀ ਤਾਂ ਉਸ ਕੋਲ ਇਹ ਅਖਤਿਆਰ ਹੀ ਨਹੀਂ ਸੀ। ਇਸ ਸੰਬੰਧੀ ਉਸ ਅਧਿਕਾਰੀ ਨੇ ਚੋਣ ਕਮਿਸ਼ਨ ਨੂੰ ਇਸ ਸਾਲ 11 ਤੋਂ 17 ਫਰਵਰੀ ਤੱਕ ਸੱਤ ਚਿੱਠੀਆਂ ਲਿਖੀਆਂ, ਪਰ ਕਿਸੇ ਦਾ ਜਵਾਬ ਨਹੀਂ ਦਿੱਤਾ ਗਿਆ। ਚੋਣ ਕਮਿਸ਼ਨ ਨੇ ਨਵੇਂ ਬਣਨ ਵਾਲੇ ਵੋਟਰਾਂ ਦੀ ਗਿਣਤੀ ਘਟਾਉਣ ਲਈ ਨਵਾਂ ਹੱਥਕੰਡਾ ਵਰਤਦਿਆਂ ਇਸ ਸਾਲ ਗਿਆਰਾਂ ਜੁਲਾਈ ਨੂੰ ਆਪਣੇ ਈ ਸੀ ਆਈ-ਨੈੱਟ ਪੋਰਟਲ ਤੇ ਫਾਰਮ ਨੰਬਰ ਛੇ ਵਿੱਚ ਆਪਣੇ ਪੱਧਰ ’ਤੇ ਹੀ ਤਬਦੀਲੀ ਕਰ ਦਿੱਤੀ ਗਈ। ਇਹ ਫਾਰਮ ਨਵੇਂ ਬਣਨ ਵਾਲੇ ਵੋਟਰਾਂ ਨੇ ਭਰਨਾ ਹੁੰਦਾ ਹੈ। ਇਸ ਫਾਰਮ ਦੇ ਜੇ ਅਤੇ ਕੇ ਕਾਲਮਾਂ ਵਿਚਕਾਰ ਸ਼ਾਮਲ ਕੀਤੇ ਇੱਕ ਘੋਸ਼ਣਾ ਪੱਤਰ ਮੁਤਾਬਿਕ ਨਵੇਂ ਵੋਟਰਾਂ ਨੂੰ ਤਿੰਨ ਤੱਥਾਂ ਬਾਰੇ ਜਾਣਕਾਰੀ ਦੇਣੀ ਜ਼ਰੂਰੀ ਹੈ: ੳ) ਕੀ ਉਸ ਦਾ ਨਾਂਅ ਪਿਛਲੀ ਐੱਸ ਆਈ ਆਰ ਵਿੱਚ ਦਰਜ ਸੀ? ਅ) ਕੀ ਉਸ ਦੇ ਮਾਪਿਆਂ ਜਾਂ ਦਾਦਾ-ਦਾਦੀ ਦਾ ਨਾਂਅ ਪਿਛਲੀ ਐੱਸ ਆਈ ਆਰ ਵਿੱਚ ਦਰਜ ਸੀ? ੲ) ਕੀ ਇਹਨਾਂ ਵਿੱਚੋਂ ਕਿਸੇ ਦਾ ਵੀ ਨਾਂਅ ਪਿਛਲੀ ਐੱਸ ਆਈ ਆਰ ਵਿੱਚ ਦਰਜ ਨਹੀਂ ਸੀ? ਜੇ ਕਿਸੇ ਦਾ ਵੀ ਨਾਂਅ ਦਰਜ ਸੀ ਤਾਂ ਵਿਧਾਨ ਸਭਾ ਹਲਕਾ, ਬੂਥ ਨੰਬਰ ਅਤੇ ਸੀਰੀਅਲ ਨੰਬਰ ਦੱਸਣਾ ਜ਼ਰੂਰੀ ਹੈ। ਪਿਛਲੀ ਐੱਸ ਆਈ ਆਰ ਸਾਲ 2003 ਵਿੱਚ ਹੋਈ ਸੀ। ਇਸ ਐੱਸ ਆਈ ਆਰ ਵਿੱਚ ਨਾਂਅ ਨਾ ਦਰਜ ਹੋਣ ’ਤੇ ਕੀ ਕਰਨਾ ਹੈ, ਇਸ ਬਾਰੇ ਕੁੱਝ ਵੀ ਨਹੀਂ ਲਿਖਿਆ। ਨਵੇਂ ਵੋਟਰਾਂ ਨੂੰ ਇਸ ਨਵੇਂ ਪੰਗੇ ਵਿੱਚ ਚੋਣ ਕਮਿਸ਼ਨ ਨੇ ਪਹਿਲੀ ਵਾਰ ਪਾਇਆ ਸੀ, ਉਹ ਵੀ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਜਾ ਕੇ।ਸੰਵਿਧਾਨ ਦਾ ਆਰਟੀਕਲ 326 ਗਰੰਟੀ ਦਿੰਦਾ ਹੈ ਕਿ ਕਿਸੇ ਵੀ ਹਲਕੇ ਵਿੱਚ ਰਹਿਣ ਵਾਲਾ ਹਰ ਬਾਲਗ ਆਪਣੀ ਵੋਟ ਬਣਾਉਣ ਦਾ ਹੱਕਦਾਰ ਹੈ, ਬਸ਼ਰਤੇ ਕਿ ਕਿਸੇ ਹੋਰ ਕਾਰਨ ਕਰਕੇ ਉਸ ਨੂੰ ਅਯੋਗ ਨਾ ਠਹਿਰਾਇਆ ਗਿਆ ਹੋਵੇ। 1950 ਦੇ ਰੀਪਰੀਜੈਂਟੇਸ਼ਨ ਆਫ਼ ਪੀਪਲਜ਼ ਐਕਟ ਅਨੁਸਾਰ ਫਾਰਮ ਛੇ ਵਿੱਚ ਕਿਸੇ ਵੀ ਕਿਸਮ ਦੀ ਤਬਦੀਲੀ ਸਿਰਫ਼ ਪਾਰਲੀਮੈਂਟ ਕਰ ਸਕਦੀ ਹੈ, ਨਾ ਕਿ ਚੋਣ ਕਮਿਸ਼ਨ। ਰੂਲਜ਼ ਵਿੱਚ ਵੀ ਤਬਦੀਲੀ 1950 ਦੇ ਰੀਪਰੀਜੈਂਟੇਸ਼ਨ ਆਫ਼ ਪੀਪਲਜ਼ ਐਕਟ ਦੀ ਧਾਰਾ ਅਠਾਈ ਅਨੁਸਾਰ ਸਰਕਾਰ ਦਾ ਅਧਿਕਾਰ ਖੇਤਰ ਹੈ, ਨਾ ਕਿ ਚੋਣ ਕਮਿਸ਼ਨ ਦਾ। ਚੋਣ ਕਮਿਸ਼ਨ ਵਿੱਚ ਧੁਖਦੀ ਅੱਗ : ਫਿਰ ਚੋਣ ਕਮਿਸ਼ਨ ਦੇ ਫੈਸਲੇ ਕੌਣ ਕਰ ਰਿਹਾ ਸੀ? ਕੀ ਸਾਰੇ ਚੋਣ ਕਮਿਸ਼ਨਰ ਸਰਬਸੰਮਤੀ ਨਾਲ ਜਾਂ ਫਿਰ ਗਿਆਨੇਸ਼ ਅਤੇ ਉਸ ਦੇ ਨੇੜਲੇ ਕੁੱਝ ਹੋਰ ਅਧਿਕਾਰੀ? ਇੰਡੀਅਨ ਐਕਸਪ੍ਰੈਸ ਵਿੱਚ ਤੇਈ ਸਤੰਬਰ ਨੂੰ ਛਪੀ ਰਿਪੋਰਟ ਨੇ ਚੋਣ ਕਮਿਸ਼ਨ ਦੇ ਅੰਦਰ ਚੱਲ ਰਹੀਆਂ ਧਾਂਦਲੀਆਂ ਜੱਗ ਜ਼ਾਹਰ ਕਰ ਦਿੱਤੀਆਂ ਹਨ। ਇਸ ਰਿਪੋਰਟ ਅਨੁਸਾਰ ਦੋ ਚੋਣ ਕਮਿਸ਼ਨਰਾਂ ਸਤਿਬੀਰ ਸਿੰਘ ਸੰਧੂ ਅਤੇ ਵਿਵੇਕ ਜੋਸ਼ੀ ਨੇ ਪਿਛਲੇ ਸਾਲ ਅਠਾਰਾਂ ਅਕਤੂਬਰ ਤੋਂ ਇਸ ਸਾਲ ਚੌਦਾਂ ਅਗਸਤ ਦਸ ਮਹੀਨਿਆਂ ਵਿੱਚ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੂੰ ਗੰਭੀਰ ਊਣਤਾਈਆਂ ਸੰਬੰਧੀ ਲਿਖੇ 12 ਪੱਤਰਾਂ ਵਿੱਚ ਉਹਨਾਂ ਦਾ ਨਾਂਅ ਅਤੇ ਦਸਖ਼ਤ ਬਿਨਾਂ ਉਹਨਾਂ ਦੀ ਮਨਜ਼ੂਰੀ ਤੋਂ ਵਰਤੇ ਜਾਣ, ਨਵੇਂ ਪੋਰਟਲ ਦੀ ਮੀਡੀਆ ਤੋਂ ਜਾਣਕਾਰੀ ਪ੍ਰਾਪਤ ਹੋਣਾ, ਕਮਿਸ਼ਨ ਦੀ ਪ੍ਰਵਾਨਗੀ ਤੋਂ ਬਿਨਾਂ

ਬਾਕੀ ਆਖਰੀ ਤੋਂ ਪਹਿਲੇ ਸਫ਼ੇ ’ਤੇ

# ਨਸ਼ਿਆਂ ਨੇ ਪੁੱਤ ਖਾ ਲਏ ਸੂਰਮੇਂ

ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇ-86

ਸੁਰਜੀਤ ਸੁਮਨ

‘ਕਿਹੋ ਜਿਹਾ ਵਕਤ ਆ ਗਿਆ ਮੇਰੇ ਆਰ? ਜਿਉਂ ਜਿਉਂ ਸਤਾਈ ਦੀਆਂ ਚੋਣਾਂ ਨੇੜੇ ਆ ਰਹੀਆਂ ਹਨ, ਲਗਦੈ ਹਾਲਾਤ ਹੱਥੋਂ ਨਿਕਲਦੇ ਜਾ ਰਹੇ ਹਨ। ਇਸੇ ਲਈ ਤਾਂ ਬਾਹਰਲੇ ਮੁਲਕਾਂ ਵਿੱਚੋਂ ਆਇਆ ਕੋਈ ਨਾ ਕੋਈ ਰਿਸ਼ਤੇਦਾਰ ਉੱਥੋਂ ਦੇ ਸਿਸਟਮ ਦੇ ਗੋਗੇ ਗਾਉਂਦਾ ਨਈਂ ਥੱਕਦਾ। ਉੱਥੋਂ ਦਾ ਪੁਲਿਸ ਤੰਤਰ ਰਿਸ਼ਟ-ਪੁਸ਼ਟ ਤੇ ਚੇਤੰਨ ਹੈਗਾ। ਇੱਕ ਪਲ ਵਿੱਚ ਹੀ ਹਰਕਤ ਵਿੱਚ ਆ ਜਾਂਦੈ। ਸਾਡੀ ਸੁਣ ਲਓ ! ਸਾਡਾ ਪੁਲਿਸ ਤੰਤਰ ਉਦੋਂ ਹਰਕਤ ’ਚ ਆਉਂਦਾ, ਜਦੋਂ ਪੀੜਤ ਬੰਦੇ ਦੇ ਸਰੀਰ ’ਚੋਂ ਹਰਕਤ ਈ ਮੁੱਕ ਜਾਂਦੀ ਆ।’ ਮੇਰੇ ਨਾਲ਼ ਪਾਰਕ ਵਿੱਚ ਸੈਰ ਕਰਨ ਆਇਆ ਮਾਸਟਰ ਪਿਆਰਾ ਸਿੰਘ, ਸਿਸਟਮ ਨੂੰ ਲੈ ਕੇ ਦੁਨੀਆਂ ਦੇ ਭਰਮਣ ਉੱਤੇ ਨਿਕਲ਼ ਤੁਰਿਆ ਹੈ। ਅਸੀਂ ਸਭ ਜਾਣਦੇ ਹਾਂ ਕਿ ਆਜ਼ਾਦੀ ਤੋਂ ਬਾਅਦ ਵੀ ਸਾਡੀਆਂ ਸਰਕਾਰਾਂ ਤਾਂ ਬਦਲਦੀਆਂ ਰਹੀਆਂ ਹਨ, ਪਰ ਸਿਸਟਮ ਓਹੀ ਸਦੀਆਂ ਪੁਰਾਣਾ ਰਿਹਾ। ਇਸ ਪਾਸੇ ਸਾਡੇ ਕਿਸੇ ਵੀ ਨੇਤਾ ਨੇ ਪੂਣੀ ਤੱਕ ਨਈਂ ਕੱਤੀ। ਜਿਸ ਦਿਨ ਸਾਡੇ ਦੇਸ਼, ਪ੍ਰਦੇਸ ਦਾ ਸਿਸਟਮ ਬਦਲ ਗਿਆ, ਸਮਝੋ ਇੱਥੋਂ ਦਾ ਵੀ ਕਾਇਆ-ਕਲਪ ਹੋ ਜਾਵੇਗਾ। ‘ਇਹੋ ਈ ਤਾਂ ਕੋਈ ਚਾਹੁੰਦਾ ਨਈਂ।’ ਇਹ ਆਵਾਜ਼ ਮੇਰੇ ਅੰਦਰੋਂ ਹੀ ਕਿਧਰੋਂ ਨਿਕਲ਼ੀ ਹੈ ਤੇ ਅੰਦਰ ਹੀ ਕਿਧਰੇ ਦਫਨ ਹੋ ਗਈ ਹੈ। ਪਾਣੀ ਦੇ ਉਸ ਬੁਲਬੁਲੇ ਵਾਂਗ, ਜੋ ਹੁਣੇ ਬਣਿਆ ਤੇ ਫਿਰ ਆਪਣੀ ਮੌਤੇ ਆਪ ਈ ਫੁੱਟ ਗਿਆ। ਮਾਸਟਰ ਪਿਆਰਾ ਸਿੰਘ ਫਿਰ ਬੋਲੇ ਹਨ, ‘ਸਰਦਾਰ ਜੀ, ਆ ਪਰਮਿੰਦਰ ਸਿੰਘ ਝੋਟੇ ਦੇ ਕਤਲ ਬਾਰੇ ਸੁਣ ਕੇ ਮੈਨੂੰ ਉਹ ਖਰੜ ਆਲ਼ੀ ਡਰੱਗ ਇੰਸਪੈਕਟਰ ਕੁੜੀ ਨੇਹਾ ਸ਼ੋਰੀ ਚੇਤੇ ਆ ਗਈ। ਤੈਨੂੰ ਪਤੈ ਕਿਵੇਂ ਉਹਨੂੰ ਦਫਤਰ ਵਿੱਚ ਬੈਠੀ ਨੂੰ ਈ ਮੋਰਿੰਡਾ ਦੇ ਕਿਸੇ ਮੈਡੀਕਲ ਸਟੋਰ ਮਾਲਕ ਨੇ ਗੋਲ਼ੀਆਂ ਨਾਲ਼ ਭੁੰਨ ਸੁੱਟਿਆ ਸੀ? ਬਾਅਦ ’ਚ ਉਸ ਬੰਦੇ ਨੇ ਵੀ ਆਪਣੇ ਆਪ ਨੂੰ ਗੋਲ਼ੀ ਮਾਰ ਲਈ ਸੀ। ਕਹਿੰਦੇ ਨੇ ਕਿ ਤਕਰੀਬਨ ਦਸ ਸਾਲ ਪਹਿਲਾਂ ਇਸ ਦੇ ਮੈਡੀਕਲ ਸਟੋਰ ’ਤੇ ਨਸ਼ੀਲੀਆਂ ਦਵਾਈਆਂ ਵੇਚਣ ਦੇ ਮਾਮਲੇ ਵਿੱਚ ਵਿਭਾਗ ਨੇ ਰੇਡ ਕੀਤੀ ਸੀ ਤੇ ਉਸ ਟੀਮ ਵਿੱਚ ਨੇਹਾ ਸ਼ੋਰੀ ਵੀ ਸ਼ਾਮਲ ਸੀ। ਸ਼ਾਇਦ ਇਸੇ ਖੁੰਦਕ ’ਚ ਉਸ ਇਹ ਕਾਰਾ ਕੀਤਾ ਹੋਵੇ।’

ਮੇਰੇ ਮਨ ਮਸਤਕ ਵਿੱਚ ਉਹ ਵੀਡੀਓ ਚੱਲਣ ਲੱਗ ਪੈਂਦੀ ਹੈ, ਜਿਸ ਵਿੱਚ ਇਹ ਸਾਰੀ ਲਾਈਵ ਘਟਨਾ ਰਿਕਾਰਡ ਹੋ ਚੁੱਕੀ ਸੀ। ਮਾਨਸਾ ਦੇ ਨਸ਼ਾ ਵਿਰੋਧੀ ਕਾਰਕੁਨ ਪਰਮਿੰਦਰ ਸਿੰਘ ਝੋਟਾ ਨੂੰ ਇੱਕ ਮੈਡੀਕਲ ਸਟੋਰ ਦੇ ਮਾਲਕ ਅਸ਼ਵਨੀ ਕੁਮਾਰ ਵੱਲੋਂ ਗੋਲ਼ੀਆਂ ਮਾਰ ਕੇ ਕਤਲ ਕਰਨ ਦੀ ਖ਼ਬਰ ਅੱਖ ਦੇ ਫੋਰ ਵਿੱਚ ਹੀ ਖੰਭ ਲਾ ਕੇ ਉੱਡ ਤੁਰੀ ਸੀ। ਇਸ ਮਾੜੀ ਖ਼ਬਰ ਨੇ ਦੇਸ਼-ਵਿਦੇਸ਼ ਦੇ ਲੋਕਾਂ ਨੂੰ ਹਿਲਾ ਕੇ ਰੱਖ ਦਿੱਤਾ। ਕਿਸੇ ਵੇਲ਼ੇ ਦਾ ਇਹ ਫਰੀਅ ਸਟਾਈਲ ਕਬੱਡੀ ਖਿਡਾਰੀ ਕੁਝ ਸਾਲ ਪਹਿਲਾਂ ਆਪਣੀ ਐਂਟੀ ਡਰੱਗ ਟਾਸਕ ਫੋਰਸ ਬਣਾ ਕੇ ਨਸ਼ਾ ਤਸਕਰਾਂ ਵਿਰੁੱਧ ਨਿੱਤਰਿਆ ਸੀ। ਉਹ ਖੁਦ ਨਸ਼ਾ ਵੇਚਣ ਵਾਲ਼ਿਆਂ ਨੂੰ ਫੜ ਕੇ ਪੁਲਿਸ ਹਵਾਲੇ ਕਰਦਾ ਰਿਹਾ। ਬੇਸ਼ੱਕ ਉਸ ਖਿਲਾਫ ਵੀ ਕਈ ਕੇਸ ਦਰਜ ਸਨ, ਜਿਨ੍ਹਾਂ ਵਿੱਚੋਂ ਇੱਕ ਇਰਾਦਾ-ਏ-ਕਤਲ ਦਾ ਕੇਸ ਵੀ ਸੁਣੀਂਦਾ ਸੀ, ਪਰ ਪਿਛਲੇ ਲੰਮੇ ਸਮੇਂ ਤੋਂ ਪਰਮਿੰਦਰ ਸਿੰਘ ਝੋਟਾ ਨਸ਼ਾ ਤੇ ਨਸ਼ਾ ਵੇਚਣ ਵਾਲ਼ਿਆਂ ਦਾ ਡਟ ਕੇ ਵਿਰੋਧ ਕਰਦਾ ਆ ਰਿਹਾ ਸੀ। ਕਿਸੇ ਵੇਲ਼ੇ ਉਸ ਨੇ ਇਸੇ ਮੈਡੀਕਲ ਸਟੋਰ ਮਾਲਕ ਨੂੰ ਫੜ, ਉਸ ਦੇ ਜੁੱਤੀਆਂ ਦਾ ਹਾਰ ਪਾ ਕੇ ਥਾਣੇ ਲਿਆਂਦਾ ਸੀ। ਕੁਝ ਵੀ ਹੋਵੇ ਇਸ ਘਟਨਾ ਨਾਲ਼ ਸਾਡਾ ਪੁਲਿਸ ਪ੍ਰਸ਼ਾਸਨਿਕ ਤੇ ਰਾਜਨੀਤਿਕ ਢਾਂਚੇ ਵਿੱਚ ਹੋਏ ਮਘੋਰੇ ਹੋਰ ਵੱਡੇ ਵੱਡੇ ਹੁੰਦੇ ਦਿਖਾਈ ਦੇ ਰਹੇ ਹਨ। ਇਸ ਵੇਲ਼ੇ ਸਾਡੀ ਕਾਰਜਪਾਲਿਕਾ, ਵਿਧਾਨਪਾਲਿਕਾ ਤੇ ਨਿਆਂਪਾਲਿਕਾ ਆਪਣੇ ਆਪ ਨੂੰ ਨਿਹੱਥਾ ਹੋਈਆਂ ਮਹਿਸੂਸ ਕਰ ਰਹੀਆਂ ਹਨ। ਨਸ਼ਾ ਤਸਕਰ ਇਨ੍ਹਾਂ ਸਾਰੀਆਂ ਵਿਵਸਥਾਵਾਂ ਉੱਤੇ ਭਾਰੂ ਪੈ ਗਏ ਜਾਪਦੇ ਹਨ। ਮੀਡੀਆ ਆਪਣੀ ਪੀਪਨੀ ਵਜਾ ਰਿਹਾ ਹੈ। ਚੁਫੇਰੇ ਇੱਕ ਤਰ੍ਹਾਂ ਦਾ ਮਹਾਂਭਾਰਤ ਛਿੜਿਆ ਹੋਇਆ ਪ੍ਰਤੀਤ ਹੋ ਰਿਹਾ ਹੈ। ਕਿਸੇ ਨੂੰ ਕੁਝ ਵੀ ਸਮਝ ਨਹੀਂ ਆ ਰਿਹਾ। ਰਾਖੇ, ਚੋਰ ਸਾਬਤ ਹੋ ਰਹੇ ਹਨ। ਚੋਰ; ਠੱਗਾਂ, ਡਾਕਆਂ ਤੇ ਲੁਟੇਰਿਆਂ ਵਿੱਚ ਬਦਲ ਗਏ ਹਨ। ਇਨ੍ਹਾਂ ਸਾਰਿਆਂ ਨੇ ਮਿਲ਼ ਕੇ ਆਮ ਜਨਤਾ ਦਾ ਜੀਣਾ ਦੁੱਭਰ ਕਰ ਰੱਖਿਆ ਹੈ। ਆਮ ਲੋਕ ਜਾਣ ਤਾਂ ਕਿੱਧਰ ਜਾਣ? ਕੋਈ ਰਾਹ ਦਿਖਾਈ ਨਹੀਂ ਦਿੰਦਾ। ਉਨ੍ਹਾਂ ਕੋਲ਼ ਬੱਸ ਇੱਕੋ ਇੱਕ ਰਾਹ ਧਰਨੇ, ਪ੍ਰਦਰਸ਼ਨ, ਹੜਤਾਲ਼ਾਂ ਤੇ ਬੰਦ ਆਦਿ ਹੀ ਬਚਦੇ ਹਨ। ਸਮੇਂ ਦੀ ਮਾਰ ਦੇਖੋ, ਇਹ ਵੀ ਆਮ ਜਨਤਾ ਦੇ ਖਿਲਾਫ ਹੀ ਭੁਗਤਦੇ ਹਨ। ਕਿਵੇਂ? ਨੇਤਾ ਤੇ ਪੁਲਿਸ ਅਫ਼ਸਰ ਤਾਂ ਆਪਣੇ ਆਪਣੇ ਘਰਾਂ ਜਾਂ ਦਫ਼ਤਰਾਂ ਵਿੱਚ ਆਰਾਮ ਨਾਲ਼ ਬੈਠੇ ਹਨ, ਆਮ ਜਨਤਾ ਸੜਕਾਂ ’ਤੇ ਖੱਜਲ਼ ਹੋ ਰਹੀ ਹੈ। ਠੰਢੇ ਕਮਰਿਆਂ ਵਿੱਚ ਬੈਠੇ ਇਨ੍ਹਾਂ ਰਾਜੇ-ਮਹਾਰਾਜਿਆਂ ਨੂੰ ਕੀ ਫਰਕ ਪੈਂਦਾ? ਉਹ ਮਾਵਾਂ, ਭੈਣਾਂ, ਪਤਨੀਆਂ ਜਾਂ ਧੀਆਂ ਦੁਹੱਥੜ ਮਾਰ ਮਾਰ ਰੋਣ, ਕੀਰਨੇ ਪਾਉਣ, ਜਿਨ੍ਹਾਂ ਦੇ ਨੇੜਲੇ ਗੋਲ਼ੀਆਂ ਦਾ ਸ਼ਿਕਾਰ ਹੋ ਗਏ ਹਨ। ਇਨ੍ਹਾਂ ਨੂੰ ਕੀ?

ਸਾਡੀਆਂ ਮਾਵਾਂ ਆਪਣੇ ਪੁੱਤਾਂ ਤੇ ਧੀਆਂ ਨੂੰ ਹਮੇਸ਼ਾ ਹਰ ਇੱਲ-ਬਲਾਅ ਤੋਂ ਬਚਾਅ ਕੇ ਰੱਖਦੀਆਂ ਰਹੀਆਂ ਹਨ। ਕੋਈ ਵਕਤ ਹੁੰਦਾ ਸੀ, ਜਦੋਂ ਇਹ ਕਿਹਾ ਜਾਂਦਾ ਸੀ, ‘ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ।’ ਸਦੀਆਂ ਪਹਿਲਾਂ ਪੰਜਾਬੀਆਂ ਨੂੰ ਸਦਾ ਬਾਹਰੀ ਹਮਲਾਵਰਾਂ ਦਾ ਡਰ ਸਤਾਉਂਦਾ ਰਹਿੰਦਾ ਸੀ। ਕਿਸੇ ਵੇਲ਼ੇ ਇਹ ਵੀ ਕਿਹਾ ਜਾਂਦਾ ਸੀ, ‘ਖਾਧਾ-ਪੀਤਾ ਲਾਹੇ ਦਾ ਬਾਕੀ ਅਹਿਮਦ ਸ਼ਾਹੇ ਦਾ।’ ਅਹਿਮਦ ਸ਼ਾਹ ਅਬਦਾਲੀ ਤੇ ਨਾਦਰ ਸ਼ਾਹ ਵਰਗੇ ਲੁਟੇਰੇ ਤੇ ਧਾੜਵੀ ਲੁੱਟ-ਮਾਰ ਕਰਦੇ ਤੇ ਨਸ਼ਿਆਂ ਨਾਲ਼ ਡੱਕੇ ਔਰਤਾਂ ਦੀ ਪੱਤ ਰੋਲ਼ਦੇ। ਕੁਝ ਵੀ ਹੋ ਜਾਵੇ, ਵਾਹ ਲੱਗਦਿਆਂ ਮਾਵਾਂ ਆਪਣੀ ਔਲਾਦ ਨੂੰ ਪੰਗ ਵੀ ਲੱਗਣ ਨਹੀਂ ਦਿੰਦੀਆਂ ਸਨ। ਦੁਨੀਆਂ ਦੀ ਹਰ ਮਾਂ ਅਜਿਹਾ ਹੀ ਚਾਹੁੰਦੀ ਹੈ ਕਿ ਉਸ ਦੀ ਔਲਾਦ ਤਰੱਕੀ ਕਰੇ, ਕਿਸੇ ਵੀ ਤਰ੍ਹਾਂ ਦੀ ਬੁਰੀ ਅਲਾਮਤ ਤੋਂ ਦੂਰ ਰਹੇ। ਨਸ਼ਿਆਂ ਬਾਰੇ ਤਾਂ ਉਹ ਸੋਚ ਵੀ ਨਹੀਂ ਸਕਦੀ। ਪਰ ਇਹ ਵੀ ਕੌੜਾ ਸੱਚ ਹੈ ਕਿ ਸਾਡੀ ਧਰਤੀ ’ਤੇ ਨਸ਼ਿਆਂ ਦਾ ਸੇਵਨ ਸਦੀਆਂ ਤੋਂ ਚਲਿਆ ਆ ਰਿਹਾ ਹੈ। ਪੰਜਾਬ ਦੇ ਅੱਜ ਜੋ ਹਾਲਾਤ ਬਣਦੇ ਜਾ ਰਹੇ ਹਨ, ਉਨ੍ਹਾਂ ਨੂੰ ਦੇਖਦਿਆਂ ਇੱਥੋਂ ਦੀ ਹਰ ਮਾਂ ਆਪਣੀ ਔਲਾਦ ਦੀ ਸਲਾਮਤੀ ਲਈ ਅਰਦਾਸ ਵਿੱਚ ਜੁੜ ਬਹਿੰਦੀ ਹੈ। ਉਹ ਦੁਆ ਮੰਗਦੀ ਹੈ। ਹੇ ਸੱਚੇ ਪਾਤਸ਼ਾਹ ! ਦਇਆ ਦ੍ਰਿਸ਼ਟੀ ਰੱਖੀਂ। ਸਰਬੱਤ ਦਾ ਭਲਾ ਕਰੀਂ। ਸਿਆਣੇ ਕਹਿੰਦੇ ਹਨ ਕਿ ਅਫੀਮ ਤੇ ਪੋਸਤ ਤਾਂ ਸਦੀਆਂ ਤੋਂ ਵਿਕਦਾ ਤੇ ਪੰਜਾਬੀਆਂ ਵੱਲੋਂ ਇਸਤੇਮਾਲ ਕੀਤਾ ਜਾਂਦਾ ਰਿਹਾ ਹੈ। ਸ਼ਰਾਬ ਵੀ ਆਪਣੇ ਵੱਖਰੇ ਵੱਖਰੇ ਨਾਂਵਾਂ ਜਿਵੇਂ ਸੁਰਾਅ, ਸੋਮਰਸ, ਮਦਿਰਾ, ਤਾੜੀ, ਲਾਹਣ, ਦੇਸੀ ਦਾਰੂ ਆਦਿ ਵੈਦਿਕ ਤੇ ਹੜੱਪਾ ਆਦਿ ਕਾਲਾਂ ’ਚੋਂ ਲੰਘਦਿਆਂ ਅੱਜ ਦੇ ਦੌਰ ਵਿੱਚ ਦਾਖਲ ਹੋਈ ਹੈ। ਇਹ ਨਸ਼ਾ ਤਤਕਾਲੀਨ ਸਮਿਆਂ ਦੇ ਰਾਜੇ-ਮਹਾਰਾਜਿਆਂ ਦੀਆਂ ਮਹਿਫਲਾਂ ਦਾ ਸ਼ਿੰਗਾਰ ਵੀ ਰਿਹਾ ਹੈ। ਪਰ ਇਸ ਸਿੰਥੈਟਿਕ ਨਸ਼ੇ ਨੇ ਤਾਂ ਕੋਹਰਾਮ ਮਚਾ ਰੱਖਿਆ ਹੈ, ਜਿਸ ਵਿੱਚ ਦਵਾਈਆਂ ਦੀਆਂ ਕਾਰੋਬਾਰੀ ਕੰਪਨੀਆਂ ਆਪਣੇ ਹੱਥ ਰੰਗ ਰਹੀਆਂ ਹਨ।

ਤਤਕਾਲੀਨ ਸਮਿਆਂ ਦੇ ਇਹ ਰਾਜੇ-ਮਹਾਰਾਜੇ ਹੀ ਸਨ, ਜੋ ਇਨ੍ਹਾਂ ਨਸ਼ਿਆਂ ਨਾਲ਼ ਆਪਣੇ ਕੰਮ ਨੂੰ ਸਾਧ ਲੈਂਦੇ ਸਨ। ਨਸ਼ਿਆਂ ਬਾਰੇ ਬਹੁਤ ਸਾਰੀਆਂ ਕਰੂਰ ਤੋਂ ਕਰੂਰ ਘਟਨਾਵਾਂ ਇਤਿਹਾਸ/ ਮਿਥਿਹਾਸ ਵਿੱਚ ਦਰਜ ਪਈਆਂ ਹਨ। ਮੈਨੂੰ ਮੇਰੇ ਇੱਕ ਦੋਸਤ ਦੀ ਹੱਡਬੀਤੀ ਚੇਤੇ ਆਉਣ ਲਗਦੀ ਹੈ। ਅਚਾਨਕ ਮੇਰੇ ਇਸ ਦੋਸਤ ਦੀ ਸੱਸ ਪੂਰੀ ਹੋ ਗਈ। ਘਰ ਵਿੱਚ ਸੱਥਰ ਵਿੱਛ ਗਿਆ। ਉਸ ਦਾ ਵੱਡਾ ਸਾਲ਼ਾ ਵਿਆਹਿਆ ਹੋਇਆ ਸੀ, ਜੋ ਇੱਕ ਜੁਆਕ ਦਾ ਪਿਓ ਵੀ ਸੀ। ਉਸ ਦਾ ਸਹੁਰਾ ਸਿਆਣਾ ਤੇ ਗੁਣੀ ਬੰਦਾ ਸੀ। ਛੋਟਾ ਸਾਲ਼ਾ ਕੁਝ ਅੱਥਰਾ ਤੇ ਹਾਲੇ ਕੁਆਰਾ ਸੀ। ਸਹੁਰਾ ਸਾਬਕਾ ਫੌਜੀ ਹੋਣ ਕਰਕੇ ਪੈੱਗ ਦਾ ਸ਼ੌਕੀਨ ਸੀ। ਇਸੇ ਲਈ ਉਹ ਅਕਸਰ ਘਰ ਵਿੱਚ ਹੀ ਮਹਿਫਲ ਸਜਾ ਲੈਂਦਾ। ਉਸ ਦੇ ਦੋਵੇਂ ਪੁੱਤ ਵੀ ਉਸ ਦਾ ਸਾਥ ਦਿੰਦੇ। ਉਸ ਦਾ ਛੋਟਾ ਸਾਲ਼ਾ ਆਪਣੀ ਭਰਜਾਈ ਦੀਆਂ ਚੁਸਤ-ਚਲਾਕੀਆਂ ਤੋਂ ਡਾਢਾ ਪ੍ਰੇਸ਼ਾਨ ਸੀ। ਘਰ ਵਿੱਚਲੇ ਸ਼ੀਤ ਯੁੱਧ ਦੇ ਚੱਲਦਿਆਂ ਉਹ ਮਾਂ ਮਹਿੱਟਰ ਹੌਲ਼ੀ ਹੌਲ਼ੀ ਅਡਿਕਟ ਹੋ ਗਿਆ। ਉਸਨੂੰ ਨਸ਼ਾ ਛੁਡਾਊ ਕੇਂਦਰ ਵਿੱਚ ਦਾਖਲ ਕਰਵਾਇਆ ਗਿਆ। ਲੰਮੇ ਸਮੇਂ ਦੇ ਅਹੁੜ-ਪਹੁੜ ਨਾਲ਼ ਉਹ ਨਸ਼ਾ ਮੁਕਤ ਹੋਇਆ। ਬਾਅਦ ਵਿੱਚ ਇਹ ਗੱਲ ਸਾਹਮਣੇ ਆਈ ਕਿ ਉਸ ਦੀ ਭਰਜਾਈ ਹੀ ਇਸ ਸਭ ਲਈ ਜ਼ਿੰਮੇਵਾਰ ਸੀ, ਜੋ ਉਸ ਨੂੰ ਨਸ਼ੱਈ ਕਰਕੇ ਸਭ ਕੁਝ ਹੜੱਪਣਾ ਚਾਹੁੰਦੀ ਸੀ। ਮੈਨੂੰ ਤਾਇਆ ਆਤਮਾ ਸਿੰਘ ਦੀਆਂ ਗੱਲਾਂ ਚੇਤੇ ਆਉਣ ਲਗਦੀਆਂ ਹਨ। ਉਹ ਕਿਹਾ ਕਰਦੇ ਸਨ, ‘ਨਸ਼ੇ ਤਾਂ ਬਾਦਸ਼ਾਹੀਆਂ ਡੋਬ ਦਿੰਦੇ ਨੇ ਭਤੀਜ।’ ਨਸ਼ਾ ਕ੍ਰਾਂਤੀ ਨੂੰ ਦਾਜ ਵਿੱਚ ਨਾਲ਼ ਲਿਆਈ ਹਰੀ ਕ੍ਰਾਂਤੀ, ਹੋਰ ਕਿੰਨੇ ਕੁ ਰੰਗ ਦਿਖਾਏਗੀ? ਮਾਵਾਂ, ਧੀਆਂ, ਭੈਣਾਂ ਤੇ ਪਤਨੀਆਂ ਜ਼ਾਲਮਾਨਾ ਪੰਜਿਆਂ ਵਿੱਚ ਘਿਰ ਗਈਆਂ ਹਨ। ਉਹ ਜਾਣ ਤਾਂ ਕਿੱਧਰ ਜਾਣ? ਇਹ ਬੇਰਹਿਮ ਸਿਸਟਮ ਕਦੋਂ ਤੇ ਕਿਵੇਂ ਬਦਲੇਗਾ? ਮੈਨੂੰ ਮੇਰੇ ਗੀਤ ਦੇ ਬੋਲ ਚੇਤੇ ਆਉਣ ਲਗਦੇ ਹਨ, ‘ਮਾਵਾਂ ਵੈਣ ਨੇ, ਵੈਣ ਨੇ ਹਾਕਮੋਂ ਪਾਉਂਦੀਆਂ/ ਨਸ਼ਿਆਂ ਨੇ ਪੁੱਤ ਖਾ ਲਏ ਸੂਰਮੇ, ਸੂਰਮੇ/ ਸੁੱਖਦੀਆਂ ਸੁੱਖਣਾ ਚੜ੍ਹਾਉਣ ਦੇਗਾਂ, ਚੂਰਮੇ।’

ਸੰਪਰਕ : 98144 30874

# ਬੱਬਰਾਂ ਦੇ ਹਮਸਾਏ ਪਿੰਡ

ਪਿੰਡ ਵਸਿਆ-97

ਵਿਜੈ ਬੰਬੇਲੀ

“ਮੇਲਾ ਗ਼ਦਰੀ ਬਾਬਿਆਂ ਦਾ”, ਜਿਹੜਾ ਹਰ ਵਰ੍ਹੇ ਦੇਸ਼ ਭਗਤ ਯਾਦਗਾਰ ਕੰਪਲੈਕਸ ਜਲੰਧਰ ਵਿਖੇ ਰਚਾਇਆ-ਸਜਾਇਆ ਜਾਂਦਾ ਹੈ।ਐਤਕੀਂ ਇਹ 35ਵਾਂ ਸਮਾਰੋਹ ਸਿਰ ਵਾਰਵੀਂ ਬੱਬਰ ਅਕਾਲੀ ਲਹਿਰ ਦੀਆਂ ਸ਼ਹਾਦਤਾਂ ਨੂੰ ਸਮਰਪਿਤ ਹੈ। 27 ਫਰਵਰੀ 1926 ਨੂੰ ਬੱਬਰਾਂ ਦਾ ਪਹਿਲਾ ਪੂਰ (ਬੱਬਰ ਕਿਸ਼ਨ ਸਿੰਘ ਗੜਗੱਜ ਬੜਿੰਗ, ਕਰਮ ਸਿੰਘ ਹਰੀਪੁਰ, ਨੰਦ ਸਿੰਘ ਘੁੜਿਆਲ, ਧਰਮ ਸਿੰਘ ਹਿਆਤਪੁਰ ਰੁੜਕੀ, ਸੰਤਾ ਸਿੰਘ ਛੋਟੀ ਹਰਿਓ ਅਤੇ ਦਲੀਪਾ ਭੁਚੰਗੀ ਧਾਮੀਆਂ) ਸੂਲੀ ਚੜ੍ਹਿਆ ਸੀ ਤੇ 27 ਫਰਵਰੀ 1927 ਨੂੰ ਦੂਜਾ (ਬੱਬਰ ਬੰਤਾ ਸਿੰਘ ਗੁਰੂਸਰ, ਗੁੱਜਰ ਸਿੰਘ ਢੈਪਈ, ਮੁਕੰਦ ਸਿੰਘ ਜੱਸੋਵਾਲ, ਨਿੱਕਾ ਸਿੰਘ ਗਿੱਲਾਂ ਤੇ ਨਿੱਕਾ ਸਿੰਘ ਉਰਫ ਈਸ਼ਰ ਸਿੰਘ ਔਲੋਵਾਲ, ਸੁੰਦਰ ਸਿੰਘ ਲੋਹੇਕੇ)। ਫਿਰ ਚੱਲ-ਸੋ-ਚੱਲ। ਫਾਂਸੀਆਂ, ਮੁਕਾਬਲਿਆਂ, ਜੇਲ੍ਹਾਂ-ਹਵਾਲਾਤਾਂ ’ਚ ਦੋ ਘੱਟ ਪੰਜਾਹ ਬੱਬਰਾਂ ਨੇ ਜੰਗਿ-ਏ-ਆਜ਼ਾਦੀ ਵਿੱਚ ਸ਼ਹੀਦੀ ਪਾਈ ਸੀ। ਬੱਬਰਾਂ ਦੀਆਂ ਜੰਮਣ ਭੋਇਆਂ ਸਮੇਤ ਉਹਨਾਂ ਦੀਆਂ ਭਖਵੀਆਂ ਸਰਗਰਮੀਆਂ ਦੇ ਪਿੰਡਾਂ ਅਤੇ ਕੇਂਦਰਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ, ਇਸ ਕਾਲਮ ਵਿੱਚ :

**ਬੱਬਰ ਅਕਾਲੀਆਂ ਦੀ ਜੰਮਣ ਭੋਇੰ:**

* ਜ਼ਿਲ੍ਹਾ ਹੁਸ਼ਿਆਰਪੁਰ : ਸਰਹਾਲਾ ਖੁਰਦ, ਸਰਹਾਲਾ ਕਲਾਂ, ਸਾਧਰਾਂ, ਸਿੰਬਲੀ, ਸਿੰਗੜੀਵਾਲ, ਹੁਸ਼ਿਆਰਪੁਰ, ਕੁਕੜ ਮਜਾਰਾ/ਕੁਕੜਾਂ, ਕੋਟਫਤੂਹੀ, ਕੋਟਲੀ ਬਾਵਾ ਦਾਸ, ਕੰਗ ਮਾਈ, ਕੋਠੇ ਅਧਿਕਾਰੇ, ਕੌਲਗੜ੍ਹ, ਖਾੜੌਂਦੀ, ਗੋਂਦਪੁਰ, ਚਾਂਬੂ ਜੱਟਾਂ, ਚੱਕ ਫੁੱਲੂ, ਚੱਬੇਵਾਲ, ਚੇਲਾ, ਜੱਸੋਵਾਲ, ਜੰਡੋਲੀ, ਧਾਮੀਆਂ, ਨੰਗਲ ਕਲਾਂ, ਪੰਡੋਰੀ ਗੰਗਾ ਸਿੰਘ, ਪੰਡੋਰੀ ਮਹਿਤਪੁਰ, ਫਤਿਹਪੁਰ ਕੋਠੀ, ਬਹਿਵਲਪੁਰ, ਬਾਹੋਵਾਲ, ਬੁੜੋਬਾੜੀ, ਬੱਕਰ/ਬਕਾਪੁਰ, ਭਾਰਟਾ ਗਣੇਸ਼ਪੁਰ, ਮਾਣਕ ਢੇਰੀ, ਮਖਸੂਸਪੁਰ, ਮੰਡਿਆਲਾ, ਮੰਨਣਹਾਨਾ, ਮੋਰਾਂਵਾਲੀ, ਮੈਹਦਆਨੀ, ਰੁੜਕੀ ਖਾਸ/ਸੈਣੀਆਂ, ਰਾਜੋਵਾਲ ਅਤੇ ਰਾਮਗੜ੍ਹ ਝੁੰਗੀਆਂ।
* ਜ਼ਿਲ੍ਹਾ ਜਲੰਧਰ/ਨਵਾਂ ਸ਼ਹਿਰ: ਸਮਰਾਵਾਂ, ਸਰੀਂਹ, ਸੁੰਢ, ਸੁਰਾਨਸੀ, ਸਿੰਬਲੀ, ਖੁਸਰੋਪੁਰ, ਹਰੀਪੁਰ, ਹਿਆਤਪੁਰ ਰੁੜਕੀ, ਕਠਾਰ, ਕੰਦੋਲਾ, ਗੜ੍ਹੀ ਕਾਨੂੰਗੋ, ਗੋਸਲ, ਗੋਬਿੰਦਪੁਰ, ਘੁੜਿਆਲ, ਚੱਕ ਬਾਗੜੀਆਂ, ਜੌਹਲ, ਜੰਡੂ ਸਿੰਘਾ, ਝਿੰਗੜ, ਡਮੁੰਡਾ, ਦੌਲਤਪੁਰ, ਧੁੱਗਾ, ਪਤਾਰਾ, ਪਰਾਗਪੁਰ, ਪੰਡੋਰੀ ਨਿੱਜਰਾਂ, ਫਰਾਲਾ, ਬੜਿੰਗ, ਬੀਕਾ, ਬੈਂਸਾਂ, ਬਿਸਰਾਮਪੁਰ, ਭਕਰੂੰਦੀ, ਮਸਾਣੀਆਂ, ਮੁਜਾਰਾ ਕਲਾਂ, ਮੰਗੋਵਾਲ, ਮੰਡੇਰ, ਮੰਢਾਲੀ, ਮਾਂਗਟਾਂ, ਮਾਣਕੋ, ਰੰਧਾਵਾ ਮਸੰਦਾਂ, ਰਾਇਪੁਰ ਫਰਾਲਾ ਅਤੇ ਰਾਏਪੁਰ ਰਸੂਲਪੁਰ।
* ਜ਼ਿਲ੍ਹਾ/ਰਿਆਸਤ ਕਪੂਰਥਲਾ : ਸੈਦਪੁਰ, ਸੰਗਤਪੁਰ ਕਲਾਲ, ਖੈੜਾ ਮੱਜਾ/ਸਰਾਏ ਖਾਸ, ਡੁਮੇਲੀ, ਢੰਡੋਲੀ, ਪਲਾਹੀ, ਬਬੇਲੀ, ਬੋਪਾਰਾਏ, ਮਾਣਕ ਅਤੇ ਧਾਲੀਵਾਲ।
* ਜ਼ਿਲ੍ਹਾ ਅੰਮ੍ਰਿਤਸਰ/ਤਰਨ ਤਾਰਨ : ਆਲੋਵਾਲ, ਅਲੀਪੁਰ ਗੁੱਡੇ, ਗੁਰੂਸਰ, ਚਾਟੀਵਿੰਡ, ਭੋਆ, ਲਹੁਕਾ ਅਤੇ ਵੇਈਂਪੂਈਂ।
* ਜ਼ਿਲ੍ਹਾ ਲੁਧਿਆਣਾ : ਗਿੱਲ, ਛੋਟੀ ਹਰੀਓ, ਜਸਪਾਲੋਂ, ਢੈਪਈ, ਅਤੇ ਦਾਖਾਂ।
* ਜ਼ਿਲ੍ਹਾ ਸੰਗਰੂਰ : ਸੁਨਾਮ, ਛੀਨੀਵਾਲ, ਬੜੀ ਅਤੇ ਲੋਹਾ ਖੇੜਾ।
* ਜ਼ਿਲ੍ਹਾ ਗੁਰਦਾਸਪੁਰ : ਲੀਹਲ।
* ਊਨਾ (ਹੁਣ ਹਿਮਾਚਲ) : ਅਲਕੋਤਾ।
* ਲਾਹੌਰ (ਹੁਣ ਪਾਕਿਸਤਾਨ) : ਸਭਰਾਓਂ ਅਤੇ ਜੌੜ ਸਿੰਘ ਵਾਲਾ।
* ਲਾਇਲਪੁਰ (ਹੁਣ ਪਾਕਿਸਤਾਨ) : ਡਿੱਚਕੋਟ ਮਾਣਕੋ।
* ਗੁਜਰਾਂਵਾਲਾ (ਹੁਣ ਪਾਕਿਸਤਾਨ) : ਗੋਬਿੰਦਪੁਰ।
* ਸਿਆਲਕੋਟ (ਹੁਣ ਪਾਕਿਸਤਾਨ) : ਛਬੀਲਪੁਰ।
* ਬੱਬਰ ਦੀਵਾਨ : ਪ੍ਰਚਾਰ-ਪਸਾਰ ਅਤੇ ਆਪਣੀ ਗੱਲ, ਬਾ-ਦਲੀਲ ਅਤੇ ਕੁਰਬਾਨੀ ਪਰੁੰਨੇ ਜਜ਼ਬੇ ਨਾਲ ਰੱਖਣ ਲਈ ਬੱਬਰਾਂ ਨੇ ਕਈ ਪਿੰਡਾਂ-ਨਗਰਾਂ, ਬਹੁਤੇ ਦੋਆਬੇ ਵਿੱਚ ਬੱਬਰ ਦੀਵਾਨ (ਸਭਾਵਾਂ/ਕਾਨਫਰੰਸਾਂ) ਕੀਤੀਆਂ। ਗ੍ਰਿਫਤਾਰੀ/ਸ਼ਹੀਦੀ ਤੱਕ, ਇਹਨਾਂ ਸਿਆਸੀ ਇਕੱਠਾਂ ਵਿੱਚ ਸਥਾਨਕ ਤੇ ਉੱਘੇ ਬੱਬਰ ਸ਼ਮੂਲੀਅਤ ਕਰਦੇ ਰਹੇ :

**ਕਿੱਥੇ-ਕਿੱਥੇ ਹੋਏ ਸਨ, ਇਹ ਛੋਟੇ-ਵੱਡੇ, ਦੀਵਾਨ :**

* ਹੁਸ਼ਿਆਰਪੁਰ ਖਿੱਤਾ: ਅਚਲਪੁਰ, ਅੰਬਾਲਾ, ਸਰਹਾਲਾ ਕਲਾਂ, ਕੁਕੜ ਮਜਾਰਾ, ਕੋਟੀਆਂ, ਕੋਟਲੀ ਖੁਰਦ, ਕਾਲੇਵਾਲ, ਗੋਂਦਪੁਰ, ਚੱਕ ਸਿੰਘਾਂ, ਜੱਸੋਵਾਲ, ਜੰਡੋਲੀ, ਜਿਐਨ, ਡੀਂਗਰੀਆਂ ਮਜਾਰਾ, ਧੰਨੋਵਾਲ, ਨੂਰਪੁਰ, ਪੱਖੋਵਾਲ, ਪੈਂਲਾਂ, ਬਸੀ ਕਲਾਂ, ਬੱਡੋਂ, ਬੱਧਨਾਂ, ਬੱਛੋਵਾਲੀ, ਬੁਧੈਵਾਲ, ਮੁਕੇਰੀਆਂ, ਮੱਕੋਵਾਲ, ਮਾਹਲਾਂ, ਮਾਹਿਲਪੁਰ, ਮੇਂਹਿਦੀਪੁਰ, ਮਹਿਤਪੁਰ ਉਲੱਦਣੀ, ਮਹਿਮੂਪੁਰ, ਮੈਂਹਦਪੁਰ/ਮੇਂਹਿਦੀਪੁਰ, ਰਸੂਲਪੁਰ, ਰਾਜੋਵਾਲ ਅਤੇ ਰਾਮਗੜ੍ਹ ਝੁੰਗੀਆਂ।
* ਜਲੰਧਰ/ਨਵਾਂਸ਼ਹਿਰ ਖੇਤਰ : ਅੱਪਰਾ, ਸੂਰਾਪੁਰ, ਸੰਗੋਵਾਲ, ਹਿਯਾਤਪੁਰ ਰੁੜਕੀ, ਕਾਲਾ ਬੱਕਰਾ, ਕੋਟਲੀ ਥਾਨ ਸਿੰਘ, ਖੁਰਦਪੁਰ, ਖੁਸਰੋਪੁਰ, ਘੁੜਿਆਲ, ਡੀਂਗਰੀਆਂ, ਦੌਲਤਪੁਰ, ਨਵਾਂਸ਼ਹਿਰ, ਨਿੱਜਰਾਂ, ਪਰਾਗਪੁਰ, ਪੰਡੋਰੀ ਨਿੱਜਰਾਂ, ਫਕਰੂੰਦੀ, ਬਲਾਚੌਰ, ਬੋਲੀਨਾ, ਭੋਜੋਵਾਲ, ਮਾਹਲ ਗਹਿਲਾਂ, ਮਾਣਕੋ, ਮਾਣਕ ਰਾਈ, ਮਾਣਕ, ਰੁੜਕਾ ਕਲਾਂ, ਲੱਧੇਵਾਲ ਅਤੇ ਲੰਗੜੋਆ।
* ਕਪੂਰਥਲਾ ਰਿਆਸਤ : ਈਸ਼ਰਵਾਲ, ਸਾਹਨੀ, ਸੁਨੜਾ, ਸੈਦੋਵਾਲ, ਸੰਗਤਪੁਰ, ਸ਼ਿੰਧਪੁਰ, ਹਰਦਾਸਪੁਰ, ਹਰਬੰਸਪੁਰ, ਹਾਜੀਪੁਰ, ਹੁਸੈਨਪੁਰ, ਹੋਠੀਆਂ, ਕਪੂਰਥਲਾ, ਕਾਮਲ, ਖਜੂਰਲਾ, ਖੰਨੋਵਾਲ, ਖਾਨਪੁਰ, ਗੋਬਿੰਦਪੁਰ, ਘੈਰ, ਘੈਂਕੀ, ਚਹੇੜੂ, ਜੱਬੋਵਾਲ, ਤਲਵਨ, ਨਰੂੜ, ਨਿਦੋਕੇ, ਪਲਾਹੀ, ਪਾਂਸ਼ਟਾ, ਪੰਡੋਰੀ, ਫਤੇਹਗੜ੍ਹ, ਬਾਸੀ, ਬਵੇਲੀ, ਬਤਾਲਾ, ਬਾਰੋਵਾਲ, ਬੁਹਾਨੀ, ਬਿਸ਼ਨਪੁਰ, ਭੱਬੇਆਣਾ, ਮਹੇੜੂ, ਮਾਣਕਾਂ, ਮਾਧੋਪੁਰ, ਰਾਜਪੁਰਾ, ਲਾਧੋਵਾਲ/ਲੱਧੇਵਾਲ ਅਤੇ ਲੱਖਪੁਰ।
* ਭੁਚੰਗੀਆਂ (ਟੀਨ ਏਜ਼ਰ) ਦੇ ਪਿੰਡ: 1. ਸ਼ਹੀਦ ਦਲੀਪ ਸਿੰਘ ਧਾਮੀਆਂ ਉਰਫ ਦਲੀਪਾ ਭੁਚੰਗੀ ਪੁੱਤਰ ਸ. ਲਾਭ ਸਿੰਘ ਪਿੰਡ ਧਾਮੀਆਂ (ਸ਼ਾਮ ਚੌਰਾਸੀ, ਹੁਸ਼ਿਆਰਪੁਰ), ਹੈਰਤ-ਅੰਗੇਜ਼ ਕਾਰਨਾਮੇ ਕਰਨ ਵਾਲਾ ਇਹ ਸੂਰਮਾ ਮਹਿਜ਼ 18-19 ਸਾਲ ਦੀ ਗਭਰੂਟ ਉਮਰੇ ਫਾਂਸੀ ਚੜ੍ਹ ਗਿਆ। 2. ਕਾਕਾ ਮੇਹਰ ਸਿੰਘ ਪੁੱਤਰ ਸ. ਨਿਹਾਲ ਸਿੰਘ ਸਾਕਨ ਹੁਸ਼ਿਆਰਪੁਰ, ਸਿਰਫ 15 ਸਾਲ ਦੀ ਅੱਲੜ੍ਹ-ਵਰੇਸੇ ਬੱਬਰ ਅਕਾਲੀ ਲਹਿਰ ਵਿੱਚ ਸਰਗਰਮ ਹੋ ਗਿਆ ਸੀ। 3. ਬੱਬਰ ਮਿਲਖਾ ਸਿੰਘ ਵਾਸੀ ਪੰਡੋਰੀ ਨਿੱਜਰਾਂ (ਆਦਮਪੁਰ), ਨੌਵੀਂ ’ਚ ਪੜ੍ਹਦਿਆਂ ਹੀ ਇਸ ਲਹਿਰ ’ਚ ਕੁੱਦਿਆ ਅਤੇ ਤੋੜ ਨਿਭਿਆ।
* ਪਰਚਾ ਬੱਬਰ ਅਕਾਲੀ ਦੋਆਬਾ ਛਪਣ ਸਥਾਨ : ‘ਉਡਾਰੂ ਪ੍ਰੈੱਸ (ਸਫਰੀ ਪਰੈੱਸ)’, ‘ਜੰਗਲ ਮੇਂ ਛਪਾ’; ਦੋ ਅਲਾਮਾ-ਡੁਪਲੀਕੇਟਰਾਂ ’ਤੇ ਬੱਬਰ ਅਕਾਲੀ ਤਨਜ਼ੀਮ ਵੱਲੋਂ ਇਹ ਅਖ਼ਬਾਰ (ਪੇਪਰ) ਛਪਦੀ ਰਹੀ। ਦਰ-ਹਕੀਕਤ; ਉਹ ਪਰਚੇ ਸਮੇਂ-ਮੁਜ਼ਬ ਨਵਾਂਸ਼ਹਿਰ ਖਿੱਤੇ ਦੇ ਪਿੰਡਾਂ-ਦੌਲਤਪੁਰ, ਭਕਰੂੰਦੀ, ਹਿਆਤਪੁਰ ਰੁੜਕੀ, ਜਿੱਥੇ ਪਹਿਲੀ ਮਸ਼ੀਨ ਮਜਬੂਰੀਵੱਸ ਟੋਬੇ ’ਚ ਦਫ਼ਨ ਕੀਤੀ ਗਈ ਸੀ ਆਦਿ। ਹੁਸ਼ਿਆਰਪੁਰ ਦੇ ਪਿੰਡਾਂ; ਕੋਟ ਫਤੂਹੀ, ਬਘੋਰਾ, ਜੱਸੋਵਾਲ, ਬਿਭੋਰ ਸਾਹਿਬ, ਫਤਿਹਪੁਰ ਕੋਠੀ, ਜਿੱਥੋਂ ਦੂਜੀ ਖ਼ਰੀਦੀ ਮਸ਼ੀਨ ਫੜੀ ਗਈ, ਵਗੈਰਾ ਅਤੇ ਜਲੰਧਰ ਖਿੱਤੇ ਦੇ ਪਿੰਡਾਂ; ਪੰਡੋਰੀ ਨਿੱਜਰਾਂ, ਗੁਰਦਵਾਰਾ ਕਿਸ਼ਨਪੁਰਾ, ਰਾਜੋਵਾਲ ਕੁਟੀਆ ਅਤੇ ਮਾਣਕੋ-ਘੁੜਿਆਲ, ਜਿੱਥੋਂ ਦੂਜੀ ਮਸ਼ੀਨ ਪਹਿਲਾਂ ਬਿਭੋਰ ਸਾਹਿਬ, ਫਿਰ ਫਤਿਹਪੁਰ ਕੋਠੀ ਪੁੱਜੀ ਤੇ ਮਗਰੋਂ ਫੜੀ ਗਈ ਸੀ, ’ਚ ਛਾਪੇ ਗਏ ਸਨ। ਗੁਰੀਲਾ-ਦਾਅਪੇਚ ਵਜੋਂ ਇਹ ਮਸ਼ੀਨਾਂ, ਜਿਹੜੀਆਂ ਤਕੜੇ ਜੁੱਸੇ ਦਾ ਬੰਦਾ ਚੁੱਕ-ਖੜ੍ਹ ਰਾਤੋ-ਰਾਤ 10-20 ਮੀਲ ਜਾ ਸਕਦਾ ਸੀ, ਥਾਂ-ਦਰ-ਥਾਂ ਉਸੇ ਛਪਾਈ ਵਾਲੇ ਦਿਨ ਜਾਂ ਕਰੀਬ ਲਗਾਤਾਰ ਆਪਣਾ ਮੁਕਾਮ ਬਦਲਦੀਆਂ ਰਹੀਆਂ।
* ਹੈਰਤ-ਅੰਗੇਜ਼ ਮੁਕਾਬਲੇ ਸਥਾਨ : 1. ਬਵੇਲੀ ਤਹਿ. ਫਗਵਾੜਾ ਜ਼ਿਲ੍ਹਾ ਕਪੂਰਥਲਾ (ਪਹਿਲੀ ਸਤੰਬਰ, 1923 ਸ਼ਹੀਦ : ਐਡੀਟਰ ਕਰਮ ਸਿੰਘ ਦੌਲਤਪੁਰ, ਬੱਬਰ ਮੋਹਿੰਦਰ ਸਿੰਘ ਸੈਣੀ, ਪੰਡੋਰੀ ਗੰਗਾ ਸਿੰਘ, ਬਿਸ਼ਨ ਸਿੰਘ ਮਾਂਗਟ, ਉਦੈ ਸਿੰਘ ਰਾਮਗੜ੍ਹ ਝੁੰਗੀਆਂ) 2. ਮੰਨਣਹਾਨਾ ਤਹਿ. ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ (25 ਅਕਤੂਬਰ, 1923 ਸ਼ਹੀਦ ਬੱਬਰ ਧੰਨਾ ਸਿੰਘ ਬਹਿਬਲਪੁਰ) 3. ਮੰਡੇਰ ਵਰਾਸਤਾ ਆਦਮਪੁਰ ਜ਼ਿਲ੍ਹਾ ਜਲੰਧਰ (12 ਦਸੰਬਰ, 1923 ਸ਼ਹੀਦ ਬੱਬਰ ਜਵਾਲਾ ਸਿੰਘ ਫਤਿਹਪੁਰ ਕੋਠੀ ਅਤੇ ਬੰਤਾ ਸਿੰਘ ਧਾਮੀਆਂ) 4. ਚੱਕ-54, ਡੇਰਾ ਮੰਗਲ ਸਿੰਘ, ਜੜ੍ਹਾਂਵਾਲਾ, ਲਾਇਲਪੁਰ (8 ਜੂਨ, 1924 ਸ਼ਹੀਦ ਬੱਬਰ ਵਰਿਆਮ ਸਿੰਘ ਧੁੱਗਾ) 5. ਰੁੜਕੀ ਖਾਸ/ਸੈਣੀਆਂ, ਗੜ੍ਹਸ਼ੰਕਰ, ਹੁਸ਼ਿਆਰਪੁਰ (15 ਜੁਲਾਈ, 1932 ਸ਼ਹੀਦ ਬੱਬਰ ਰਤਨ ਸਿੰਘ ਰੱਕੜ)
* ਹੋਰ ਸਿਰਲੱਥ “ਮੁਕਾਬਲੇ” (ਸ਼ੱਕੀ/ਅਖੌਤੀ) : 1. ਬੱਬਰ ਅਜੈਬ ਸਿੰਘ ਦਾਖਾ (ਲੁਧਿਆਣਾ), ਸ਼ਹੀਦ ਬਚਿੰਤ ਸਿੰਘ ਢੰਡੋਲੀ ਦਾ ਸਾਥੀ 1940 ’ਚ “ਮੁਕਾਬਲੇ” ’ਚ ਮਾਰਿਆ ਗਿਆ। 2. ਬੱਬਰ ਛੱਜਾ ਸਿੰਘ ਖੈਰਾ ਮੱਜਾ (ਕਪੂਰਥਲਾ) ਵੀ ਸ਼ੱਕੀ ਹਾਲਤਾਂ ’ਚ ਮਾਰ-ਮੁਕਾਇਆ ਗਿਆ। 3. ਮਾਸਟਰ ਉਜਾਗਰ ਸਿੰਘ ਧਾਮੀਆਂ ਬੱਬਰਾਂ (ਹੁਸ਼ਿਆਰਪੁਰ) ਬੱਬਰ/ਯੁੱਗ ਪਲਟਾਊ ਦਲ ਸੰਨ 1942 ’ਚ ਤਰਨ ਤਾਰਨ ਲਾਗੇ ਹਥਿਆਰਬੰਦ ਧਾੜਾਂ ਨੇ ਸ਼ਹੀਦ ਕਰ ਦਿੱਤਾ ਸੀ। 4. ਬੱਬਰ ਕਰਮ ਸਿੰਘ ਪੁੱਤਰ ਮੇਲਾ ਸਿੰਘ ਪਿੰਡ ਮਾਹਲਾਂ ਵਲਟੋਹੀਆਂ (ਮਾਹਿਲਪੁਰ) ਵੀ ਅਖੌਤੀ ਮੁਕਾਬਲੇ ਵਿੱਚ 23 ਜੁਲਾਈ 1943 ਨੂੰ ਕਪੂਰਥਲੇ ਖੇਤਰ ’ਚ ਸ਼ਹੀਦ ਹੋ ਗਿਆ ਸੀ।
* ਬੱਬਰਾਂ ਦੇ ਨਾਮਣੇ ਵਾਲੇ ਕੋਡ-ਸਥਾਨ : 1. ਬੱਬਰਾਂ ਦੀ ਹਾਈ ਕੋਰਟ : ਜੱਸੋਵਾਲ (ਸੈਲਾ ਖੁਰਦ, ਗੜ੍ਹਸ਼ੰਕਰ)। ਚੀਫ ਕੋਰਟ : ਕੋਟ ਫਤੂਹੀ (ਮਾਹਿਲਪੁਰ) 2. ਵੱਡਾ ਹਸਪਤਾਲ : ਕਿਸ਼ਨਪੁਰਾ (ਗੁਰਦਵਾਰਾ) ਅਤੇ ਰਾਜੋਵਾਲ (ਕੁਟੀਆਂ), ਜਲੰਧਰ ਜ਼ਿਲ੍ਹਾ 4. ਬੁੰਗਾ (ਬੱਬਰਾਂ ਦਾ ਬੁੰਗਾ) : ਧਾਮੀਆਂ ਕਲਾਂ (ਸ਼ਾਮ ਚੌਰਾਸੀ) 5. ਮੱਕਾ (ਬੱਬਰਾਂ ਦਾ ਮੱਕਾ) : ਪਤਾਰਾ ਜ਼ਿਲ੍ਹਾ ਜਲੰਧਰ। ਇਸ ਪਿੰਡ ਨੂੰ ਬੱਬਰ ਅਕਾਲੀ ਲਹਿਰ ਦੇ ਥਿੰਕ-ਟੈਂਕ ਮਾਸਟਰ ਮੋਤਾ ਸਿੰਘ ਪਤਾਰਾ, ਜਿਸ ਨੂੰ ਦੇਸ਼ ਭਗਤਾਂ ਨੇ ਪ੍ਰੋਫੈਸਰ ਦਾ ਖਿਤਾਬ ਦਿੱਤਾ ਹੋਇਆ ਸੀ, ਦੀ ਜੰਮਣ-ਭੋਇੰ ਹੋਣ ਦਾ ਮਾਣ ਪ੍ਰਾਪਤ ਹੈ।

ਮੋਬਾ. 94634-39075

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Executive Editor : Resham Singh for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਕਾਰਜਕਾਰੀ ਸੰਪਾਦਕ : ਰੇਸ਼ਮ ਸਿੰਘ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਕਵਿਤਾ ਦੇ ਪ੍ਰਛਾਵੇਂ

(ਕਾਵਿ-ਸੰਗ੍ਰਹਿ)
**ਸੁਰਿੰਦਰ ਰਾਮਪੁਰੀ**
**ਲੋਕ ਗੀਤ ਪ੍ਰਕਾਸ਼ਨ**
**ਪੰਨੇ-114, ਮੁੱਲ-295 ਰੁਪਏ**

ਸੁਰਿੰਦਰ ਰਾਮਪੁਰੀ ਸਾਹਿਤਕ ਖੇਤਰ ਦਾ ਨਾਮਵਰ ਹਸਤਾਖਰ ਹੈ, ਜੋ ਲੰਮੇ ਸਮੇਂ ਤੋਂ ਸਾਹਿਤ ਸਿਰਜਣਾ ਕਰ ਰਿਹਾ ਹੈ। ਉਸ ਦੇ ਪਹਿਲਾਂ ਤਿੰਨ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ।'ਕਵਿਤਾ ਦੇ ਪ੍ਰਛਾਵੇਂ' ਉਸ ਦਾ ਚੌਥਾ ਕਾਵਿ-ਸੰਗ੍ਰਹਿ ਹੈ। ਇਸ ਤੋਂ ਇਲਾਵਾ ਸੱਤ ਕਹਾਣੀ-ਸੰਗ੍ਰਹਿ, ਦੋ ਵਾਰਤਕ ਦੀਆਂ ਪੁਸਤਕਾਂ ਅਤੇ ਅਨੁਵਾਦ, ਸੰਪਾਦਨਾ ਦਾ ਕਾਰਜ ਵੀ ਉਸ ਦੇ ਹਿੱਸੇ ਆਇਆ ਹੈ। 'ਕਵਿਤਾ ਦੇ ਪ੍ਰਛਾਵੇਂ' ਵਿੱਚ ਸੁਰਿੰਦਰ ਰਾਮਪੁਰੀ ਨੇ ਆਪਣੀਆਂ ਕਵਿਤਾਵਾਂ ਦੇ ਸਿਰਜਣ ਪ੍ਰਕਿਰਿਆ ਸਾਂਝੀ ਕੀਤੀ ਹੈ। ਇਹ ਕਵਿਤਾਵਾਂ ਕਦੋਂ ਲਿਖੀਆਂ ਗਈਆਂ, ਕਿਹੜੇ ਹਾਲਾਤ ਵਿੱਚ ਲਿਖੀਆਂ ਗਈਆਂ, ਕਿਹੜੀ ਘਟਨਾ ਕਿਸ ਵੇਲੇ ਸਾਹਿਤਕ ਕਿਰਤ ਵਿੱਚ ਢਲੀ, ਦਾ ਜ਼ਿਕਰ ਵੀ ਕੀਤਾ ਹੈ। ਇਸ ਪੁਸਤਕ ਵਿੱਚ ਚੋਣਵੀਆਂ ਕਵਿਤਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ , ਜੋ ਪਹਿਲਾਂ ਪ੍ਰਕਾਸ਼ਿਤ ਹੋਈਆਂ ਪੁਸਤਕਾਂ ਵਿੱਚ ਛਪ ਚੁੱਕੀਆਂ ਹਨ। ਲੋਕ ਹਿੱਤਕਾਰੀ, ਲੋਕਾਂ ਦੇ ਦਰਦਾਂ ਨੂੰ ਬਿਆਨ ਕਰਦੀਆਂ ਇਹ ਕਵਿਤਾਵਾਂ ਸਥਾਨਕ ਲੋਕਾਈ ਦੇ ਮਸਲਿਆਂ ਦੇ ਨਾਲ-ਨਾਲ ਅੰਤਰਰਾਸ਼ਟਰੀ ਪੱਧਰ ਦੇ ਮਸਲਿਆਂ ਤੱਕ ਵੀ ਪਹੁੰਚਦੀਆਂ ਕਰਦੀਆਂ ਹਨ। ਪਹਿਲੀ ਹੀ ਕਵਿਤਾ ਲੋਕ ਸੱਚਾਈ ਬਣ ਗਈ ਹੈ। ਕਵੀ ਨੇ 'ਭੁਚਾਲ' ਕਵਿਤਾ ਰਾਹੀਂ ਕੁਦਰਤ ਤੇ ਮਨੁੱਖ ਦੇ ਸੁਭਾਅ ਦਾ ਮੇਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਪੰਜਾਬ ਵਿੱਚ 1984 ਤੋਂ ਬਾਅਦ ਬਣੇ ਹਾਲਾਤ ਅਤੇ ਪੰਜਾਬ ਦੀ ਫਿਜ਼ਾ ਵਿੱਚ ਘੁਲੇ ਜ਼ਹਿਰ ਕਾਰਨ ਪਲੀਤ ਹੋ ਰਹੇ ਜਨ ਜੀਵਨ ਦੀ ਤਸਵੀਰਕਸ਼ੀ ਖ਼ੂਬਸੂਰਤ ਸ਼ਬਦਾਂ ਵਿੱਚ ਕੀਤੀ ਗਈ ਹੈ। ਸ਼ਕਤੀਸ਼ਾਲੀ ਤਾਕਤਾਂ ਵੱਲੋਂ ਤੇਲ ਭੰਡਾਰਾਂ 'ਤੇ ਕਬਜ਼ੇ ਕਰਨ ਖ਼ਾਤਰ ਆਮ ਜਨਤਾ ਦਾ ਘਾਣ ਕਰਨਾ ਕਵੀ ਨੂੰ ਅੰਦਰੋਂ ਝੰਜੋੜਦਾ ਹੈ। ਕਵੀ ਨੇ ਜਗਦੇ ਦੀਵਿਆਂ ਦੀ ਤਾਕਤ ਦੀ ਪਛਾਣ




ਆਪਣੀਆਂ ਕਵਿਤਾਵਾਂ ਰਾਹੀਂ ਕਰਵਾਈ ਹੈ। ਮਾਂ ਬਾਰੇ ਬਹੁਤ ਹੀ ਖ਼ੂਬਸੂਰਤ ਰਚਨਾਵਾਂ ਪੇਸ਼ ਹੋਈਆਂ ਹਨ। ਰਾਮਪੁਰ ਪਿੰਡ ਬਾਰੇ ਲਿਖੀ ਕਵਿਤਾ ਵਿੱਚ ਰਾਮਪੁਰ ਦੇ ਸੱਭਿਆਚਾਰ ਤੇ ਇਤਿਹਾਸ ਨੂੰ ਪੇਸ਼ ਕੀਤਾ ਗਿਆ ਹੈ। ਕੋਰੋਨਾ ਕਾਰਨ ਮਨੁੱਖ ਅੰਦਰ ਬਣੇ ਡਰ ਦੇ ਮਾਹੌਲ ਬਾਰੇ 'ਅਜੇ ਨਾ ਪਰਤੀਂ ਘਰੇ', 'ਭੁੱਲੀ ਨਾ ਕਦੇ' ਦੋ ਕਵਿਤਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ । ਕਿਸਾਨੀ ਅੰਦੋਲਨ ਨਾਲ ਸੰਬੰਧਤ 'ਸਾਡਾ ਸਫ਼ਰ' ਅਤੇ 'ਭਵਿੱਖ ਦੇ ਸੁਪਨੇ' ਦੋ ਕਵਿਤਾਵਾਂ ਹਨ। ਚਾਰ ਲੇਖਕਾਂ ਸੱਜਣ ਗਰੇਵਾਲ, ਮਹਿੰਦਰ ਰਾਮਪੁਰੀ, ਸੁਰਜੀਤ ਖੁਰਸ਼ੀਦੀ ਅਤੇ ਸੁਰਜੀਤ ਰਾਮਪੁਰੀ ਦੇ ਕਾਵਿ ਚਿੱਤਰਾਂ ਨੂੰ ਸ਼ਾਮਲ ਕੀਤਾ ਗਿਆ ਹੈ। ਹਰ ਪਲ ਰੰਗ ਵਟਾਉਂਦੇ ਮਨ ਬਾਰੇ ਵੀ ਪੰਜ ਕਵਿਤਾਵਾਂ ਸ਼ਾਮਲ ਕੀਤੀਆਂ ਗਈਆਂ ਹਨ। ਇਸ ਸੰਗ੍ਰਹਿ ਵਿੱਚ ਸ਼ਾਮਲ ਕਵਿਤਾਵਾਂ ਉਹ ਕਵਿਤਾਵਾਂ ਹਨ, ਜਿਨ੍ਹਾਂ ਨੂੰ ਸੁਰਿੰਦਰ ਰਾਮਪੁਰੀ ਆਪਣੇ ਦਿਲ ਦੇ ਬਹੁਤ ਕਰੀਬ ਮੰਨਦਾ ਹੈ, ਇਹਨਾਂ ਕਵਿਤਾਵਾਂ ਦੀ ਰਚਨਾ ਸੰਦਰਭ ਬਾਰੇ ਲਿਖ ਕੇ ਉਸ ਨੇ ਇਨ੍ਹਾਂ ਕਵਿਤਾਵਾਂ ਦੇ ਅਰਥਾਂ ਨੂੰ ਸੀਮਤ ਵੀ ਕੀਤਾ ਹੈ ਤੇ ਸਪੱਸ਼ਟ ਵੀ ਕੀਤਾ ਹੈ।

**— ਰਾਮਪਾਲ ਸ਼ਾਹਪੁਰੀ (ਡਾ.)**
ਮੋਬਾ. 99148-86310

# ਜ਼ਿੰਦਗੀ ਦੇ ਰੰਗ

(ਕਹਾਣੀ-ਸੰਗ੍ਰਹਿ)
**ਡਾ. ਅਜੀਤ ਸਿੰਘ**
**ਪੰਨੇ : 139, ਮੁੱਲ : 300 ਰੁਪਏ**
**ਸਾਹਿਬਦੀਪ ਪਬਲੀਕੇਸ਼ਨ, ਭੀਖੀ**

ਕਹਾਣੀ-ਸੰਗ੍ਰਹਿ 'ਜ਼ਿੰਦਗੀ ਦੇ ਰੰਗ' ਡਾ. ਅਜੀਤ ਸਿੰਘ ਦੁਆਰਾ ਲਿਖਿਆ ਹੈ ਅਤੇ 15 ਕਹਾਣੀਆਂ 'ਤੇ ਅਧਾਰਤ ਸੰਗ੍ਰਹਿ ਹੈ। ਇਹ ਕਹਾਣੀਆਂ ਜ਼ਿੰਦਗੀ ਦੇ ਵੱਖਰੇ-ਵੱਖਰੇ ਰੰਗ ਪਾਠਕ ਨੂੰ ਵਿਖਾਉਂਦੀਆਂ ਹਨ। ਕਹਾਣੀਕਾਰ ਡਾ. ਅਜੀਤ ਸਿੰਘ ਦੇ ਨਿੱਜੀ ਤਜਰਬਿਆਂ 'ਤੇ ਅਧਾਰਤ ਇਹਨਾਂ ਕਹਾਣੀਆਂ ਵਿੱਚ ਖ਼ੁਸ਼ੀ, ਗ਼ਮੀ, ਨਾਰਾਜ਼ਗੀ, ਪਿਆਰ ਅਤੇ ਧੋਖੇਬਾਜ਼ੀ ਅਰਥਾਤ ਜ਼ਿੰਦਗੀ ਦੇ ਰੰਗ ਕਹੇ ਜਾਣ ਵਾਲੇ ਹਰ ਭਾਵ ਦੀ ਪੇਸ਼ਕਾਰੀ ਹੈ। ਕਾਰਪੋਰੇਟ ਯੁੱਗ ਦੇ ਸਮੇਂ ਵਿੱਚ ਵਿਕਸਿਤ ਹੋ ਰਹੇ ਮਾਨਵਵਾਦੀ ਕਦਰਾਂ-ਕੀਮਤਾਂ ਦੇ ਘਾਣ ਨੇ ਮਨੁੱਖੀ ਜੀਵਨ ਨੂੰ ਇਸ ਹੱਦ ਤੱਕ ਪ੍ਰਭਾਵਿਤ ਕੀਤਾ ਹੈ ਕਿ ਮਨੁੱਖੀ ਜੀਵਨ ਮਾਨਸਿਕ ਰੋਗਾਂ ਅਤੇ ਜਟਿਲਤਾਵਾਂ ਵਿੱਚ ਕੈਦ ਹੋ ਕੇ ਰਹਿ ਗਿਆ ਹੈ। ਇਸ ਸੰਗ੍ਰਹਿ ਦੀਆਂ ਕਹਾਣੀਆਂ ਵਿਚ ਮਨੁੱਖ ਦੇ ਅੰਤਰ ਮਨ ਨੂੰ ਸਮਝਣ ਦਾ ਉਪਰਾਲਾ ਕੀਤਾ ਗਿਆ ਹੈ ਤਾਂ ਕਿ ਇਹਨਾਂ ਤੋਂ ਸੇਧ ਲੈ ਕੇ ਪਾਠਕ ਇਹਨਾਂ ਮਾਨਸਿਕ ਸੰਕਟਾਂ ਨੂੰ ਸਹੀ ਢੰਗ ਨਾਲ ਨਜਿੱਠ ਸਕਣ। ਇਹਨਾਂ ਕਹਾਣੀਆਂ ਦੀ ਪੜ੍ਹਤ ਵੱਲ ਅੱਗੇ ਵਧਦਿਆਂ ਇਹ ਗੱਲ ਸਾਫ਼ ਹੋ ਜਾਂਦੀ ਹੈ ਕਿ ਇਹ ਕਹਾਣੀਆਂ ਸਮਾਜਿਕ ਕੁਰੀਤੀਆਂ ਨੂੰ ਰੇਖਾਂਕਿਤ ਤਾਂ ਕਰਦੀਆਂ ਹੀ ਹਨ, ਨਾਲ ਹੀ ਇਹ ਕੋਈ ਨਾ ਕੋਈ ਸਿੱਖਿਆ ਵੀ ਪਾਠਕਾਂ ਨੂੰ ਦਿੰਦੀਆਂ ਹਨ। ਪਾਠਕਾਂ ਦੀਆਂ ਭਾਵਨਾਤਮਕ ਰੁਚੀਆਂ ਨੂੰ ਜਗਾਉਂਦੀਆਂ ਇਹ ਕਹਾਣੀਆਂ ਸਮਾਜਿਕ ਸਵਾਰਥੀਪਣ, ਈਰਖ਼ਾ ਅਤੇ ਧੋਖੇ ਨੂੰ ਚਿਤਰਤ ਕਰਦੀਆਂ ਪਿਆਰ, ਮੋਹ ਤੇ ਖ਼ੁਸ਼ੀ-ਖ਼ਲੂਸ ਦੀ ਤਸਵੀਰਕਸ਼ੀ ਵੀ ਕਰਦੀਆਂ ਹਨ।

ਇਸ ਸੰਗ੍ਰਹਿ ਦੀ ਪਹਿਲੀ ਕਹਾਣੀ 'ਜ਼ਿੰਦਗੀ ਦੇ ਰੰਗ' ਕੁਲਜੀਤ ਅਤੇ ਕ੍ਰਿਸ਼ਨਾ ਦੀ ਸੱਚੀ ਮੁਹੱਬਤ ਦੇ ਪਲੜੇ ਵਿੱਚ ਸਮਾਜਿਕ ਬੰਦਿਸ਼ਾਂ, ਰਵਾਇਤੀ ਮਾਨਸਿਕਤਾ ਅਤੇ ਆਰਥਿਕ ਪਾੜੇ ਨੂੰ ਤੋਲਦੀ ਹੈ। ਇਸ ਸਮਾਜ ਵਿਚ ਪ੍ਰੇਮ-ਵਿਆਹ ਦੇ ਰਸਤੇ ਦੀਆਂ ਆਮ ਰੁਕਾਵਟਾਂ ਨੂੰ ਗੁੰਝਲਦਾਰ ਬਣਾਏ ਬਿਨਾਂ ਕਹਾਣੀਕਾਰ ਸਿੱਧੇ ਢੰਗ ਨਾਲ ਪੇਸ਼ ਕਰਦਾ ਹੈ ਅਤੇ ਹਰ ਵਰਗ ਦੇ ਪਾਠਕ ਨੂੰ ਕਹਾਣੀ ਨਾਲ ਜੋੜ ਲੈਂਦਾ ਹੈ। ਕਹਾਣੀ ਦੇ ਅੰਤ ਵਿੱਚ ਪਰੰਪਰਾਗਤ ਕਥਾਵਾਂ ਵਾਂਗ ਕਿਸਮਤ ਦੋ ਪਿਆਰ ਕਰਨ ਵਾਲੇ ਦਿਲਾਂ ਨੂੰ ਇਕ ਕਰਨ ਵੱਲ ਅਹੁਲਦੀ ਹੈ ਅਤੇ ਕਹਾਣੀ ਸਮਾਜ ਦੀਆਂ ਰਵਾਇਤੀ ਬੇੜੀਆਂ ਨੂੰ ਤੋੜਦੀ ਦਿਸਦੀ ਹੈ। ਕਹਾਣੀ 'ਪਛਤਾਵਾ' ਵਿੱਚ ਕਹਾਣੀਕਾਰ ਨੇ ਬਹੁਤ ਹੀ ਪ੍ਰਸੰਗਿਕ ਅਤੇ ਜਾਣਿਆ-ਪਛਾਣਿਆ ਵਿਸ਼ਾ ਛੋਹਿਆ ਹੈ। ਪੇਂਡੂ ਜੀਵਨ ਵਿੱਚ ਜ਼ਮੀਨ-ਜਾਇਦਾਦ ਨੂੰ ਲੈ ਕੇ ਪਰਵਾਰਾਂ ਵਿੱਚ ਹੋਣ ਵਾਲੀ ਖਿੱਚੋਤਾਣ ਆਮ ਵਰਤਾਰਾ ਹੈ। ਕਹਾਣੀਕਾਰ ਦੁਆਰਾ ਸੁਖਪਾਲ ਇੱਕ ਆਦਰਸ਼ਵਾਦੀ ਪਾਤਰ ਵਜੋਂ ਸਥਾਪਤ ਕੀਤਾ ਗਿਆ ਹੈ। ਮਾਪਿਆਂ ਦੀ ਮੌਤ ਤੋਂ ਬਾਅਦ ਮਿਹਨਤ ਨਾਲ ਡਾਕਟਰ ਬਣਨਾ ਅਤੇ ਸ਼ਹਿਰ ਦੀ ਬਜਾਏ ਪਿੰਡ ਵਾਪਸ ਆ ਕੇ ਸੇਵਾ ਕਰਨ ਦਾ ਫ਼ੈਸਲਾ ਲੈਣਾ ਉਸ ਨੂੰ ਆਦਰਸ਼ ਨਾਇਕ ਸਿੱਧ ਕਰਦਾ ਹੈ। ਦੂਜੇ ਪਾਸੇ ਉਸ ਦੇ ਚਾਚੇ ਦਾ ਲਾਲਚ ਅਤੇ ਧੋਖੇਬਾਜ਼ੀ ਨਾਲ ਕਹਾਣੀ ਵਿੱਚ ਟਕਰਾਅ ਦੀ ਸਥਿਤੀ ਸਥਾਪਤ ਹੁੰਦੀ ਹੈ। ਪਰ ਅੰਤ ਵਿੱਚ ਉਸ ਪਾਤਰ ਵੱਲੋਂ ਕੀਤਾ ਪਛਤਾਵਾ ਇਸ ਕਹਾਣੀ ਦੇ ਬਿਰਤਾਂਤ ਨੂੰ ਪ੍ਰਭਾਵਸ਼ੀਲ ਬਣਾਉਂਦਾ ਹੈ।




ਕਹਾਣੀ 'ਫ਼ੈਸਲਾ' ਦਾ ਘਟਨਾਕਾਲ 1947 ਦੀ ਵੰਡ ਤੋਂ ਸ਼ੁਰੂ ਹੋ ਅਜੋਕੇ ਸਮੇਂ ਦੇ ਸੰਕਟਾਂ ਨੂੰ ਵੀ ਆਪਣੇ ਕਲਾਵੇ ਵਿੱਚ ਲੈਂਦਾ ਹੈ। ਵੰਡ ਦੇ ਪਿਛੋਕੜ ਵਿੱਚ ਪ੍ਰੇਮ ਸਿੰਘ ਦਾ ਕਿਰਦਾਰ ਸ਼ਕਤੀਸ਼ਾਲੀ ਵਿਅਕਤੀਤਵ ਨੂੰ ਪੇਸ਼ ਕਰਦਾ ਹੈ, ਜੋ ਆਪਣੇ ਪਰਵਾਰ ਦੇ ਮੈਂਬਰਾਂ ਨੂੰ ਫਿਰਕੂ ਹਿੰਸਾ ਵਿੱਚ ਗੁਆਉਣ ਦੇ ਬਾਵਜੂਦ ਨਸੀਬਾਂ ਨੂੰ ਭੈਣ ਮੰਨਦਾ ਹੈ। ਮਾਨਵਵਾਦੀ ਮਿਸਾਲ ਬਣ ਇਸ ਘਟਨਾ ਦੇ ਪ੍ਰਭਾਵ ਅਜੋਕੇ ਯੁੱਗ ਤੱਕ ਸਫ਼ਰ ਕਰਦੇ ਹਨ ਅਤੇ ਅੱਜ ਦੇ ਮਾਹੌਲ ਵਿੱਚ ਸਥਾਪਤ ਹੋ ਰਹੇ ਵਿਰੋਧਾਭਾਸ ਨੂੰ ਭੰਗ ਕਰਦੇ ਹਨ। ਕਹਾਣੀ 'ਜ਼ਿੰਦਗੀ ਇਕ ਕਿਤਾਬ' ਵੀ ਮਾਨਵਵਾਦੀ ਯੁੱਗ ਵਿੱਚ ਜ਼ਿੰਦਗੀ ਦੇ ਵੱਖਰੇ ਵਰਤਾਰਿਆਂ ਨੂੰ ਵਿਸ਼ਾ ਬਣਾਉਂਦੀ ਕਹਾਣੀ ਹੈ। ਕਹਾਣੀਕਾਰ ਨਸ਼ੇ ਦੀ ਬੁਰੀ ਆਦਤ ਕਾਰਨ ਆਸਮਾਨ ਤੋਂ ਜ਼ਮੀਨ 'ਤੇ ਡਿੱਗਣ ਨੂੰ ਚਿਤਰਤ ਕਰਦਾ ਹੈ, ਪਰ ਨਾਲ ਹੀ ਉਹ ਸਮੇਂ ਦੇ ਬੀਤਣ ਨਾਲ ਫਿਰ ਮਿਹਨਤ ਦੀ ਜਿੱਤ ਵੀ ਵਿਖਾਉਂਦਾ ਹੈ। ਇਸ ਪੁਸਤਕ ਦੀਆਂ ਹੋਰਨਾਂ ਕਹਾਣੀਆਂ ਦੇ ਵਿਸ਼ਿਆਂ ਦੀ ਗੱਲ ਕਰੀਏ ਤਾਂ ਕਹਾਣੀ 'ਬਿਖੜੇ ਰਾਹ' ਜਿੱਥੇ ਇੱਕ ਔਰਤ ਦੇ ਸੰਘਰਸ਼ ਦੀ ਕਹਾਣੀ ਹੈ, ਉੱਥੇ ਕਹਾਣੀ 'ਅੰਦਰ ਦੀ ਮੈਨਾ' ਪਦਾਰਥਵਾਦੀ ਯੁੱਗ ਵਿੱਚ ਔਲਾਦ ਦੀ ਤਰਬੀਅਤ ਸੰਬੰਧੀ ਮਾਪਿਆਂ ਸਾਹਮਣੇ ਖੜ੍ਹੀ ਚੁਣੌਤੀ ਦੀ ਕਹਾਣੀ ਹੈ। ਕਹਾਣੀ 'ਅੱਥਰੂਆਂ ਦੇ ਬੋਲ' ਵੀ ਮਾਂ ਤੋਂ ਬਿਨਾਂ ਪਲਣ ਵਾਲੇ ਬੱਚਿਆਂ ਦੀ ਮਾਨਸਿਕਤਾ ਨੂੰ ਬਿਆਨ ਕਰਦੀ ਹੈ। ਇਸ ਢੰਗ ਨਾਲ ਇਹ ਕਹਾਣੀਆਂ ਆਮ ਜਨਜੀਵਨ ਵਿੱਚੋਂ ਵਿਸ਼ੇ ਚੁਣ ਕੇ ਚੰਗੀ ਜੀਵਨ-ਜਾਚ ਅਤੇ ਨੈਤਿਕ ਕਦਰਾਂ-ਕੀਮਤਾਂ ਸਿਖਾਉਂਦੀਆਂ ਕਹਾਣੀਆਂ ਸਿੱਧ ਹੁੰਦੀਆਂ ਹਨ। ਪਾਠਕਾਂ ਵੱਲੋਂ ਭਰਪੂਰ ਸਵਾਗਤ ਦੀ ਆਸ ਬੱਝਦੀ ਹੈ।

**— ਡਾ. ਸੰਦੀਪ ਰਾਣਾ**
ਮੋਬਾ. 98728-87551

# ਸਾਧਨਾ

**ਡਾਕਟਰ ਅਨੂਪ ਸਿੰਘ**
**ਪੰਨੇ-168, ਮੁੱਲ-220 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਡਾਕਟਰ ਅਨੂਪ ਸਿੰਘ ਦੀ ਪੁਸਤਕ 'ਸਾਧਨਾ' ਲੇਖ ਸੰਗ੍ਰਹਿ ਦੀ ਪੁਸਤਕ ਹੈ। ਇਸ ਪੁਸਤਕ ਵਿੱਚ 14 ਦੇ ਕਰੀਬ ਲੇਖ ਹਨ। ਪੁਸਤਕ ਵਿਚਲੇ ਸਾਰੇ ਲੇਖ ਜਾਣਕਾਰੀ ਭਰਪੂਰ ਹਨ। ਪੁਸਤਕ ਦਾ ਪਹਿਲਾ ਲੇਖ 'ਸਹਿਜ ਤੇ ਸਹਿਣਸ਼ੀਲਤਾ' ਵਿੱਚ ਲੇਖਕ ਨੇ ਇਨਸਾਨ ਦੇ ਸਾਰੇ ਗੁਣਾਂ ਵਿੱਚ ਸਹਿਣਸ਼ੀਲਤਾ ਨੂੰ ਵਿਸ਼ੇਸ਼ ਸਥਾਨ ਦਿੱਤਾ ਹੈ। ਲੇਖਕ ਅਨੁਸਾਰ ਮਨੁੱਖ ਨੂੰ ਸਲੀਕੇ ਨਾਲ ਅਤੇ ਸ਼ਬਦਾਂ ਦੀ ਭਾਸ਼ਾ ਅਜਿਹੀ ਵਰਤਣੀ ਚਾਹੀਦੀ ਹੈ ਕਿ ਉਸ ਦਾ ਦੂਜਿਆਂ 'ਤੇ ਚੰਗਾ ਪ੍ਰਭਾਵ ਪੈ ਸਕੇ। ਇਸ ਤਰ੍ਹਾਂ ਇਹ ਲੇਖ ਸਲੀਕੇ ਤੇ ਸਹਿਣਸ਼ੀਲਤਾ ਨੂੰ ਉਭਾਰਦਾ ਹੈ। 'ਸਿੱਖਿਆ ਤੋਂ ਸਿਆਣਪ ਤਕਨੀਕ' ਵਿੱਚ ਲੇਖਕ ਸਿੱਖਣ ਸਿਖਾਉਣ ਨੂੰ ਨਿਰੰਤਰ ਹੋਣ ਵਾਲੀ ਪ੍ਰਕਿਰਿਆ ਦੱਸਦਾ ਹੈ। ਲੇਖਕ ਅਨੁਸਾਰ ਵਿੱਦਿਆ ਨੂੰ ਜਿੰਨਾ ਮਰਜ਼ੀ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਲੇਖ ਵਿੱਚ ਲੇਖਕ ਨੇ ਵੱਖ-ਵੱਖ ਵਿਦਵਾਨਾਂ ਅਨੁਸਾਰ ਸਿੱਖਿਆ ਦੀ ਪਰਿਭਾਸ਼ਾ ਨੂੰ ਦੇ ਕੇ ਲੇਖ ਨੂੰ ਖ਼ੂਬ ਪ੍ਰਭਾਵਸ਼ਾਲੀ ਬਣਾਇਆ ਹੈ। 'ਗਿਆਨ ਸਿਧਾਂਤ ਤੇ ਅਮਲ' ਲੇਖ ਵਿੱਚ ਲੇਖਕ ਨੇ ਗੁਰਬਾਣੀ ਦੀਆਂ ਤੁਕਾਂ ਨੂੰ ਲੇਖ ਵਿੱਚ ਅੰਕਿਤ ਕਰਕੇ ਗਿਆਨ ਨੂੰ ਪਰਿਭਾਸ਼ਿਤ ਕੀਤਾ ਹੈ ਤੇ ਮਨੁੱਖ ਨੂੰ ਗਿਆਨ ਬਾਰੇ ਵਿਸਥਾਰ ਸਹਿਤ ਸਮਝਾਇਆ ਹੈ। 'ਸ਼ਬਦ ਸਾਧਨਾ' ਪੁਸਤਕ ਵਿਚਲਾ ਅਜਿਹਾ ਲੇਖ ਹੈ, ਜਿਸ ਵਿੱਚ ਲੇਖਕ ਨੇ ਕਾਲੀ ਨੂੰ ਸ਼ੈਤਾਨ ਦੇ ਬਰਾਬਰ ਦੱਸਿਆ ਹੈ। ਲੇਖਕ ਅਨੁਸਾਰ ਸ਼ਬਦ ਪਾਠਕਾਂ ਨੂੰ ਟੁੰਬਣ ਵਾਲੇ ਹੋਣੇ ਚਾਹੀਦੇ ਹਨ। ਇਸ ਦੇ ਨਾਲ ਹੀ ਇਸ ਲੇਖ ਵਿੱਚ ਲੇਖਕ ਨੇ ਵੱਡੇ-ਵੱਡੇ ਰਿਸ਼ੀਆਂ, ਵਿਦਵਾਨਾਂ ਦੇ ਨਾਂਅ ਦਰਸਾਏ ਹਨ, ਜੋ ਅੱਜ ਵੀ ਸਮਾਜ ਵਿੱਚ ਆਪਣੇ ਸਾਹਿਤ ਕਰਕੇ ਅਮਰ ਹਨ। ਜਿਨ੍ਹਾਂ ਦੇ ਸ਼ਬਦਾਂ ਨੂੰ ਪੜ੍ਹ ਕੇ ਮਨੁੱਖ ਅੰਦਰ ਪ੍ਰੇਰਨਾ ਆਉਂਦੀ ਹੈ, ਇਹ ਵਿਦਵਾਨ ਆਪਣੇ ਸ਼ਬਦਾਂ ਕਰਕੇ ਹੀ ਸਮਾਜ ਵਿੱਚ ਅਮਰ ਹੋਏ ਹਨ। ਇਸ ਤੋਂ ਬਿਨਾਂ ਲੇਖਕ ਨੇ ਕਿਤਾਬਾਂ ਦੀ ਮਹੱਤਤਾ ਬਾਰੇ ਵੀ ਦਰਸਾਇਆ ਹੈ। 'ਪੁਸਤਕ ਤੇ ਸੁੱਖ' ਲੇਖ ਵਿੱਚ ਲੇਖਕ ਨੇ ਸ਼ਬਦ ਤੇ ਪੁਸਤਕ ਦੀ ਆਪਸੀ ਮਹੱਤਤਾ ਬਾਰੇ ਖ਼ੂਬ ਚਾਨਣਾ ਪਾਇਆ ਹੈ। ਇਸ ਲੇਖ ਵਿੱਚ ਲੇਖਕ ਨੇ ਐਮਰਸਨ ਦੀ ਉਦਾਹਰਨ ਲਿਖ ਕੇ ਲੇਖ ਨੂੰ ਉੱਤਮ ਮਨਾਇਆ ਹੈ। ਐਮਰਸਨ ਅਨੁਸਾਰ, 'ਜਿਸ ਘਰ ਵਿੱਚ ਪੜ੍ਹਨ ਦੀਆਂ ਪੁਸਤਕਾਂ ਦਾ ਭੰਡਾਰ ਹੈ, ਉਸ ਘਰ ਵਿੱਚ ਰਹਿੰਦੇ ਬਾਲ ਕਦੀ ਗਰੀਬ ਨਹੀਂ ਹੋ ਸਕਦੇ।' ਸੋ ਇਹ ਲੇਖ ਪੁਸਤਕ ਦੀ ਮਹੱਤਤਾ ਨੂੰ ਪੇਸ਼ ਕਰਦਾ ਨਜ਼ਰ ਆਉਂਦਾ ਹੈ। ਪੁਸਤਕ ਵਿਚਲਾ ਅਗਲਾ ਲੇਖ 'ਸਭਿਅਤਾ ਦਾ ਇੱਕ ਪਸਾਰ ਪੁਸਤਕ ਸੱਭਿਆਚਾਰ' ਵਿੱਚ ਪੰਜਾਬੀਆਂ ਦੇ ਬਦਲਦੇ ਜੀਵਨ ਪੁਸਤਕ ਰਹਿਤ ਸਿੱਖਿਆ ਦਾ ਖ਼ੂਬ ਜ਼ਿਕਰ ਕੀਤਾ ਹੈ।




'ਕਸੌਟੀ ਕੰਮ ਹੈ' ਲੇਖ ਵਿੱਚ ਲੇਖਕ ਨੇ ਸੋਹਣੇ ਢੰਗ ਨਾਲ ਭਾਰਤੀਆਂ ਦੇ ਸੁਭਾਅ ਬਾਰੇ ਜ਼ਿਕਰ ਕੀਤਾ ਹੈ। ਇਸ ਲੇਖ ਵਿੱਚ ਵੀ ਲੇਖਕ ਨੇ ਗੁਰਬਾਣੀ ਦੀਆਂ ਤੁੱਕਾਂ ਦਾ ਹਵਾਲਾ ਦੇ ਕੇ ਮਨੁੱਖ ਨੂੰ ਚੰਗੇ ਕੰਮ ਕਰਨ ਦੀ ਪ੍ਰੇਰਨਾ ਦਿੱਤੀ ਹੈ। 'ਕੰਮ ਕੰਮ ਤੇ ਸਿਰਫ ਕੰਮ' ਲੇਖ ਵਿੱਚ ਕੰਮ ਦੀ ਮਹੱਤਤਾ ਨੂੰ ਉਭਾਰਿਆ ਹੈ। ਲੇਖਕ ਅਨੁਸਾਰ ਕੰਮ ਜ਼ਿੰਦਗੀ ਤੇ ਖੇੜਾ ਹੈ, ਜਦਕਿ ਵਿਹਲ ਸੁਸਤੀ ਤੇ ਨਿਕੰਮਾਪਣ ਹੈ। ਸੋ ਸਾਨੂੰ ਕੰਮ ਕਰਦੇ ਰਹਿਣਾ ਚਾਹੀਦਾ ਹੈ। 'ਕੁਦਰਤ ਨਹੀਂ ਕਰਦੀ ਆਰਾਮ' ਲੇਖ ਵਿੱਚ ਲਿਖਿਆ ਹੈ ਮਨੁੱਖ ਨੂੰ ਮਿਹਨਤ ਕਰਨ ਤੇ ਚੰਗੇ ਕੰਮ ਕਰਨ ਬਾਰੇ ਕਿਹਾ ਹੈ। ਮਨੁੱਖ ਨੂੰ ਮਿਹਨਤ ਕਰਕੇ ਕੰਮ ਵਿੱਚ ਜੁਟ ਜਾਣਾ ਚਾਹੀਦਾ ਹੈ। ਇਸ ਲੇਖ ਵਿੱਚ ਵੱਖ-ਵੱਖ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ ਨੂੰ ਅੰਕਿਤ ਕਰਕੇ ਲੇਖਕ ਨੇ ਮਨੁੱਖ ਨੂੰ ਮਿਹਨਤ ਤੇ ਕੰਮ ਕਰਨ ਦੀ ਸਲਾਹ ਦਿੱਤੀ ਹੈ। ਇਹਨਾਂ ਲੇਖਾਂ ਤੋਂ ਬਿਨਾਂ ਪੁਸਤਕ ਵਿਚਲੇ ਹੋਰ ਵੀ ਬਹੁਤ ਲੇਖ ਹਨ, ਜੋ ਕਿ ਬਹੁਤ ਹੀ ਪ੍ਰਭਾਵਸ਼ਾਲੀ ਹਨ, ਜੋ ਮਨੁੱਖ ਨੂੰ ਜੀਵਨ ਦੇ ਅਰਥ ਪੂਰਨ ਸੰਦੇਸ਼ ਦਿੰਦੇ ਹਨ। ਪੁਸਤਕ ਵਿਚਲਾ ਅਖੀਰਲਾ ਲੇਖ 'ਸੰਤੁਸ਼ਟ ਰਹੋ' ਵਿੱਚ ਲੇਖਕ ਨੇ ਇਨਸਾਨ ਨੂੰ ਲਾਲਸਾਵਾਂ 'ਤੇ ਕੰਟਰੋਲ ਕਰਨ ਲਈ ਕਿਹਾ ਹੈ। ਲੇਖਕ ਅਨੁਸਾਰ ਇਨਸਾਨ ਦੀਆਂ ਮੁੱਢਲੀਆਂ ਲੋੜਾਂ ਰੋਟੀ, ਕੱਪੜਾ ਤੇ ਮਕਾਨ ਹੀ ਹੋਣੀਆਂ ਚਾਹੀਦੀਆਂ ਹਨ, ਜੇ ਇਹ ਪੂਰੀਆਂ ਹੁੰਦੀਆਂ ਹਨ ਤਾਂ ਇਨਸਾਨ ਨੂੰ ਸੰਤੁਸ਼ਟ ਰਹਿਣਾ ਚਾਹੀਦਾ ਹੈ। ਲੋੜ ਤੋਂ ਵੱਧ ਇਹ ਲਾਲਸਾਵਾਂ ਤਬਾਹ ਕਰ ਦਿੰਦੀਆਂ ਹਨ। ਇੱਛਾਵਾਂ ਸੰਤੁਸ਼ਟੀ ਨੂੰ ਪੈਦਾ ਨਹੀਂ ਕਰਦੀਆਂ ਹਨ। ਸਾਡੇ ਅੰਦਰ ਸੰਤੁਸ਼ਟ ਰਹਿਣ ਦੀ ਇੱਛਾ ਹੋਣੀ ਚਾਹੀਦੀ ਹੈ। ਸੋ ਪੁਸਤਕ ਵਿਚਲਾ ਹਰ ਇੱਕ ਲੇਖ ਇਨਸਾਨ ਨੂੰ ਪ੍ਰੇਰਿਤ ਕਰਦਾ ਹੈ। ਲੇਖਕ ਦੀ ਭਾਸ਼ਾ-ਸ਼ੈਲੀ ਬਾਕਮਾਲ ਹੈ। ਲੇਖਕ ਨੇ ਪੁਸਤਕ ਦੇ ਹਰ ਇੱਕ ਲੇਖ ਵਿੱਚ ਵਿਦਵਾਨਾਂ ਦੀਆਂ ਉਦਾਹਰਨਾਂ ਦੇ ਕੇ ਲੇਖਾਂ ਨੂੰ ਖ਼ੂਬ ਪ੍ਰਭਾਵਸ਼ਾਲੀ ਬਣਾਇਆ ਹੈ। ਪੁਸਤਕ ਵਿਚਲੇ ਲੇਖਾਂ ਨੂੰ ਪੜ੍ਹ ਕੇ ਲੇਖਕ ਦੀ ਚੰਗੀ ਸੋਚਣੀ ਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਪੁਸਤਕ ਪੜ੍ਹ ਕੇ ਪਾਠਕ ਜੀਵਨ ਜਿਉਣ ਦੀ ਕਲਾ ਦੇ ਮਹੱਤਵ ਨੂੰ ਜ਼ਰੂਰ ਸਮਝਣਗੇ।

**— ਇੰਦਰਪ੍ਰੀਤ ਕੌਰ**
ਮੋਬਾ. 98886-90280

# ਜਜ਼ਬਾਤ

**ਸ਼ਾਇਰ-ਸੁਰਜੀਤ ਮਜਾਰੀ**
**ਪੰਨੇ-96, ਕੀਮਤ-240 ਰੁਪਏ**
**ਰੌਸ਼ਨ ਕਲਾ ਕੇਂਦਰ**

ਸੁਰਜੀਤ ਮਜਾਰੀ ਆਪਣੀ ਹੀ ਧੁਨ ਵਿੱਚ ਮਗਨ ਰਹਿ ਕੇ ਨਿਰੰਤਰ ਸਾਹਿਤ ਸਾਧਨਾ ਕਰਨ ਵਾਲਾ ਸਿਰੜੀ ਯੋਧਾ ਹੈ, ਜਿਹੜਾ ਜਿੱਥੇ ਪੱਤਰਕਾਰੀ ਵਿੱਚ ਵੀ ਨਾਂਅ ਕਮਾ ਰਿਹਾ ਹੈ, ਉੱਥੇ ਹੀ ਆਪਣੀ ਸਾਹਿਤਕ ਸੰਸਥਾ ਵੱਲੋਂ ਆਏ ਦਿਨ ਕਿਤੇ ਨਾ ਕਿਤੇ ਸਾਹਿਤਕ ਪ੍ਰੋਗਰਾਮ ਕਰਵਾ ਕੇ ਚਰਚਾ ਵਿੱਚ ਰਹਿੰਦਾ ਹੈ। 1990 ਵਿੱਚ ਆਏ ਨਾਵਲ 'ਦਰਿਆ ਵਗਦਾ ਰਹੇ' ਅਤੇ 1996 ਵਿੱਚ ਆਈ ਵਾਰਤਕ ਪੁਸਤਕ ਲੋਕ ਬੋਲੀਆਂ 'ਚ ਔਰਤ ਤੋਂ ਬਾਅਦ ਹੁਣ ਉਹ ਆਪਣੇ ਗ਼ਜ਼ਲ ਸੰਗ੍ਰਹਿ 'ਜਜ਼ਬਾਤ' ਨਾਲ ਮੁੜ ਪਾਠਕਾਂ ਦੀ ਕਚਹਿਰੀ ਵਿੱਚ ਹਾਜ਼ਰ ਹੋਇਆ ਹੈ।




ਇਸ ਗ਼ਜ਼ਲ ਸੰਗ੍ਰਹਿ ਵਿੱਚ ਕੁੱਲ 80 ਗ਼ਜ਼ਲਾਂ ਸ਼ਾਮਲ ਹਨ। ਭਾਵੇਂ ਕਿ ਉਸ ਦੀਆਂ ਗ਼ਜ਼ਲਾਂ ਅਜੇ ਮੁੱਢਲੇ ਦੌਰ ਦੀਆਂ ਜਾਪਦੀਆਂ ਹਨ, ਪਰ ਉਸ ਦੇ ਕਈ ਸ਼ਿਅਰ ਰਾਜਨੀਤਕ, ਵਪਾਰਕ, ਧਾਰਮਿਕ, ਸੱਭਿਆਚਾਰਕ ਅਤੇ ਸਮਾਜਿਕ ਵਿਵਸਥਾ 'ਤੇ ਗਹਿਰੀ ਚੋਟ ਕਰਦੇ ਹਨ। ਭਾਵੇਂ ਸੁਰਜੀਤ ਮਜਾਰੀ ਦੀ ਗ਼ਜ਼ਲ ਨੇ ਅਜੇ ਲੰਬਾ ਸਫ਼ਰ ਤੈਅ ਕਰਨਾ ਹੈ, ਪਰ ਉਸ ਦੀ ਗ਼ਜ਼ਲ ਦਾ ਸਫ਼ਰ ਨਿੱਜ ਤੋਂ ਪਰਹਿਤ ਵੱਲ ਕਰਵਟ ਲੈ ਚੁੱਕਾ ਹੈ। ਇਸੇ ਲਈ ਉਹ ਆਪਣੀ ਗ਼ਜ਼ਲਕਾਰੀ ਰਾਹੀਂ ਗ਼ਰੀਬੀ, ਬੇਰੁਜ਼ਗਾਰੀ, ਵਧ ਰਿਹਾ ਡੇਰਾਵਾਦ, ਭ੍ਰਿਸ਼ਟਾਚਾਰ, ਮਨੁੱਖ ਦੀ ਮਨੁੱਖ ਹੱਥੋਂ ਹੋ ਰਹੀ ਲੁੱਟ, ਜਾਤੀ ਭੇਦ-ਭਾਵ ਬਾਰੇ ਖੁੱਲ੍ਹ ਕੇ ਲਿਖਦਾ ਹੈ। ਹਰ ਤਰ੍ਹਾਂ ਨਾਲ ਹਾਸ਼ੀਆਗਤ ਵਰਗ ਦੇ ਅਸਤਿਤਵ ਬਾਰੇ ਉਹ ਲਿਖਦਾ ਹੈ-

ਲਹਿੰਦੇ ਪਾਸੇ ਰਹਿੰਦੇ ਹਾਂ, ਪਿੰਡ ਵਿੱਚੋਂ ਬਾਹਰ ਵੀ,
ਭੁੱਲ ਕੇ ਵੀ ਸਾਡੀ ਨਾ ਗੁਆਚਿਆਂ ਦੀ ਗੱਲ ਹੋਵੇ।

ਜਗ੍ਹਾ-ਜਗ੍ਹਾ ਡੇਰੇ ਬਣਾ ਕੇ ਧਰਮ ਦੇ ਨਾਂਅ 'ਤੇ ਆਮ ਭੋਲੇ-ਭਾਲੇ ਲੋਕਾਂ ਦੀ ਸੱਚੀ-ਸੁੱਚੀ ਕਿਰਤ ਲੁੱਟਣ ਵਾਲੇ ਮਜ਼ਹਬ ਦੇ ਠੇਕੇਦਾਰਾਂ ਵਿਰੁੱਧ ਉਸ ਦੀ ਕਲਮ ਤਿੱਖਾ ਰੁਖ਼ ਅਖ਼ਤਿਆਰ ਕਰਦੀ ਹੈ-

ਸਾਧਾਂ ਭੇਸ ਵਟਾਇਆ ਸਾਡੀ ਬਸਤੀ ਵਿੱਚ
ਚੋਰਾਂ ਜਸ਼ਨ ਮਨਾਇਆ ਸਾਡੀ ਬਸਤੀ ਵਿੱਚ

ਸੁਰਜੀਤ ਮਜਾਰੀ ਨੇ ਗ਼ਜ਼ਲ ਉਸਤਾਦ ਗੁਰਦਿਆਲ ਰੌਸ਼ਨ ਕੋਲੋਂ ਗ਼ਜ਼ਲ ਦੀ ਤਾਲੀਮ ਲਈ ਹੈ, ਇਸ ਲਈ ਉਹਦੀਆਂ ਗ਼ਜ਼ਲਾਂ ਵਿੱਚ ਗੁਰਦਿਆਲ ਰੌਸ਼ਨ ਦੀ ਮਾਨਵਤਾਵਾਦੀ ਸੋਚ ਨੂੰ ਪ੍ਰਣਾਈ ਸ਼ਾਇਰੀ ਵਾਲੀ ਝਲਕ ਪੈਂਦੀ ਹੈ। ਉਹ ਲੋੜਾਂ-ਥੁੜਾਂ ਮਾਰੀ ਜ਼ਿੰਦਗੀ ਜੀਣ ਲਈ ਮਜਬੂਰ ਸੱਚੇ-ਸੁੱਚੇ ਲੋਕਾਂ ਦੀ ਆਵਾਜ਼ ਬੁਲੰਦ ਕਰਨ ਲਈ ਸ਼ਿਅਰਕਾਰੀ ਕਰਦਾ ਨਜ਼ਰ ਆਉਂਦਾ ਹੈ। ਸਮਾਜ ਵਿੱਚ ਫੈਲੇ ਅਗਿਆਨਤਾ ਦੇ ਕੂੜ ਹਨੇਰੇ ਮਿਟਾਉਣ ਲਈ ਆਪਣਾ ਇਖ਼ਲਾਕੀ ਫ਼ਰਜ਼ ਸਮਝਦੇ ਹੋਏ ਕਲਮ ਚਲਾਉਣ ਵਾਲਾ ਸੁਰਜੀਤ ਮਜਾਰੀ ਸਿੱਧੀ ਤੇ ਸਪੱਸ਼ਟ ਭਾਸ਼ਾ ਵਿੱਚ ਗਹਿਰੀ ਗੱਲ ਕਰਨ ਦਾ ਆਦੀ ਹੈ। ਆਮ ਲੋਕਾਂ ਦੀ ਭਾਸ਼ਾ ਵਿੱਚ ਕਹੇ ਗਏ ਉਸ ਦੇ ਸ਼ਿਅਰ ਸਿਰ ਖਪਾਈ ਨਹੀਂ ਕਰਦੇ, ਸਗੋਂ ਇੱਕੋ ਵਾਰ ਪੜ੍ਹਨ ਤੇ ਪਾਠਕ ਦੇ ਦਿਲ ਓ ਦਿਮਾਗ 'ਤੇ ਅਸਰ ਛੱਡਦੇ ਹਨ। ਸੁਰਜੀਤ ਮਜਾਰੀ ਦੇ ਪਲੇਠੇ ਗ਼ਜ਼ਲ ਸੰਗ੍ਰਹਿ 'ਜਜ਼ਬਾਤ' ਗੌਲੇ-ਅਣਗੌਲੇ ਲੋਕਾਂ ਦੇ ਜਜ਼ਬੇ ਹਨ। ਪਾਠਕਾਂ ਨੂੰ ਇਹ ਪੁਸਤਕ ਜ਼ਰੂਰ ਪਸੰਦ ਆਏਗੀ।

**— ਜਗਦੀਸ਼ ਰਾਣਾ**
ਮੋਬਾ. 79862-07849

# ਲਹੂ ਭਿੱਜੀ ਰੋਟੀ

(ਨਾਵਲ)
**ਜਰਨੈਲ ਸਿੰਘ ਕੋਹਾੜ**
**ਪੰਨੇ-120, ਮੁੱਲ-250 ਰੁਪਏ**
**ਹੁਨਰ ਪਬਲੀਕੇਸ਼ਨਜ਼, ਪਟਿਆਲਾ**

'ਲਹੂ ਭਿੱਜੀ ਰੋਟੀ' ਨੌਜਵਾਨ ਨਾਵਲਕਾਰ ਜਰਨੈਲ ਸਿੰਘ ਕੋਹਾੜ ਦਾ ਦੂਜਾ ਨਾਵਲ ਹੈ। ਇਹ ਨਾਵਲ ਦੇਸ਼ ਦੀ ਆਰਥਿਕ ਤੇ ਰਾਜਸੀ ਵਿਵਸਥਾ ਵੱਲੋਂ 'ਮਿਹਨਤਕਸ ਜਮਾਤ' ਤੇ 'ਰੋਟੀ' ਵਿਚਕਾਰ ਪੈਦਾ ਕੀਤੀਆਂ ਦੂਰੀਆਂ ਦੀ ਗੱਲ ਕਰਦਾ ਹੈ ਤਾਂ ਪਾਠਕੀ ਮਨਾਂ ਵਿਚ ਇਸ ਵਿਵਸਥਾ ਪ੍ਰਤੀ ਤੀਬਰ ਰੋਸ ਜਾਗਦਾ ਹੈ। ਨਾਵਲ ਦਾ ਬਾਲ ਪਾਤਰ ਸਦੀਕ ਦਾ ਹੱਥ ਭਾਵੇਂ ਲਹੂ-ਲੁਹਾਨ ਹੋ ਜਾਂਦਾ ਹੈ, ਪਰ ਫਿਰ ਵੀ ਉਹ ਭੁੱਖ ਨਾਲ ਤੜਫ ਰਹੀ ਆਪਣੀ ਮਾਂ ਨੂੰ ਰਾਹਤ ਦੇਣ ਲਈ ਸ਼ਿਕਾਰੀ ਕੁੱਤੇ ਦੇ ਮੂੰਹ ਵਿੱਚੋਂ ਰੋਟੀ ਕੱਢ ਲਿਆਉਂਦਾ ਹੈ। ਉਸ ਦੀ ਬਿਮਾਰ ਭੁੱਖੀ ਮਾਂ ਦੀ ਮੌਤ ਉਸ ਨੂੰ ਚੋਰ ਸਮਝਣ ਵਾਲੇ ਜਾਗੀਰਦਾਰ ਸਰਦਾਰ ਰੰਧਾਵੇ ਅੰਦਰ ਪਛਤਾਵੇ ਦੇ ਭਾਵ ਪੈਦਾ ਕਰਦੀ ਹੈ ਤਾਂ ਉਹ ਉਸ ਨੂੰ ਆਪਣਾ ਗੋਦ ਲਿਆ ਪੁੱਤਰ ਬਣਾ ਲੈਂਦਾ ਹੈ। ਇਕ ਗਰੀਬ ਮੁਸਲਮਾਨ ਮੁੰਡੇ ਨੂੰ ਸਰਦਾਰ ਰੰਧਾਵੇਂ ਵੱਲੋਂ ਆਪਣਾ ਪੁੱਤਰ ਬਣਾਉਣ ਅਤੇ ਇਕ ਹੋਰ ਸਰਦਾਰ ਧਨੀ ਸਿੰਘ ਵੱਲੋਂ ਆਪਣੀ ਧੀ ਦਾ ਵਿਆਹ ਉਸ ਨਾਲ ਕਰਨ ਦੀ ਗੱਲ ਯਥਾਰਥਕ ਘੱਟ ਤੇ ਫਿਲਮੀ ਵਧੇਰੇ ਲੱਗਦੀ ਹੈ। ਨਾਵਲ ਵਿਚਲੇ ਹੋਰ ਬਹੁਤ ਸਾਰੇ ਸਮਾਜਿਕ ਵਰਤਾਰੇ ਵੀ ਲੋੜੋਂ ਵੱਧ ਆਦਰਸ਼ਕ ਰੰਗਤ ਵਾਲੇ ਹਨ।




ਨਾਵਲ ਦੀ ਕਹਾਣੀ ਦਾ ਸ਼ਲਾਘਾਯੋਗ ਪੱਖ ਇਹ ਹੈ ਕਿ ਇਹ ਪੰਜਾਬ ਵਿਚ ਨਸ਼ਿਆਂ ਦੇ ਵਧ ਰਹੇ ਫੈਲਾਅ ਦੇ ਕਾਰਨ ਵੀ ਤਲਾਸ਼ਦਾ ਹੈ ਤੇ ਉਨ੍ਹਾਂ ਗੈਰ ਸਮਾਜਿਕ ਲੋਕਾਂ ਦੀਆਂ ਸਾਜ਼ਿਸ਼ਾਂ ਨੂੰ ਵੀ ਨੰਗਿਆਂ ਕਰਦਾ ਹੈ, ਜਿਹੜੇ ਆਪਣੀਆਂ ਜ਼ਮੀਨਾਂ-ਜਾਇਦਾਦਾਂ ਵਧਾਉਣ ਲਈ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆ ਵੱਲ ਧੱਕ ਰਹੇ ਹਨ। ਨਾਵਲ ਇਹ ਸਮਾਜਿਕ ਸਥਾਪਨਾ ਵੀ ਕਰਦਾ ਹੈ ਕਿ ਜਾਤ-ਪਾਤ ਰਹਿਤ ਮਨੁੱਖੀ ਸਮਾਜ ਦੇ ਨਿਰਮਾਣ ਵਿਚ ਔਰਤ ਵੀ ਪੁਰਸ਼ ਦੇ ਬਰਾਬਰ ਦੀ ਸਰਗਰਮ ਭੂਮਿਕਾ ਨਿਭਾਅ ਸਕਦੀ ਹੈ। ਨਾਵਲ ਦੀ ਪਾਤਰ ਨਿੰਦੋ ਤੇ ਸੁਖਜੀਵਨੀ ਅਜਿਹੇ ਸਮਾਜ ਦੀ ਉਸਾਰੀ ਵਿਚ ਅਹਿਮ ਯੋਗਦਾਨ ਪਾਉਂਦੀਆਂ ਹਨ। ਚਾਹੇ ਨਾਵਲ ਵਿਚ ਕੁਝ ਤਕਨੀਕੀ ਖਾਮੀਆਂ ਹਨ, ਫਿਰ ਵੀ ਇਹ ਨਾਵਲ ਜਰਨੈਲ ਸਿੰਘ ਕੋਹਾੜ ਦਾ ਸਾਹਿਤਕ ਭਵਿੱਖ ਹੋਰ ਚੰਗਾ ਹੋਣ ਦੀ ਗਵਾਹੀ ਦਿੰਦਾ ਹੈ । ਨਾਵਲ ਵਿਚਲਾ ਕਹਾਣੀ ਰਸ ਇਸ ਦੇ ਪਾਠ ਦੀ ਦਿਲਚਸਪੀ ਨੂੰ ਬਣਾਈ ਰੱਖਣ ਵਿਚ ਸਫ਼ਲ ਰਿਹਾ ਹੈ।

**—ਨਿਰੰਜਣ ਬੋਹਾ**
ਮੋਬਾ. 89682-82700

# ਅਲੋਪ ਹੋ ਰਹੇ ਕੰਮ ਧੰਦੇ

**ਪ੍ਰੇਮ ਭੂਸ਼ਨ ਗੋਇਲ**
**ਕੁੱਲ ਪੰਨੇ : 120, ਕੀਮਤ : 250 ਰੁਪਏ**
**ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ**

ਸ਼੍ਰੋਮਣੀ ਸਾਹਿਤਕਾਰ ਪ੍ਰੇਮ ਭੂਸ਼ਨ ਗੋਇਲ ਹੁਣ ਤੱਕ 30 ਪੁਸਤਕਾਂ ਲਿਖ ਚੁੱਕੇ ਹਨ। ਭਾਸ਼ਾ ਵਿਭਾਗ ਦੇ ਡਿਪਟੀ ਡਾਇਰੈਕਟਰ ਦੇ ਅਹੁਦੇ ਤੋਂ ਰਿਟਾਇਰਡ ਪ੍ਰੇਮ ਭੂਸ਼ਨ ਗੋਇਲ ਦੀ ਇਹ ਪੁਸਤਕ ਉਹਨਾਂ ਕਿੱਤਿਆਂ ਨੂੰ ਯਾਦ ਦੁਆਉਂਦੀ ਹੈ, ਜੋ ਹੁਣ ਸਿਰਫ਼ ਸਾਡੇ ਚੇਤਿਆਂ ਵਿੱਚ ਵੱਸਦੇ ਹਨ। ਅਲੋਪ ਹੋ ਰਹੇ ਕੰਮ ਧੰਦਿਆਂ ਦੇ ਖ਼ੂਬਸੂਰਤ ਸਰਵਰਕ ਵਾਲੀ ਇਹ ਪੁਸਤਕ ਲੇਖਕ ਨੇ ਆਪਣੀ ਪਤਨੀ ਦੀਆਂ ਮਿੱਠੀਆਂ ਯਾਦਾਂ ਨੂੰ ਸਮਰਪਿਤ ਕੀਤੀ ਹੈ। ਆਰੰਭ ਵਿੱਚ ਲੇਖਕ ਨੇ ਪੁਸਤਕ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਹਨ।ਪੁਸਤਕ ਵਿੱਚ 21 ਧੰਦਿਆਂ ਦਾ ਜ਼ਿਕਰ ਕੀਤਾ ਹੈ, ਜੋ ਸਾਡੇ ਸਮਾਜ ਵਿੱਚੋਂ ਅਲੋਪ ਹੋ ਗਏ। 'ਭੰਡ' ਲੇਖ ਟੋਟਕੇ ਤੇ ਹਸਾਣੀਆਂ ਗੱਲਾਂ ਕਰਨ ਵਾਲੇ ਭੰਡਾਂ ਦੇ ਮਜ਼ਦੂਰ ਬਣਨ ਦੇ ਦਰਦਨਾਕ ਸਫ਼ਰ ਨੂੰ ਪੇਸ਼ ਕਰਦਾ ਹੈ। ਲੇਖਕ ਦੱਸਦਾ ਹੈ ਕਿ ਜ਼ਿੰਦਗੀ ਨੂੰ ਮਖੌਲ ਕਰਦੇ ਭੰਡਾਂ ਨਾਲ ਜ਼ਿੰਦਗੀ ਹੀ ਮਖੌਲ ਕਰ ਗਈ। ਸਪੇਰੇ, ਸਰਕਸ, ਮਦਾਰੀ ਵਰਗੇ ਧੰਦੇ ਮਨੋਰੰਜਨ ਦੇ ਸਾਧਨ ਸਨ। ਜਾਨਵਰ ਸੁਰੱਖਿਆ ਐਕਟ 1972 ਨੇ ਇਨ੍ਹਾਂ ਰੋਜ਼ਗਾਰਾਂ ਨੂੰ ਬੰਦ ਕਰ ਦਿੱਤਾ। ਅਗਲਾ ਲੇਖ ਦੁਨੀਆ ਦੇ ਅਜੂਬੇ ਦਿਖਾਉਣ ਵਾਲੇ ਇੱਕ ਡੱਬੇ ਦੀ ਕਹਾਣੀ ਹੈ, ਜਿਸ ਦਾ ਨਾਂਅ ਸੀ 'ਬਾਇਸਕੋਪ'।ਸਾਡੀ ਜੀਵਨ ਸ਼ੈਲੀ ਦੇ ਬਦਲਣ ਨਾਲ ਇਹ ਰੁਜ਼ਗਾਰ ਵੀ ਸਿਨੇਮਾ ਨੂੰ ਜਨਮ ਦੇ ਕੇ ਖ਼ੁਦ ਖਤਮ ਹੋ ਗਿਆ। ਤਾਂਗੇ ਵਾਲੇ, ਦੋਧੀ, ਚਾਕੂ-ਛੁਰੀਆਂ ਤੇਜ਼ ਕਰਨ ਵਾਲੇ ਧੰਦੇ ਵੀ ਆਧੁਨਿਕਤਾ ਦੀ ਭੇਟ ਚੜ੍ਹ ਗਏ। 'ਸਿਰ ਗੁੰਦ ਦੇ ਪਿਆਰੇ ਨੈਣੇ' ਲੇਖ ਵਿੱਚ ਨਾਈ ਤੇ ਨੈਣ ਦੀ ਖਤਮ ਹੋ ਚੁੱਕੀ ਸਰਦਾਰੀ ਦੀ ਬਾਤ ਪਾਈ ਹੈ। ਅੱਜ ਦੇ ਸਮੇਂ ਵਿੱਚ ਆਏ ਮੈਰਿਜ ਪੈਲਸ ਕਲਚਰ ਨੇ ਇਸ ਕਿੱਤੇ ਨੂੰ ਬੀਤੇ ਯੁੱਗ ਦੀਆਂ ਗੱਲਾਂ ਬਣਾ ਦਿੱਤਾ। ਕੋਈ ਵੇਲਾ ਸੀ ਜਦੋਂ 'ਮਾਸ਼ਕੀ' ਪਾਣੀ ਭਰ-ਭਰ ਕੇ ਲੜਾਈਆਂ ਤੇ ਮੋਰਚਿਆਂ ਵਿੱਚ ਪਾਣੀ ਪਿਲਾਉਣ ਦਾ ਕੰਮ ਕਰਦੇ ਸਨ। ਹੁਣ ਤਾਂ ਕਲਕੱਤਾ ਵਿੱਚ ਭਿਸ਼ਤੀਆਂ ਦੀ ਸੇਵਾ ਭਾਵਨਾ ਦੀ ਯਾਦਗਾਰੀ ਮੂਰਤ ਹੀ ਇਸ ਕਿੱਤੇ ਦੀ ਯਾਦ ਦਿਲਾਉਂਦੀ ਹੈ। ਅਗਲਾ ਲੇਖ 'ਕਨਮੈਲੀਏ' ਦੀ ਯਾਦ ਨੂੰ ਤਾਜ਼ਾ ਕਰਵਾਉਂਦਾ ਹੈ, ਪਰ ਹੌਲੀ-ਹੌਲੀ ਇਹ ਧੰਦਾ ਵੀ ਅਲੋਪ ਹੋ ਗਿਆ। ਇਹ ਲੋਕ ਇੰਨੇ ਗਰੀਬ ਤੇ ਅਨਪੜ੍ਹ ਸਨ ਕਿ ਆਪਣੇ ਧੰਦੇ ਨੂੰ ਬਚਾਉਣ ਲਈ ਆਪਣਾ ਕੋਈ ਸੰਗਠਨ ਵੀ ਨਹੀਂ ਬਣਾ ਸਕੇ। 'ਭਾਂਡੇ ਕਲੀ ਕਰਾ ਲਓ....' ਦੇ ਹੋਕੇ ਅੱਜ ਸਿਰਫ਼ ਸੁਰਿੰਦਰ ਕੌਰ ਦੇ ਗੀਤ ਦੇ ਬੋਲਾਂ ਵਿੱਚ ਹੀ ਰਹਿ ਗਏ ਹਨ। ਅਗਲਾ ਲੇਖ ਮਰਾਸੀਆਂ ਦੇ ਪੁਸ਼ਤੈਨੀ ਪੇਸ਼ੇ 'ਰਬਾਬੀ' ਬਾਰੇ ਹੈ। ਅੱਜ ਪੱਛਮੀ ਸੰਗੀਤ ਦੇ ਪ੍ਰਭਾਵ ਸਦਕਾ ਰਬਾਬੀਆਂ ਦਾ ਇਹ ਕੰਮ ਵੀ ਬੰਦ ਹੋ ਗਿਆ। 1947 ਤੋਂ ਪਹਿਲਾਂ ਜੰਕ ਫੂਡ ਪ੍ਰਚਲਿਤ ਨਹੀਂ ਸੀ। ਉਦੋਂ ਲੋਕ ਦੁਪਹਿਰਾਂ ਢਲੇ ਆਮ ਤੌਰ 'ਤੇ ਭੱਠੀਆਂ 'ਤੇ ਦਾਣੇ ਭੁੰਨਵਾਉਣ ਲਈ ਹੀ ਇਕੱਠੇ ਹੁੰਦੇ, ਪਰ ਹੌਲੀ-ਹੌਲੀ ਭੱਠੀਆਂ ਦੀ ਹੋਂਦ ਵੀ ਖਤਮ ਹੋ ਗਈ। ਅਗਲੇ ਲੇਖ ਵਿੱਚ 'ਬਾਜ਼ੀਗਰ' ਕਿੱਤੇ ਦੇ ਅਲੋਪ ਹੋਣ ਬਾਰੇ ਵੀ ਦੱਸਿਆ ਹੈ। ਬਾਜ਼ੀਗਰਾਂ ਨੂੰ ਭੰਗੜੇ ਦਾ ਸੂਤਰਧਾਰ ਵੀ ਕਿਹਾ ਜਾ ਸਕਦਾ ਹੈ। 'ਧੋਬੀ' ਦੇ ਕਿੱਤੇ ਨੂੰ ਹਸਪਤਾਲਾਂ, ਹੋਟਲਾਂ ਤੇ ਵੱਡੇ-ਵੱਡੇ ਅਦਾਰਿਆਂ ਵਿੱਚ ਵੱਡੇ-ਵੱਡੇ ਪਲਾਂਟਾਂ ਨੇ ਖਤਮ ਕਰ ਦਿੱਤਾ। ਇਹ ਧੋਬੀ ਸਿਰਫ਼ ਪ੍ਰੈੱਸ ਕਰਨ ਦੇ ਕੰਮ ਤੱਕ ਹੀ ਸੀਮਿਤ ਰਹਿ ਗਏ। ਅਗਲਾ ਲੇਖ ਨਾ ਖੁਣਵਾਉਣ ਵਾਲੇ ਉਸ ਕਿੱਤੇ ਨਾਲ ਸੰਬੰਧਤ ਹੈ, ਜੋ ਇਸ ਕਿੱਤੇ ਰਾਹੀਂ ਲੋਕਾਂ ਦੇ ਦਰਦ ਦਾ ਇਲਾਜ ਕਰਿਆ ਕਰਦੇ ਸਨ, ਪਰ ਵਿਗਿਆਨ ਨੇ ਇਸ ਸਭ ਨੂੰ ਗਲਤ ਸਾਬਿਤ ਕਰ ਦਿੱਤਾ ਤੇ ਹੌਲੀ-ਹੌਲੀ ਇਹ ਕਿੱਤਾ ਵੀ ਬੰਦ ਹੋ ਗਿਆ। ਅਗਲਾ ਲੇਖ ਸਾਡੀ ਯਾਦ ਪਿਟਾਰੀ ਵਿੱਚ ਵੰਗਾਂ ਦੇ ਵਣਜਾਰੇ ਦੁਆਲੇ ਝੁਰਮਟ ਪਾ ਕੇ ਖਲੋਤੀਆਂ ਔਰਤਾਂ ਦੇ ਦ੍ਰਿਸ਼ ਨੂੰ ਸਜੀਵ ਕਰ ਦਿੰਦਾ ਹੈ। 'ਤੇਲ ਮਾਲਸ਼ੀਏ' ਦਾ ਕਿੱਤਾ ਵੀ ਦਮ ਤੋੜ ਗਿਆ। ਪੁਸਤਕ ਦੇ ਅਖੀਰ ਵਿੱਚ ਸਮਾਜ ਸੁਧਾਰ ਦਾ ਕੰਮ ਕਰਨ ਵਾਲੇ ਕਠਪੁਤਲੀਆਂ ਦੇ ਤਮਾਸ਼ੇ ਬਾਰੇ ਹੈ। ਹੌਲੀ-ਹੌਲੀ ਸੋਸ਼ਲ ਮੀਡੀਆ ਨੇ ਇਸ ਕਲਾ ਦਾ ਵੀ ਲੱਕ ਤੋੜ ਦਿੱਤਾ। ਇਸ ਕਿੱਤੇ ਦੇ ਅਲੋਪ ਹੋਣ ਕਾਰਨ ਕਠਪੁਤਲੀਆਂ ਦਾ ਤਮਾਸ਼ਾ ਦਿਖਾਉਣ ਵਾਲੇ ਲੋਕ ਮਜ਼ਦੂਰੀ ਕਰਨ 'ਤੇ ਮਜਬੂਰ ਹੋ ਗਏ। ਪ੍ਰੇਮ ਭੂਸ਼ਨ ਗੋਇਲ ਦੀ ਇਹ ਦਸਤਾਵੇਜ਼ੀ ਪੁਸਤਕ ਸਾਨੂੰ ਜਿੱਥੇ ਇਹਨਾਂ ਸਾਰੇ ਕਿੱਤਿਆਂ ਦੀ ਯਾਦ ਦਿਲਾਉਂਦੀਆਂ ਹਨ ਤੇ ਨਾਲ ਹੀ ਇਹਨਾਂ ਦੇ ਖਤਮ ਹੋਣ ਦਾ ਅਫ਼ਸੋਸ ਵੀ ਪ੍ਰਗਟਾਉਂਦੀ ਹੈ। ਬਹੁਤ ਵਧੀਆ ਪੜ੍ਹਨਯੋਗ ਤੇ ਸਾਂਭਣਯੋਗ ਪੁਸਤਕ ਹੈ। ਜਿੱਥੇ ਇਹ ਪੁਸਤਕ ਇਨ੍ਹਾਂ ਕਿੱਤਿਆਂ ਬਾਰੇ ਜਾਣਕਾਰੀ ਦਿੰਦੀ ਹੈ, ਉੱਥੇ ਨਾਲ ਹੀ ਸਾਨੂੰ ਉਸ ਪੁਰਾਣੇ ਵੇਲੇ ਵਿੱਚ ਲੈ ਕੇ ਜਾਂਦੀ ਹੈ। ਪਾਠਕਾਂ ਦੇ ਹੁੰਗਾਰੇ ਉਨ੍ਹਾਂ ਦੀ ਆਪਣੇ ਵੇਲੇ ਦੀ ਯਾਦ ਦਰਸਾਉਂਦੇ ਪ੍ਰਤੀਤ ਹੋਣਗੇ।




**— ਡਾ. ਭੁਪਿੰਦਰ ਕੌਰ**
ਮੋਬਾ. 98555-95818

# ਮਦਨ ਵੀਰਾ ਕਾਵਿ ਵਿਚਾਰਧਾਰਕ ਅਧਿਐਨ

(ਅਲੋਚਨਾ)
**ਕਰਮਨ ਸਿੰਘ**
**ਪੰਨੇ-92, ਮੁੱਲ-200 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

'ਮਦਨ ਵੀਰਾ ਕਾਵਿ ਵਿਚਾਰਧਾਰਕ ਅਧਿਐਨ' ਕਰਮਨ ਸਿੰਘ ਦੀ ਆਲੋਚਨਾ ਦੀ ਪੁਸਤਕ ਹੈ। ਇਹ ਵਿਚਾਰਧਾਰਕ ਅਧਿਐਨ ਲਈ ਕਰਮਨ ਸਿੰਘ ਨੇ ਪਹਿਲਾਂ ਸਾਹਿਤ, ਕਾਵਿ ਦੇ ਵਿਚਾਰਧਾਰਾ ਦੇ ਆਪਸੀ ਸੰਬੰਧਾਂ ਨੂੰ ਸਮਝਣ ਲਈ ਸਾਹਿਤ : ਸੰਕਲਪ ਅਤੇ ਸਰੂਪ, ਵਿਚਾਰਧਾਰਾ : ਸੰਕਲਪ ਤੇ ਸਰੂਪ, ਸਾਹਿਤ ਤੇ ਵਿਚਾਰਧਾਰਾ ਦਾ ਅੰਤਰ ਸੰਬੰਧ, ਕਵਿਤਾ ਤੇ ਵਿਚਾਰਧਾਰਾ ਚਾਰ ਹਿੱਸਿਆਂ ਵਿੱਚ ਇੱਕ ਚੌਖਟਾ ਤਿਆਰ ਕੀਤਾ ਹੈ ਤਾਂ ਜੋ ਮਦਨ ਵੀਰਾ ਦੀ ਕਵਿਤਾ ਦੇ ਵਿਚਾਰਧਾਰਕ ਪੱਖਾਂ ਦੀ ਸੰਪੂਰਨ ਨਿਸ਼ਾਨਦੇਹੀ ਕੀਤੀ ਜਾ ਸਕੇ ਤਾਂ ਜੋ ਕਵਿਤਾ ਤੇ ਵਿਚਾਰਧਾਰਾ ਦੀ ਆਪਸੀ ਸਾਂਝ ਜ਼ਰੀਏ ਮਦਨ ਵੀਰਾ ਕਾਵਿ ਦੇ ਅਹਿਮ ਪਹਿਲੂਆਂ ਨੂੰ ਵਿਚਾਰਿਆ ਜਾ ਸਕੇ। ਦੂਸਰਾ ਅਧਿਆਏ ਮਦਨ ਵੀਰਾ ਕਾਵਿ : ਵਸਤੂਗਤ ਦ੍ਰਿਸ਼ਟੀ ਹੈ। ਇਹ ਅਧਿਆਇ ਵਿੱਚ ਮਦਨ ਵੀਰਾ ਕਾਵਿ ਦੇ ਵਸਤੂਗਤ ਸਰੋਕਾਰਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ ਤੇ ਮਦਨ ਵੀਰਾ ਦੇ ਸਮੁੱਚੇ ਕਾਵਿ ਸੰਗ੍ਰਹਿਆਂ ਨੂੰ ਕਰਮ ਰੂਪ ਵਿੱਚ ਵਿਕਾਸ ਦੀ ਦ੍ਰਿਸ਼ਟੀ ਤੋਂ ਵਿਚਾਰਿਆ ਗਿਆ ਹੈ ਅਤੇ ਸਮੇਂ-ਸਮੇਂ ਕਵਿਤਾ ਵਿੱਚ ਆਏ ਪਰਿਵਰਤਨਾਂ ਨੂੰ ਕਾਵਿ ਵਿਕਾਸ ਦੀ ਦ੍ਰਿਸ਼ਟੀ ਤੋਂ ਨਿਰਖਣ-ਪਰਖਣ ਦੀ ਕੋਸ਼ਿਸ਼ ਕੀਤੀ ਗਈ ਹੈ। ਤੀਸਰਾ ਅਧਿਆਇ ਮਦਨ ਵੀਰਾ ਕਾਵਿ ਦਾ ਵਿਚਾਰਧਾਰਕ ਅਧਿਐਨ ਹੈ। ਇਹ ਅਧਿਐਨ ਨੂੰ ਸਮਾਜ ਸਮਾਜਿਕ, ਆਰਥਿਕ, ਰਾਜਨੀਤਕ ਤੇ ਸੱਭਿਆਚਾਰਕ ਦ੍ਰਿਸ਼ਟੀ ਤੋਂ ਵਿਸ਼ਲੇਸ਼ਿਤ ਕਰਕੇ ਮੁਕੰਮਲ ਕੀਤਾ ਗਿਆ ਹੈ। ਮਦਨ ਵੀਰਾ ਕਾਵਿ ਵਿੱਚ ਜਾਤੀ ਵਿਤਕਰਾ, ਸਮਾਜਿਕ ਅਸਮਾਨਤਾ, ਦਲਿਤ ਤੇ ਨਾਰੀ ਦਾ ਤ੍ਰਾਸਦਿਕ ਜੀਵਨ, ਵਿਸ਼ਵੀਕਰਨ ਦੇ ਪ੍ਰਭਾਵ, ਆਰਥਿਕ ਸੰਕਟ, ਮੰਡੀਕਰਨ, ਦਲਿਤ ਰਾਜਨੀਤੀ ਅਤੇ ਸੱਭਿਆਚਾਰਕ ਸੰਕਟ ਵਰਗੇ ਮਸਲਿਆਂ ਦੀ ਪਛਾਣ ਕੀਤੀ ਹੈ। ਚੌਥਾ ਅਧਿਆਇ ਮਦਨ ਵੀਰਾ ਨਾਲ ਸੰਵਾਦ ਹੈ, ਜਿਸ ਵਿੱਚ ਉਸ ਦੇ ਜੀਵਨ ਅਨੁਭਵ, ਸਾਹਿਤ ਵਿਚਾਰਧਾਰਾ, ਵਿਚਾਰਧਾਰਕ ਪ੍ਰਤੀਬੱਧਤਾ ਅਤੇ ਪੰਜਾਬੀ ਕਵਿਤਾ ਦੇ ਭਵਿੱਖ ਤੇ ਦਲਿਤ ਰਾਜਨੀਤੀ ਬਾਰੇ ਵਿਚਾਰ ਚਰਚਾ ਕੀਤੀ ਗਈ ਹੈ।ਆਲੋਚਨਾ ਦੀ ਇਹ ਪੁਸਤਕ ਮਦਨ ਵੀਰਾ ਦੇ ਜੀਵਨ ਤੇ ਉਸ ਦੇ ਕਾਵਿ ਸਰੋਕਾਰਾਂ ਨੂੰ ਪੇਸ਼ ਕਰਦੀ ਚੰਗੀ ਪੁਸਤਕ ਹੈ।




**—ਰਾਮਪਾਲ ਸ਼ਾਹਪੁਰੀ (ਡਾ.)**

# ਚੁੱਪ ਦੇ ਸਵਾਲ

**ਹਰਭਗਵਾਨ ਭੀਖੀ**
**ਸਫੇ-128, ਮੁੱਲ-150 ਰੁਪਏ**
**ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ**

'ਚੁੱਪ ਦੇ ਸਵਾਲ' ਇੱਕ ਰਾਜਨੀਤਕ ਕਵਿਤਾ ਹੈ।ਕੁੱਲ ਵਰਤਾਰੇ ਨੂੰ ਰਾਜਸੀ ਦ੍ਰਿਸ਼ਟੀ ਤੋਂ ਹੀ ਦੇਖਦੀ ਹੈ।ਇਹ ਸਾਹਿਤਕ ਕਿਰਤ ਤਾਂ ਹੈ, ਇਸ ਦਾ ਮੈਟਾਫਰ ਪੂਰੀ ਰਾਜਸੀ ਚੌਧਰ ਵਾਲਾ ਹੈ।

ਸਭ ਤੋਂ ਖ਼ੂਬਸੂਰਤ ਕਾਰਜ ਉਸ ਦਾ ਜੀਵਨੀਆਂ ਬਾਰੇ ਹੈ। ਮੈਂ ਉਸ ਦੀ ਇਸ ਗੱਲ ਦਾ ਹੀ ਕਾਇਲ ਹਾਂ।ਉਸ ਨੇ ਕਾਮਰੇਡ ਜੀਤਾ ਕੌਰ, ਸ਼ਹੀਦ ਬਲਦੇਵ ਸਿੰਘ ਮਾਨ, ਸ਼ਹੀਦ ਅਮਰ ਸਿੰਘ ਅੱਚਰਵਾਲ ਆਦਿ ਬਾਰੇ ਬਹੁਤ ਬਾਰੀਕੀ ਤੇ ਸੰਜੀਦਗੀ ਨਾਲ ਲਿਖਿਆ, ਇਸ ਲਈ ਉਸ ਨੇ ਅਧਿਐਨ ਕੀਤਾ ਤੇ ਖੋਜ ਕਾਰਜ ਲਈ ਭੱਜ-ਨੱਠ ਕੀਤੀ।

ਕਾਵਿ ਸਿਰਜਣਾ ਹਰਭਗਵਾਨ ਦਾ ਇਹ ਮਹੱਤਵਪੂਰਨ ਯਤਨ ਹੈ। ਇਹਨਾਂ ਕਵਿਤਾਵਾਂ 'ਚ ਹਰਭਗਵਾਨ ਦਾ ਰਾਜਸੀ ਅਨੁਭਵ ਡੁੱਲ੍ਹ-ਡੁੱਲ੍ਹ ਪੈਂਦਾ ਹੈ।ਉਹ ਜਿੱਥੇ ਅੰਤਰਰਾਸ਼ਟਰੀ ਸਥਿਤੀਆਂ ਤੇ ਕਵਿਤਾ ਸਿਰਜਦਾ ਹੈ, ਉੱਥੇ ਭਾਰਤ ਭਰ ਦੇ ਗਰਦਿਸ਼ ਭਰੇ ਦ੍ਰਿਸ਼ ਨੂੰ ਆਪਣੇ ਖਿਆਲਾਂ ਰਾਹੀਂ ਸਾਕਾਰ ਕਰਦਾ ਹੈ। ਨਾਲ ਦੀ ਨਾਲ ਸਥਾਨਕ ਪੱਧਰ 'ਤੇ ਜੋ ਵਾਪਰ ਰਿਹਾ ਹੈ, ਉਨ੍ਹਾਂ ਨੂੰ ਫੜਦਾ ਪੇਸ਼ ਕਰਦਾ ਹੈ।ਭਾਵ ਉਨ੍ਹਾਂ ਦੇ ਕਾਵਿ ਮੁਹਾਵਰੇ ਵਿਚ ਸਥਾਨਕਤਾ ਤੋਂ ਲੈ ਕੇ ਬ੍ਰਹਿਮੰਡ ਤੱਕ ਦਾ ਕਲੇਵਰ-ਫਲੇਵਰ ਹੈ। ਉਨ੍ਹਾਂ ਦੀ ਕਵਿਤਾ ਚੁੱਪ ਨੂੰ ਬੇਹੱਦ ਝੰਜੋੜਦੀ ਹੈ।

ਬੰਬ-ਬੰਦੂਕਾਂ, ਸਰਹੱਦਾਂ, ਮੌਤਾਂ, ਧਰਮ, ਜਾਤ ਇਹ ਸਭ ਰਾਜਸੀ ਲੋਕਾਂ ਦੀਆਂ ਖੇਡਾਂ ਨੇ। ਇਨ੍ਹਾਂ ਖੇਡਾਂ ਰਾਹੀਂ ਉਹ ਆਪਣਾ ਸਾਮਰਾਜ ਚਲਾਉਂਦੇ ਹਨ। ਅੱਜਕੱਲ੍ਹ ਜੋ ਇਤਿਹਾਸਕ ਥਾਵਾਂ, ਸਥਾਨਾਂ, ਚੀਜ਼ਾਂ ਦੇ ਨਾਂਅ ਬਦਲੇ ਜਾ ਰਹੇ ਨੇ। ਭਾਸ਼ਾ, ਧਰਮ ਦੇ ਨਾਂਅ 'ਤੇ ਘੱਟ ਗਿਣਤੀਆਂ ਨੂੰ ਨਪੀੜਿਆ ਜਾ ਰਿਹਾ ਹੈ। ਭਾਰਤ-ਪਾਕਿ ਦੀ ਵੰਡ ਵਾਂਗ ਦੇਸ਼ ਨੂੰ ਟੋਟਿਆਂ ਵਿਚ ਵੰਡਿਆ ਜਾ ਰਿਹਾ ਹੈ, ਇਸ ਰਾਜਨੀਤੀ ਤੋਂ ਉਲਟ ਕਵੀ ਖ਼ੁਦ ਰਾਜਨੀਤਕ ਕਾਰਕੁੰਨ ਹੈ।




ਕਵੀ ਨੂੰ ਜੇਕਰ ਸਭ ਤੋਂ ਵੱਧ ਕੋਈ ਪੀੜਤ ਕਰ ਰਿਹਾ ਹੈ, ਮਖੌਟਾ ਪਾ ਕੇ ਆਪ ਬਣੇ ਦੇਸ਼ ਸੇਵਕ ਹਨ। ਮਖੌਟਿਆਂ 'ਚ ਧਰਮੀ-ਕਰਮੀ ਦੇ ਰਾਜਸੀ ਲੋਕ ਨੇ, ਲਿਖਾਰੀ ਨੇ ਜਾਂ ਬੁਰਜੂਆ ਅਪਰੋਚ ਨੂੰ ਪੁੱਜੇ ਕਮਿਊਨਿਸਟ ਜਾਂ ਸਿੱਖ ਧਰਮ ਦੇ ਪੈਰੋਕਾਰ ਹਨ।

ਕਵੀ ਇਤਿਹਾਸ, ਸਮਕਾਲ ਤੇ ਭਵਿੱਖ ਨੂੰ ਸੰਬੋਧਨ ਹੈ। ਇੱਕ ਖ਼ੂਬਸੂਰਤ ਦੁਨੀਆ ਦੀ ਉਡੀਕ ਵਿਚ ਹੈ।ਇਸ ਵਾਸਤੇ ਉਹ ਆਪਣਾ ਰਾਹ ਭਗਤ ਸਿੰਘ ਦੇ ਬਰਾਬਰ ਦੇ ਫਲਸਫੇ 'ਚੋਂ ਦੇਖਦਾ ਹੈ। ਗੁਰੂ ਗੋਬਿੰਦ ਸਿੰਘ ਦੇ ਸਿਰੜ 'ਚੋਂ ਤਲਾਸ਼ਦਾ ਹੈ। ਸਮਕਾਲ 'ਚ ਲੋਕਾਂ ਲਈ ਲੜ ਰਹੇ ਸੱਚੇ-ਸੁੱਚੇ ਲੋਕਾਂ 'ਚੋਂ ਦੇਖਦਾ ਹੈ। ਭਾਵੇਂ ਇਨ੍ਹਾਂ ਵਿੱਚੋਂ ਕਈ ਰਚਨਾਵਾਂ ਸ਼ਿਲਪ ਪੱਖੋਂ ਊਣੀਆਂ, ਵਿਚਾਰਾਂ ਪੱਖੋਂ ਉਤੇਜਿਤ, ਵਿਸਥਾਰ ਤੇ ਦੁਹਰਾਓ ਤੋਂ ਮੁਕਤ ਨਹੀਂ ਹਨ, ਪਰ ਕਵੀ ਜਿਸ ਖੇਤਰ ਵਿਚ ਜਿਵੇਂ-ਜਿਵੇਂ ਜੂਝ ਰਿਹਾ ਹੈ, ਸੰਘਰਸ਼ ਹੈ, ਉਵੇਂ-ਉਵੇਂ ਉਨ੍ਹਾਂ ਦੇ ਸ਼ਬਦ ਕਵਿਤਾ ਦਾ ਰੂਪ ਧਾਰਦੇ ਹਨ। ਇਸ ਸੁਭਾਵਿਕਤਾ 'ਚੋਂ ਸਿਰਜਤ ਇਹ ਕਵਿਤਾਵਾਂ ਲੋਕ ਪੀੜ 'ਤੇ ਲੋਕ ਹੱਕਾਂ ਦੀਆਂ ਬਾਤਾਂ ਪਾਉਂਦੀਆਂ ਹਨ।ਇਸ ਦਾ ਹੁੰਗਾਰਾ ਭਰਨਾ ਬਣਦਾ ਹੈ।

**—ਸਤਪਾਲ ਭੀਖੀ**
ਮੋਬਾ. 98761-55530

# ਕਵਿਤਾ ਵਰਗੀ ਕੁੜੀ

(ਵਾਰਤਕ ਸੰਗ੍ਰਹਿ)
**ਹੈਪੀ ਸ਼ਾਹਕੋਟੀ (ਹਰਵਿੰਦਰ ਸਿੰਘ)**
**ਸਫ਼ੇ-96, ਮੁੱਲ-250 ਰੁਪਏ**
**ਹੁਨਰ ਪਬਲੀਕੇਸ਼ਨ, ਸ਼ਾਹਕੋਟ**

'ਕਵਿਤਾ ਵਰਗੀ ਕੁੜੀ' ਹੈਪੀ ਸ਼ਾਹਕੋਟੀ ਦਾ ਵਾਰਤਕ ਸੰਗ੍ਰਹਿ ਮੁਹੱਬਤ ਦੀਆਂ ਭਾਵਨਾਵਾਂ ਦਾ ਰੂਹਾਨੀ ਸਫ਼ਰ ਹੈ। ਲੇਖਕ ਦੀ ਗੱਲ ਕਰੀਏ ਤਾਂ ਹੈਪੀ ਸ਼ਾਹਕੋਟੀ ਸਾਹਿਤ ਦੇ ਖੇਤਰ ਵਿੱਚ ਕੋਈ ਨਵਾਂ ਨਾਂਅ ਨਹੀਂ ਹੈ, ਉਹਨਾਂ ਦੀ ਕਲਮ ਤੋਂ ਕਾਵਿ ਸੰਗ੍ਰਹਿ, ਸਾਂਝਾ ਕਹਾਣੀ ਸੰਗ੍ਰਹਿ ਅਤੇ ਨਾਵਲ ਵੀ ਸਿਰਜੇ ਜਾ ਚੁੱਕੇ ਹਨ। ਹਥਲੀ ਪੁਸਤਕ ਲੇਖਕ ਦਾ ਮੁਹੱਬਤ ਦੇ ਅਹਿਸਾਸ ਨੂੰ ਸ਼ਬਦਾਂ ਵਿੱਚ ਢਾਲਣ ਵਾਲਾ ਕੋਮਲ ਸੰਵੇਦਨਸ਼ੀਲ ਅਤੇ ਰੂਹ ਨੂੰ ਛੂਹਣ ਵਾਲਾ ਵਾਰਤਕ ਸੰਗ੍ਰਹਿ ਹੈ। 'ਕਵਿਤਾ ਵਰਗੀ ਕੁੜੀ' ਲੇਖਕ ਦੀ ਪੰਜਵੀਂ ਪੁਸਤਕ ਹੈ, ਜਿਸ ਵਿੱਚ ਆਪਣੀ ਮਹਿਬੂਬ ਦੀ ਯਾਦ ਅਤੇ ਉਸ ਨਾਲ ਕੀਤੇ ਭਾਵਨਾਤਮਕ ਸੰਵਾਦ ਨੂੰ 32 ਛੋਟੇ ਲੇਖਾਂ ਰਾਹੀਂ ਪੇਸ਼ ਕੀਤਾ ਗਿਆ ਹੈ। ਇਸ ਪੁਸਤਕ ਦਾ ਕੇਂਦਰ ਕੋਈ ਰਿਵਾਇਤੀ ਪ੍ਰੇਮ ਕਥਾ ਨਹੀਂ, ਸਗੋਂ ਮੁਹੱਬਤ ਦਾ ਉਹ ਅੰਦਰਲਾ ਸੰਸਾਰ ਹੈ, ਜਿੱਥੇ ਯਾਦ, ਵਿਛੋੜਾ, ਰਿਸ਼ਤਾ ਅਤੇ ਰੂਹ ਇੱਕ-ਦੂਜੇ ਨਾਲ ਘੁਲ-ਮਿਲ ਜਾਂਦੇ ਹਨ। ਲੇਖਕ ਹਰ ਲੇਖ ਵਿੱਚ ਆਪਣੀ ਮਹਿਬੂਬ ਨਾਲ ਸੰਵਾਦ ਰਚਦਾ ਹੈ। ਇਸ ਸੰਵਾਦ ਨੂੰ 'ਰੂਹ ਤੋਂ ਉੱਕਰੇ ਹਰਫ਼', 'ਮੁਹੱਬਤ ਜ਼ਿੰਦਾਬਾਦ', 'ਮੈਂ ਹੈਗਾ ਹਣਾ ਤੇਰੇ ਨਾਲ', 'ਉਹ ਕੁੜੀ', 'ਯਾਦਾਂ ਦੇ ਪਰਛਾਵੇਂ', 'ਕਵਿਤਾ ਵਰਗੀ ਕੁੜੀ', 'ਮੇਰੇ ਗੀਤਾਂ ਦਾ ਸਿਰਨਾਵਾਂ', 'ਰੂਹਾਂ ਦੇ ਆਸ਼ਿਕ', 'ਸਕੂਨ ਭਰੀ ਸਾਂਝ' ਆਦਿ ਵਿੱਚ ਸਹਿਜੇ ਹੀ ਵੇਖਿਆ ਜਾ ਸਕਦਾ ਹੈ। ਹਰ ਲੇਖ ਵਿੱਚ ਲੇਖਕ ਦਾ ਆਪਣੀ ਮਹਿਬੂਬ ਨਾਲ ਸੰਵਾਦ ਰਚਨਾ ਕਈ ਥਾਵਾਂ 'ਤੇ ਨਿੱਜੀ ਹੁੰਦਿਆਂ ਵੀ ਅਵਾਮੀ ਹੋ ਜਾਂਦਾ ਹੈ। ਕਿਉਂਕਿ ਇਸ ਵਿੱਚ ਮਨੁੱਖੀ ਮਨ ਦੀ ਉਸ ਤੜਫ਼ ਦੀ ਪਛਾਣ ਹੁੰਦੀ ਹੈ, ਜੋ ਕਿਸੇ ਆਪਣੇ ਨੂੰ ਯਾਦ ਕਰਦਿਆਂ ਜਨਮ ਲੈਂਦੀ ਹੈ। ਹੈਪੀ ਸ਼ਾਕੋਟੀ ਨੇ ਆਪਣੀ ਮਹਿਬੂਬ ਨੂੰ ਰੱਬ ਦਾ ਰੁਤਬਾ ਦੇ ਕੇ ਮੁਹੱਬਤ ਨੂੰ ਮਿਜ਼ਾਜੀ ਤੋਂ ਹਕੀਕੀ ਦੀ ਉਚਾਈ ਬਖਸ਼ੀ ਹੈ, ਜਿੱਥੇ ਪ੍ਰੇਮ ਸਿਰਫ ਪ੍ਰਾਪਤੀ ਦੀ ਇੱਛਾ ਨਹੀਂ, ਸਗੋਂ ਸਮਰਪਣ, ਯਾਦ ਅਤੇ ਅੰਦਰੂਨੀ ਅਸਤਿਤਵ ਦਾ ਹਿੱਸਾ ਬਣ ਜਾਂਦਾ ਹੈ। ਪੁਸਤਕ ਵਿੱਚ ਗੀਤਾਂ ਦੀਆਂ ਪੰਕਤੀਆਂ ਦੀ ਵਰਤੋਂ ਲੇਖਕ ਦੇ ਚਿੰਤਨ ਨੂੰ ਦਾਰਸ਼ਨਿਕ ਪਸਾਰ ਦਿੰਦੀ ਹੈ। ਇਸ ਪੁਸਤਕ ਦੀ ਇੱਕ ਹੋਰ ਖ਼ੂਬੀ ਪੰਜਾਬੀ ਦੇ ਵਿਸਰ ਰਹੇ ਸ਼ਬਦਾਂ ਦੀ ਸੁਚੱਜੀ ਵਰਤੋਂ ਕੀਤੀ ਹੈ। ਇਹ ਸ਼ਬਦ ਵਾਰਤਕ ਨੂੰ ਸਿਰਫ਼ ਭਾਸ਼ਾਈ ਸੁੰਦਰਤਾ ਨਹੀਂ ਦਿੰਦੇ, ਸਗੋਂ ਪੰਜਾਬੀ ਦੀ ਮਾਣਮੱਤੀ ਅਤੇ ਸੱਭਿਆਚਾਰਕ ਯਾਦ ਨਾਲ ਵੀ ਜੋੜਦੇ ਹਨ। ਕਈ ਥਾਵਾਂ 'ਤੇ ਵਾਰਤਕ ਕਵਿਤਾ ਦਾ ਰੂਪ ਧਾਰ ਲੈਂਦੀ ਹੈ। ਇਸ ਕਰਕੇ 'ਕਵਿਤਾ ਵਰਗੀ ਕੁੜੀ' ਨੂੰ ਮੁਹੱਬਤ ਦੀ ਕਿਤਾਬ ਨਾਲੋਂ ਵੱਧ ਮੁਹੱਬਤ ਨੂੰ ਮਹਿਸੂਸ ਕਰਨ ਵਾਲੀ ਰੂਹ ਦੀ ਕਿਤਾਬ ਕਿਹਾ ਜਾ ਸਕਦਾ ਹੈ। ਜਿਸ ਲਈ ਸਾਡਾ ਲੇਖਕ ਹੈਪੀ ਸ਼ਾਹਕੋਟੀ ਵਧਾਈ ਦਾ ਪਾਤਰ ਹੈ।




**—ਅੰਮ੍ਰਿਤਪਾਲ ਕਲੇਰ**
ਮੋਬਾ. 86996-93680

# ਪ੍ਰਗਟ ਭਏ ਗੁਰ ਤੇਗ ਬਹਾਦਰ

(ਆਲੋਚਨਾ)
**ਡਾ. ਧਰਮ ਸਿੰਘ**
**ਪੰਨੇ : 136, ਮੁੱਲ : 300 ਰੁਪਏ**
**ਨਵਰੰਗ ਪਬਲੀਕੇਸ਼ਨਜ਼, ਸਮਾਣਾ**

ਅਧਿਆਤਮਿਕ ਖੇਤਰ ਵਿੱਚ ਬਹੁਤ ਸਾਰੇ ਸਾਹਿਤ ਦੀ ਸਿਰਜਣਾ ਹੋ ਰਹੀ ਹੈ। ਵੱਖ-ਵੱਖ ਵਿਦਵਾਨਾਂ ਵੱਲੋਂ ਖੋਜ ਪੱਤਰ ਜਾਰੀ ਕਰਕੇ ਬਹੁਤ ਉਮਦਾ ਅਤੇ ਭਰਪੂਰ ਜਾਣਕਾਰੀ ਦਿੱਤੀ ਜਾ ਰਹੀ ਹੈ ਅਤੇ ਅੱਜ ਵੀ ਬਹੁਤ ਸਾਰੇ ਵਿਦਵਾਨ ਆਪਣੇ ਇਸ ਕਾਰਜ ਵਿੱਚ ਕਾਰਜਸ਼ੀਲ ਹਨ। ਇਸੇ ਲੜੀ ਤਹਿਤ ਡਾ. ਧਰਮ ਸਿੰਘ ਦਾ ਨਾਂਅ ਕਿਸੇ ਜਾਣਕਾਰੀ ਦਾ ਮੁਹਤਾਜ ਨਹੀਂ ਹੈ। ਡਾ. ਧਰਮ ਸਿੰਘ ਹੁਰਾਂ ਦੀ ਹਥਲੀ ਕਿਰਤ 'ਪ੍ਰਗਟ ਭਏ ਗੁਰ ਤੇਗ ਬਹਾਦਰ' ਵੀ ਉਹਨਾਂ ਖੋਜ ਕਾਰਜਾਂ ਵਿਚ ਸ਼ਾਮਲ ਹੈ। ਇਸ ਪੁਸਤਕ ਵਿਚ ਉਹਨਾਂ ਵੱਲੋਂ ਗੁਰੂ ਤੇਗ਼ ਬਹਾਦੁਰ ਸਾਹਿਬ ਦੇ ਜੀਵਨ, ਬਾਣੀ ਅਤੇ ਸ਼ਹਾਦਤ ਨੂੰ ਲੈ ਕੇ ਵੱਖ-ਵੱਖ ਅਠਾਰਾਂ ਖੋਜ ਪੱਤਰ ਪੇਸ਼ ਕੀਤੇ ਹਨ। ਇਸ ਪੁਸਤਕ ਨੂੰ ਵਾਚਦਿਆਂ ਪੁਸਤਕ ਵਿੱਚੋਂ ਨਵੀਆਂ ਲੱਭਤਾਂ ਦੀ ਜਾਣਕਾਰੀ ਹਾਸਲ ਹੋਈ, ਜਿਸ ਵਿਚ ਸ੍ਰੀ ਗੁਰੂ ਅਮਰ ਬਿਲਾਸ, ਕੁਰਬਾਨੀ ਦਾ ਸ਼ਹਿਨਸ਼ਾਹ, ਸ੍ਰੀ ਗੁਰੂ ਅਰਜਨ ਬਿਲਾਸ ਆਦਿ ਸ਼ਾਮਲ ਹਨ। ਪੁਸਤਕ ਰਾਹੀਂ ਬਹੁ-ਸੱਭਿਆਚਾਰਵਾਦ ਦੀ ਗੱਲ ਸਾਹਮਣੇ ਆਈ, ਜਿਸ ਵਿਚ ਭਿੰਨ-ਭਿੰਨ ਲੋਕਾਂ ਦੇ ਰਹਿਣ-ਸਹਿਣ ਅਤੇ ਵਰਤ-ਵਰਤਾਰੇ ਦਾ ਨਾਂਅ ਦੱਸਿਆ ਗਿਆ ਹੈ। ਬੀਰ ਸਾਹਿਤ ਵਿਚ ਜੰਗਨਾਮੇ ਅਤੇ ਵਾਰਾਂ ਦਾ ਜ਼ਿਕਰ ਕੀਤਾ ਗਿਆ ਹੈ। ਪੁਸਤਕ ਵਿਚ ਸਰਬ ਵਿਆਪਕ ਅਤੇ ਸਰਬ ਸ਼ਕਤੀਮਾਨ ਦੀ ਸਿਫਤ ਕਰਦਿਆਂ ਤੇਗ ਬਹਾਦਰ ਸਾਹਿਬ ਦਾ ਸਿੱਖ ਸਰੋਤਾਂ ਵਿਚ ਸਰੂਪ, ਗੁਰੂ ਸਾਹਿਬ ਦਾ ਜਨਮ ਗੁਰੂ ਹਰਗੋਬਿੰਦ ਸਾਹਿਬ ਅਤੇ ਮਾਤਾ ਨਾਨਕੀ ਦੇ ਗ੍ਰਹਿ ਵਿਖੇ 1621 ਨੂੰ ਹੋਇਆ ਦਿਖਾਇਆ ਗਿਆ ਹੈ। ਫਿਰ ਉਹਨਾਂ ਦੀ ਸ੍ਰੀ ਅਨੰਦਪੁਰ ਸਾਹਿਬ ਤੋਂ ਆਰੰਭੀ ਯਾਤਰਾ ਦਾ ਵੀ ਪਤਾ ਲਗਦਾ ਹੈ। ਲੇਖਕ ਨੇ ਦੱਸਿਆ ਹੈ ਕਿ ਭਾਰਤੀ ਇਤਿਹਾਸ ਵਿਚ ਗੁਰੂ ਜੀ ਦੇ ਜੀਵਨ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਦਿਖਾਇਆ ਹੈ। ਪਹਿਲਾ ਗੁਰੂ ਹਰਗੋਬਿੰਦ ਜੀ ਦੀ ਸਰਪ੍ਰਸਤੀ, ਦੂਜਾ ਭਜਨ ਬੰਦਗੀ ਅਤੇ ਤੀਜਾ ਗੁਰੂ ਗੱਦੀ ਦਾ ਸਮਾਂ। ਲੇਖਕ ਨੇ ਗੁਰੂ ਸਾਹਿਬ ਦੇ 350ਵੇਂ ਸ਼ਹੀਦੀ ਦਿਵਸ ਵਜੋਂ ਵਿਦਵਾਨਾਂ ਦੇ ਵਿਚਾਰ ਗੋਚਰੇ ਕੁਝ ਸਵਾਲ ਵੀ ਛੱਡੇ ਹਨ, ਜਿਵੇਂ ਜੀਵਨ ਕਾਲ, ਗੁਰਬਾਣੀ ਉਚਾਰਣ, ਸੀਸ ਦਿੱਲੀ ਤੋਂ ਅਨੰਦਪੁਰ ਸਾਹਿਬ ਲਿਆਉਣਾ ਆਦਿ। ਲੇਖਕ ਵੱਲੋਂ ਪੁਰਾਤਨ ਗ੍ਰੰਥ ਲਿਖੇ ਜਾਣ ਬਾਰੇ ਵੀ ਭਰਪੂਰ ਜਾਣਕਾਰੀ ਮੁਹੱਈਆ ਕਰਵਾਈ ਹੈ। ਪੁਸਤਕ ਵਿਚ ਖੋਜ ਪਾਤਰਾਂ ਵਿਚ ਗੁਰਬਾਣੀ ਦੀਆਂ ਤੁਕਾਂ ਵੀ ਸਮਰਥਨ ਹਿੱਤ ਪੇਸ਼ ਕੀਤੀਆਂ ਹਨ।




**— ਤੇਜਿੰਦਰ ਚੰਡਿਹੋਕ**
ਮੋਬਾ. 95010-00224

# ਡਲਹੌਜ਼ੀ ਵਿਖੇ 34ਵੀਂ ਰਾਮ ਸਰੂਪ ਅਣਖੀ ਕਥਾ ਗੋਸ਼ਟੀ ਸੰਪੰਨ



**ਡਲਹੌਜ਼ੀ** : ਡਲਹੌਜ਼ੀ ਦੇ ਯੂਥ ਹੋਸਟਲ ਵਿਖੇ ਪਿਛਲੇ ਦਿਨੀਂ 'ਕਹਾਣੀ ਪੰਜਾਬ' ਵੱਲੋਂ 34ਵੀਂ ਰਾਮ ਸਰੂਪ ਅਣਖੀ ਸਿਮਰਤੀ ਕਥਾ ਗੋਸ਼ਟੀ ਦਾ ਤਿੰਨ-ਰੋਜ਼ਾ ਸਮਾਗਮ ਕਰਵਾਇਆ ਗਿਆ। ਪ੍ਰੋ. ਕ੍ਰਾਂਤੀਪਾਲ ਦੇ ਸੰਯੋਜਨ ਹੇਠ ਆਯੋਜਿਤ ਇਹ ਗੋਸ਼ਟੀ ਪਿਛਲੇ 35 ਸਾਲਾਂ ਤੋਂ ਵੱਖ-ਵੱਖ ਭਾਰਤੀ ਭਾਸ਼ਾਵਾਂ ਦੇ ਕਥਾਕਾਰਾਂ ਨੂੰ ਇੱਕ ਮੰਚ 'ਤੇ ਲਿਆਉਂਦੀ ਰਹੀ ਹੈ, ਜਿਸ ਦੀ ਸ਼ੁਰੂਆਤ ਪੰਜਾਬੀ ਦੇ ਸਿਰਮੌਰ ਕਥਾਕਾਰ ਰਾਮ ਸਰੂਪ ਅਣਖੀ ਨੇ ਕੀਤੀ ਸੀ। ਪ੍ਰੋਗਰਾਮ ਦੀ ਸ਼ੁਰੂਆਤ ਗੋਸ਼ਟੀ ਦੇ ਸੰਚਾਲਕ, ਕਥਾਕਾਰ ਅਤੇ 'ਸਮਕਾਲੀ ਸਾਹਿਤ' ਦੇ ਸੰਪਾਦਕ ਕੇਸਰਾ ਰਾਮ ਨੇ ਸਮਾਗਮ ਦੀ ਰੂਪ-ਰੇਖਾ ਪੇਸ਼ ਕਰਕੇ ਕੀਤੀ।

ਇਸ ਰਾਸ਼ਟਰੀ ਕਥਾ ਗੋਸ਼ਟੀ ਦੀ ਪ੍ਰਧਾਨਗੀ ਜਾਮੀਆ ਮਿਲੀਆ ਇਸਲਾਮੀਆ ਦੇ ਸੇਵਾਮੁਕਤ ਵਿਭਾਗ ਮੁਖੀ ਅਤੇ ਉੱਘੇ ਸਾਹਿਤਕਾਰ ਪ੍ਰੋ. ਅਬਦੁਲ ਬਿਸਮਿੱਲਾਹ ਨੇ ਕੀਤੀ। ਉਦਘਾਟਨੀ ਸੈਸ਼ਨ ਵਿੱਚ ਅਣਖੀ ਜੀ ਦੇ ਰਚਨਾ-ਸੰਸਾਰ ਨੂੰ ਰੇਖਾਂਕਿਤ ਕਰਦਿਆਂ ਉਨ੍ਹਾਂ ਕਿਹਾ ਕਿ ਅਣਖੀ ਜੀ ਪੰਜਾਬੀ ਦੇ ਉਨ੍ਹਾਂ ਵਿਰਲੇ ਕਥਾਕਾਰਾਂ ਵਿੱਚੋਂ ਹਨ, ਜਿਨ੍ਹਾਂ ਨੂੰ ਹੋਰਨਾਂ ਭਾਰਤੀ ਭਾਸ਼ਾਵਾਂ ਵਿੱਚ ਵੱਡੇ ਪੱਧਰ 'ਤੇ ਪੜ੍ਹਿਆ ਅਤੇ ਅਨੁਵਾਦ ਕੀਤਾ ਗਿਆ। ਤਿੰਨਾਂ ਦਿਨਾਂ ਦੌਰਾਨ ਕੁੱਲ ਚਾਰ ਵਿਚਾਰ-ਉਤੇਜਕ ਸੈਸ਼ਨ ਆਯੋਜਿਤ ਕੀਤੇ ਗਏ। ਦੂਜੇ ਸੈਸ਼ਨ ਵਿੱਚ ਜੰਮੂ ਤੋਂ ਆਏ ਕਥਾਕਾਰ ਹਰਦੀਪ ਸਿੰਘ ਦੀਪ ਨੇ ਪੰਜਾਬੀ ਕਹਾਣੀ 'ਆਪ ਨੇ ਬਹੁਤ ਦੇਰ ਕਰ ਦੀ', ਕਸ਼ਮੀਰੀ ਕਥਾਕਾਰ ਡੌਲੀ ਤਿੱਕੂ ਆਰਵਲ ਨੇ 'ਸ਼ਿਕਾਰੇ ਕਾ ਸੰਨਾਟਾ' ਅਤੇ ਡੋਗਰੀ ਕਥਾਕਾਰ ਰਾਜ ਰਾਹੀ ਨੇ 'ਪੁਰਾਣੇ ਜ਼ਖ਼ਮਾਂ ਦਾ ਦਰਦ' ਦਾ ਪਾਠ ਕੀਤਾ। ਤੀਜੇ ਸੈਸ਼ਨ ਵਿੱਚ ਰਾਜਸਥਾਨੀ ਕਥਾਕਾਰ ਰਾਮੇਸ਼ਵਰ ਗੋਦਾਰਾ ਨੇ 'ਕਟੁਵਾ, ਕਾਫ਼ਿਰ ਉਰਫ਼...', ਨੌਜਵਾਨ ਉਰਦੂ ਕਥਾਕਾਰ ਅਬਦੁਰ ਰਹਿਮਾਨ ਸਫ਼ੀ ਨੇ 'ਰੱਜੋ' ਅਤੇ ਪੰਜਾਬੀ ਕਥਾਕਾਰ ਗੁਰਮੀਤ ਕੜਿਆਲਵੀ ਨੇ 'ਪਿੰਜਰਾ' ਕਹਾਣੀ ਪੜ੍ਹੀ। ਚੌਥੇ ਸੈਸ਼ਨ ਵਿੱਚ ਦਿਨੇਸ਼ ਕਰਨਾਟਕ ਨੇ 'ਕੁਮਾਊਂ ਟ੍ਰੈਵਲਜ਼' (ਹਿੰਦੀ), ਕਮਲ ਰਾਂਚੀ ਨੇ 'ਬੀਮਾਰ ਦੇਸ਼ ਉਰਫ਼ ਫੇਂਕਨਾ, ਫਸਾਨਾ ਔਰ ਬੁਲਸ਼ਿਟ' (ਹਿੰਦੀ), ਜਗਦੀਪ ਦੂਬੇ ਨੇ 'ਬਾਬਰ, ਸ਼੍ਰਵਣ, ਫੰਦੀ ਔਰ ਵਹ' (ਡੋਗਰੀ) ਅਤੇ ਬਲਵਿੰਦਰ ਬੁਲੇਟ ਨੇ 'ਲਹੂ-ਲੁਹਾਣ' (ਪੰਜਾਬੀ) ਕਹਾਣੀ ਦਾ ਪ੍ਰਭਾਵਸ਼ਾਲੀ ਪਾਠ ਕੀਤਾ।

ਪੜ੍ਹੀਆਂ ਗਈਆਂ ਸਾਰੀਆਂ ਦਸ ਕਹਾਣੀਆਂ ਵਿੱਚ ਮਾਨਵੀ ਰਿਸ਼ਤੇ, ਵਿਸਥਾਪਨ, ਪਰਵਾਸ ਅਤੇ ਸਮਕਾਲੀ ਸਮਾਜਿਕ-ਸਿਆਸੀ ਯਥਾਰਥ ਮੁੱਖ ਵਿਸ਼ੇ ਬਣ ਕੇ ਉੱਭਰੇ। ਹਰੇਕ ਪਾਠ ਤੋਂ ਬਾਅਦ ਕਹਾਣੀ ਦੀ ਬਣਤਰ, ਸ਼ਿਲਪ ਅਤੇ ਕਥਾ-ਵਸਤੂ 'ਤੇ ਗੰਭੀਰ ਸੰਵਾਦ ਰਚਾਇਆ ਗਿਆ। ਖੁੱਲ੍ਹੀ ਵਿਚਾਰ-ਚਰਚਾ ਵਿੱਚ ਜਾਮੀਆ ਦੇ ਹਿੰਦੀ ਵਿਭਾਗ ਤੋਂ ਡਾ. ਮੁਕੇਸ਼ ਮਿਰੋਠਾ, ਕਥਾਕਾਰ ਅਰੁਣ ਕੁਮਾਰ ਅਸਫਲ, ਡਾ. ਸਤਨਾਮ ਸਿੰਘ ਜੱਸਲ, ਹਰੀਸ਼ ਬਰਨਾਲਾ, ਦੀਪ ਜਗਦੀਪ, ਭੁਪਿੰਦਰ ਸਿੰਘ ਬੇਦੀ, ਪ੍ਰੋ. ਨੀਲਾਭ, ਸਰਬਜੀਤ ਸਵਾਮੀ, ਵਿਜੇਂਦਰ ਵਿੰਟਾ, ਡਾ. ਦਇਆ ਸਿੰਘ ਅਤੇ ਭਾਰਤੀ ਦੱਤ ਸਮੇਤ ਸਾਰੇ ਸ਼ਾਮਲ ਕਹਾਣੀਕਾਰਾਂ ਨੇ ਆਪਣੀਆਂ ਆਲੋਚਨਾਤਮਕ ਟਿੱਪਣੀਆਂ ਅਤੇ ਸੁਝਾਅ ਸਾਂਝੇ ਕੀਤੇ। ਸਮਾਗਮ ਦੀ ਸਮਾਪਤੀ ਮੌਕੇ ਪ੍ਰਧਾਨਗੀ ਭਾਸ਼ਣ ਦਿੰਦਿਆਂ ਪ੍ਰੋ. ਅਬਦੁਲ ਬਿਸਮਿੱਲਾਹ ਨੇ ਆਪਣੇ ਜਾਣੇ-ਪਛਾਣੇ ਬੇਬਾਕ ਅੰਦਾਜ਼ ਵਿੱਚ ਕਹਾਣੀਆਂ ਦੀ ਨਿਰਪੱਖ ਸਮੀਖਿਆ ਕੀਤੀ। ਉਨ੍ਹਾਂ ਕਿਹਾ ਕਿ ਇਸ ਆਯੋਜਨ ਦਾ ਮੁੱਖ ਮਕਸਦ ਵੱਖ-ਵੱਖ ਭਾਰਤੀ ਭਾਸ਼ਾਵਾਂ ਦੇ ਰਚਨਾਕਾਰਾਂ ਦਰਮਿਆਨ ਜਿਊਂਦਾ-ਜਾਗਦਾ ਸੰਵਾਦ ਅਤੇ ਸਾਂਝੀ ਸੰਵੇਦਨਾ ਦਾ ਵਿਕਾਸ ਕਰਨਾ ਹੈ। ਅੰਤ ਵਿੱਚ ਸੰਯੋਜਕ ਪ੍ਰੋ. ਕ੍ਰਾਂਤੀਪਾਲ ਨੇ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਹਾਜ਼ਰ ਸਾਹਿਤਕਾਰਾਂ ਨੂੰ ਯਾਦ-ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ। —ਕੇਸਰਾ ਰਾਮ

# ਕੇਂਦਰੀ ਪੰਜਾਬੀ ਲੇਖਕ ਸਭਾ ਦੀਆਂ ਚੋਣਾਂ 'ਚ 'ਜੱਜ-ਵਿਦਿਆਰਥੀ' ਪੈਨਲ ਨੂੰ ਜਿਤਾਉਣ ਦੀ ਅਪੀਲ





**ਜਲੰਧਰ**- ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੀਆਂ 25 ਅਕਤੂਬਰ ਨੂੰ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਖੇ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ ਹੋ ਰਹੀਆਂ ਚੋਣਾਂ ਵਿੱਚ ਪੰਜਾਬ, ਚੰਡੀਗੜ੍ਹ, ਹਰਿਆਣਾ, ਜੰਮੂ ਅਤੇ ਦਿੱਲੀ ਦੇ ਨਾਮਵਰ ਲੇਖਕਾਂ ਨੇ ਸੁਰਜੀਤ ਜੱਜ-ਹਰਮੀਤ ਵਿਦਿਆਰਥੀ ਅਤੇ ਉਨ੍ਹਾਂ ਦੇ ਪੈਨਲ ਨੂੰ ਜਿਤਾਉਣ ਲਈ ਕੇਂਦਰੀ ਸਭਾ ਨਾਲ ਜੁੜੇ ਸਮੂਹ ਲੇਖਕਾਂ ਨੂੰ ਅਪੀਲ ਕੀਤੀ ਹੈ। ਉਪਰੋਕਤ ਪੈਨਲ ਵਿੱਚ ਪ੍ਰਧਾਨ ਦੇ ਅਹੁਦੇ ਲਈ ਸੁਰਜੀਤ ਜੱਜ, ਜਨਰਲ ਸਕੱਤਰ ਦੇ ਅਹੁਦੇ ਲਈ ਹਰਮੀਤ ਵਿਦਿਆਰਥੀ, ਸੀਨੀਅਰ ਮੀਤ ਪ੍ਰਧਾਨ ਦੇ ਅਹੁਦੇ ਲਈ ਡਾ. ਗੁਰਵਿੰਦਰ ਅਮਨ, ਮੀਤ ਪ੍ਰਧਾਨ ਦੇ ਅਹੁਦੇ ਲਈ ਸ਼ਬਦੀਸ਼, ਬਲਦੇਵ ਸਿੰਘ ਬੱਲੀ, ਪਾਲ ਗੁਰਦਾਸਪੁਰੀ ਤੇ ਬਲਵਿੰਦਰ ਸਿੰਘ ਭੁੱਲਰ, ਸਕੱਤਰ ਦੇ ਅਹੁਦੇ ਲਈ ਕਰਮ ਸਿੰਘ ਵਕੀਲ, ਸੁੱਚਾ ਸਿੰਘ ਰੰਧਾਵਾ, ਤਰਲੋਚਨ ਝਾਂਡੇ ਅਤੇ ਮਨਦੀਪ ਕੌਰ ਰਿੰਪੀ ਚੋਣ ਲੜ ਰਹੇ ਹਨ।

ਅਪੀਲ ਕਰਨ ਵਾਲਿਆਂ ਵਿੱਚ ਡਾ. ਸਵਰਾਜਬੀਰ, ਡਾ. ਸੁਖਦੇਵ ਸਿੰਘ ਸਿਰਸਾ, ਡਾ. ਸਰਬਜੀਤ ਸਿੰਘ, ਡਾ. ਅਨੂਪ ਸਿੰਘ, ਡਾ. ਪਾਲ ਕੌਰ, ਕੁਲਦੀਪ ਸਿੰਘ ਦੀਪ, ਜਸਪਾਲ ਮਾਨਖੇੜਾ, ਡਾ. ਹਰਵਿੰਦਰ ਸਿਰਸਾ, ਡਾ. ਅਰਵਿੰਦਰ ਕੌਰ ਕਾਕੜਾ, ਮੱਖਣ ਮਾਨ, ਸੁਰਿੰਦਰ ਨੀਰ, ਖ਼ਾਲਿਦ ਹੁਸੈਨ, ਅਤਰਜੀਤ, ਭਗਵੰਤ ਰਸੂਲਪੁਰੀ, ਬਲਬੀਰ ਪਰਵਾਨਾ, ਜਿੰਦਰ, ਡਾ. ਜਸਪਾਲ ਸਿੰਘ ਰੰਧਾਵਾ, ਬਲਬੀਰ ਮਾਧੋਪੁਰੀ, ਡਾ. ਰਵੇਲ ਸਿੰਘ, ਡਾ. ਵਨੀਤਾ, ਕੇਸਰਾ ਰਾਮ, ਮੋਹਨ ਲਾਲ ਫਿਲੌਰੀਆਂ, ਡਾ. ਰਾਮ ਮੂਰਤੀ, ਕੁਲਦੀਪ ਸਿੰਘ ਬੇਦੀ, ਜੋਗਿੰਦਰ ਸਿੰਘ ਸੰਧੂ, ਡਾ. ਗੁਲਜਾਰ ਸਿੰਘ ਪੰਧੇਰ, ਨਵਤੇਜ ਗੜ੍ਹਦੀਵਾਲਾ, ਗੁਰਮੀਤ ਕੜਿਆਲਵੀ, ਗੁਰਮੀਤ, ਡਾ. ਕੁਲਵੰਤ ਸਿੰਘ ਸੰਧੂ, ਭੁਪਿੰਦਰ ਕੌਰ ਪ੍ਰੀਤ ਅਤੇ ਹੋਰ ਬਹੁਤ ਸਾਰਿਆ ਨੇ ਸਾਂਝੇ ਤੌਰ ਤੇ ਜੱਜ-ਵਿਦਿਆਰਥੀ ਪੈਨਲ ਨੂੰ ਜਿਤਾਉਣ ਲਈ ਲੇਖਕਾਂ ਨੂੰ ਭਰਪੂਰ ਅਪੀਲ ਕੀਤੀ ਹੈ।

# 'ਮੁਸਾਫ਼ਿਰ ਖ਼ਾਨਾ' ਕਾਵਿ-ਸੰਗ੍ਰਹਿ ਲੋਕ ਅਰਪਣ



**ਭੀਖੀ**-ਖਾਲਸਾ ਤ੍ਰੈ-ਸ਼ਤਾਬਦੀ ਸਰਕਾਰੀ ਕਾਲਜ, ਰਤੀਆ ਵਿਖੇ ਕਵਿੱਤਰੀ ਹਰਬੰਸ ਕੌਰ ਦੇ ਕਾਵਿ-ਸੰਗ੍ਰਹਿ 'ਮੁਸਾਫ਼ਿਰ ਖ਼ਾਨਾ' ਦਾ ਲੋਕ ਅਰਪਣ ਅਤੇ ਵਿਚਾਰ ਗੋਸ਼ਟੀ ਦਾ ਆਯੋਜਨ ਕੀਤਾ ਗਿਆ।ਕਾਲਜ ਦੀ ਪ੍ਰਿੰਸੀਪਲ ਡਾ. ਸੁਮਿਤਰਾ ਸਾਂਗਵਾਨ ਦੀ ਪ੍ਰਧਾਨਗੀ ਹੇਠ ਕਾਲਜ ਦੇ ਪੰਜਾਬੀ ਵਿਭਾਗ ਵੱਲੋਂ ਕੀਤਾ ਗਿਆ।ਡਾ. ਸਾਂਗਵਾਨ ਨੇ ਦੱਸਿਆ ਕਿ ਇਸ ਪ੍ਰੋਗਰਾਮ ਦਾ ਉਦੇਸ਼ ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ ਅਤੇ ਸਮਕਾਲੀ ਸਮਾਜਿਕ ਸਰੋਕਾਰਾਂ ਸੰਬੰਧੀ ਸਾਰਥਿਕ ਸੰਵਾਦ ਸਥਾਪਤ ਕਰਨਾ ਹੈ। ਪ੍ਰੋਗਰਾਮ ਦੀ ਰੂਪ-ਰੇਖਾ ਡਾ. ਬੀਰਬਲ ਸਿੰਘ, ਮੁਖੀ ਪੰਜਾਬੀ ਵਿਭਾਗ ਵੱਲੋਂ ਪੇਸ਼ ਕੀਤੀ ਗਈ। ਇਸ ਮੌਕੇ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਪ੍ਰੋ. ਸੋਮਾ ਸਿੰਘ, ਸਹਾਇਕ ਪ੍ਰੋਫ਼ੈਸਰ ਪੰਜਾਬੀ ਨੇ ਨਿਭਾਈ।ਵਿਚਾਰ ਗੋਸ਼ਟੀ ਦੌਰਾਨ 'ਮੁਸਾਫ਼ਿਰ ਖ਼ਾਨਾ' ਕਾਵਿ-ਸੰਗ੍ਰਹਿ ਦੇ ਵੱਖ-ਵੱਖ ਸਾਹਿਤਕ, ਦਾਰਸ਼ਨਿਕ ਅਤੇ ਸਮਾਜਿਕ ਪੱਖਾਂ 'ਤੇ ਖੋਜ-ਆਧਾਰਤ ਚਰਚਾ ਕੀਤੀ ਗਈ। ਡਾ. ਪ੍ਰਿਆ ਰਾਣੀ ਨੇ 'ਮੁਸਾਫ਼ਿਰ ਖ਼ਾਨਾ ਕਾਵਿ-ਸੰਗ੍ਰਹਿ ਦੀ ਕਾਵਿ-ਚੇਤਨਾ' ਵਿਸ਼ੇ 'ਤੇ ਆਪਣਾ ਖੋਜ-ਪੱਤਰ ਪੇਸ਼ ਕਰਦਿਆਂ ਕਵਿੱਤਰੀ ਦੀ ਕਾਵਿ-ਦ੍ਰਿਸ਼ਟੀ, ਸੰਵੇਦਨਾ ਅਤੇ ਸਮਕਾਲੀ ਜੀਵਨ ਦੇ ਵੱਖ-ਵੱਖ ਪੱਖਾਂ ਨੂੰ ਉਜਾਗਰ ਕੀਤਾ।ਪ੍ਰੋ. ਸੋਮਾ ਸਿੰਘ, 'ਮੁਸਾਫ਼ਿਰ ਖ਼ਾਨਾ ਕਾਵਿ-ਸੰਗ੍ਰਹਿ ਦੀਆਂ ਦਾਰਸ਼ਨਿਕ ਪਰਤਾਂ' ਵਿਸ਼ੇ 'ਤੇ ਆਪਣੇ ਖੋਜ-ਪੱਤਰ ਰਾਹੀਂ ਜੀਵਨ, ਹੋਂਦ, ਸੰਘਰਸ਼, ਮਾਨਵੀ ਸੰਵੇਦਨਾ ਅਤੇ ਦਰਸ਼ਨ ਨਾਲ ਜੁੜੇ ਵੱਖ-ਵੱਖ ਪੱਖਾਂ 'ਤੇ ਚਾਨਣਾ ਪਾਇਆ। ਇਸੇ ਤਰ੍ਹਾਂ ਪ੍ਰੋ. ਕਿਰਨਾ, ਸਹਾਇਕ ਪ੍ਰੋਫ਼ੈਸਰ, ਪੰਜਾਬੀ ਨੇ 'ਮੁਸਾਫ਼ਿਰ ਖ਼ਾਨਾ ਕਾਵਿ-ਸੰਗ੍ਰਹਿ ਦੇ ਮੂਲ ਸਰੋਕਾਰ' ਵਿਸ਼ੇ 'ਤੇ ਆਪਣੇ ਵਿਚਾਰ ਪੇਸ਼ ਕਰਦਿਆਂ ਰਚਨਾ ਵਿੱਚ ਪ੍ਰਗਟ ਸਮਾਜਿਕ, ਸੱਭਿਆਚਾਰਕ ਅਤੇ ਮਾਨਵੀ ਸਰੋਕਾਰਾਂ ਨੂੰ ਰੇਖਾਂਕਿਤ ਕੀਤਾ।ਗੋਸ਼ਟੀ ਦੌਰਾਨ ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਵਰਤਮਾਨ ਸਥਿਤੀ, ਔਰਤ ਦੀ ਸਮਾਜਿਕ ਸਥਿਤੀ, ਪੰਜਾਬੀ ਸੱਭਿਆਚਾਰ ਅਤੇ ਲੋਕ-ਜੀਵਨ, ਸਮਾਜਿਕ ਅਤੇ ਰਾਜਨੀਤਿਕ ਪ੍ਰਸਥਿਤੀਆਂ, ਮਾਨਵੀ ਸੰਵੇਦਨਾਵਾਂ 'ਤੇ ਵੀ ਸਾਰਥਕ ਵਿਚਾਰ-ਵਟਾਂਦਰਾ ਹੋਇਆ।ਪ੍ਰੋਗਰਾਮ ਦੇ ਅੰਤ ਵਿੱਚ ਡਾ. ਬੀਰਬਲ ਸਿੰਘ, ਮੁਖੀ ਪੰਜਾਬੀ ਵਿਭਾਗ ਨੇ ਸਭ ਦਾ ਧੰਨਵਾਦ ਕੀਤਾ।

# ਬਠਿੰਡਾ ਵਿਖੇ ਨੈਸ਼ਨਲ ਥੀਏਟਰ ਫੈਸਟੀਵਲ

**ਬਠਿੰਡਾ**-ਇਥੇ ਥੀਏਟਰ ਗਰੁੱਪ ਨਾਟਿਅਮ ਦਾ 15ਵਾਂ ਨੈਸ਼ਨਲ ਥੀਏਟਰ ਫੈਸਟੀਵਲ ਆਪਣੀਆਂ ਯਾਦਗਾਰੀ ਅਤੇ ਅਮਿੱਟ ਪੈੜਾਂ ਛੱਡਦਾ ਹੋਇਆ ਸਫਲਤਾਪੂਰਵਕ ਸੰਪੰਨ ਹੋ ਗਿਆ। 26 ਸਤੰਬਰ ਤੋਂ 10 ਅਕਤੂਬਰ ਤੱਕ ਚੱਲੇ ਇਸ 15 ਰੋਜ਼ਾ ਫੈਸਟੀਵਲ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਰਹੀ ਕਿ ਇਸ ਨੇ ਬਠਿੰਡਾ ਵਿੱਚ ਰੰਗਮੰਚ ਦਾ ਸੱਭਿਆਚਾਰ ਪੈਦਾ ਕਰ ਦਿੱਤਾ ਹੈ, ਜਿਸ ਦੀ ਗਵਾਹੀ ਲਗਾਤਾਰ 15 ਦਿਨ ਦਰਸ਼ਕਾਂ ਨਾਲ ਖਚਾਖਚ ਭਰਿਆ ਰਿਹਾ 850 ਲੋਕਾਂ ਦੀ ਸਮਰੱਥਾ ਵਾਲਾ ਬਲਵੰਤ ਗਾਰਗੀ ਆਡੀਟੋਰੀਅਮ ਦਿੰਦਾ ਹੈ। ਵੱਡੀ ਗਿਣਤੀ ਵਿੱਚ ਲੋਕਾਂ ਨੂੰ ਆਡੀਟੋਰੀਅਮ ਦੀਆਂ ਪੌੜੀਆਂ ਉੱਤੇ ਬੈਠ ਕੇ ਵੀ ਨਾਟਕ ਦੇਖਣੇ ਪਏ ਹਨ।ਇਸ ਵਾਰ ਵੀ ਨੈਸ਼ਨਲ ਥੀਏਟਰ ਫੈਸਟੀਵਲ ਵਿੱਚ ਪੰਜਾਬ ਤੋਂ ਇਲਾਵਾ ਕਰੀਬ ਦਸ ਰਾਜਾਂ ਦੀਆਂ ਟੀਮਾਂ ਨੇ ਆਪਣੇ ਨਾਟਕ ਪੇਸ਼ ਕੀਤੇ। ਜਿਸ ਵਿੱਚ ਫੋਰਥ ਵਾਲ, ਜੈਪੁਰ ਦੀ ਟੀਮ ਵੱਲੋਂ 'ਐਂਗਰੀਮੈਨ', ਥੀਏਟਰ ਫਾਰ ਥਿਏਟਰ, ਚੰਡੀਗੜ੍ਹ 'ਸਲਵਾਨ', ਸਮਵਕਾਰ, ਵਾਰਾਨਸੀ ਦੀ ਟੀਮ ਨੇ 'ਗਗਨ ਦਮਾਮਾ ਬਾਜਿਓ', ਏਕਲਵਿਆ, ਦੇਹਰਾਦੂਨ ਦੀ ਟੀਮ ਨੇ 'ਖਿੜਕੀ', ਸੈਂਟਰਲ ਯੂਨੀਵਰਸਿਟੀ ਆਫ ਪੰਜਾਬ, ਬਠਿੰਡਾ ਦੀ ਟੀਮ ਨੇ 'ਬਾਬੇ ਘਸੀਟੇ ਦੀ ਨਾਟਕ ਮੰਡਲੀ' ਅਤੇ 'ਦਾ ਗਰੇਟ ਰਾਜਾ ਮਾਸਟਰ ਡਰਾਮਾ ਕੰਪਨੀ', ਰੰਗ ਮਸਤਾਨੇ ਗਰੁੱਪ, ਜੈਪੁਰ ਦੀ ਟੀਮ ਨੇ 'ਮਹਾਰਥੀ', ਚੇਤਨਾ ਰੰਗ ਸਮੂਹ, ਭੋਪਾਲ ਦੀ ਟੀਮ ਨੇ 'ਬੈਟਰ ਹਾਫ', ਨਿਊ ਉਥਾਨ ਗਰੁੱਪ, ਕੁਰੂਕਸ਼ੇਤਰਾ ਦੀ ਟੀਮ ਨੇ 'ਛੋੜੋ ਕਲ ਕੀ ਬਾਤੇਂ", ਨਟਰੰਗ ਗਰੁੱਪ, ਜੰਮੂ ਕਸ਼ਮੀਰ ਦੀ ਟੀਮ ਨੇ 'ਆਪ ਹਮਾਰੇ ਹੈਂ ਕੌਨ', ਟਰਾਇਓਲੋਜੀ ਥਿਏਟਰ, ਮੁੰਬਈ ਦੀ ਟੀਮ ਨੇ 'ਏ ਫੇਅਰ ਅਫੇਅਰ', ਇੰਸਟੀਚਿਊਟ ਆਫ ਫੈਕਚੁਅਲ ਥੀਏਟਰ ਆਰਟਸ, ਕੋਲਕਾਤਾ ਦੀ ਟੀਮ ਨੇ 'ਦਾਲੀਆ', ਅਭਿਨੈ ਰੰਗ ਮੰਚ, ਹਿਸਾਰ ਦੀ ਟੀਮ ਨੇ 'ਹਨੂਮਾਨ ਇਨਸਾਈਡ ਮੀ', ਪ੍ਰਤੀਕ ਆਰਟਸ ਥੀਏਟਰ, ਮੁੰਬਈ ਦੀ ਟੀਮ ਨੇ 'ਮਸਾਜ' ਅਤੇ ਨਾਟਿਅਮ ਦੀ ਟੀਮ ਨੇ 'ਡੈਡਜ਼ ਗਰਲ



ਫਰੈਂਡ' ਨਾਟਕ ਦਾ ਮੰਚਨ ਕੀਤਾ। ਪਿਛਲੇ 15 ਸਾਲਾਂ ਤੋਂ ਲਗਾਤਾਰ ਕਰਵਾਇਆ ਜਾ ਰਿਹਾ ਨਾਟਿਅਮ ਦਾ ਇਹ ਫੈਸਟੀਵਲ ਪੰਜਾਬ ਦੇ ਸਭ ਤੋਂ ਲੰਬੇ ਸਮੇਂ ਤੱਕ ਚੱਲਣ ਵਾਲੇ ਥੀਏਟਰ ਫੈਸਟੀਵਲਾਂ ਵਿੱਚ ਵਿਲੱਖਣ ਸਥਾਨ ਰੱਖਦਾ ਹੈ। ਪੰਜਾਬ ਵਿੱਚ ਇਸ ਤਰ੍ਹਾਂ ਦਾ 15 ਰੋਜ਼ਾ ਫੈਸਟੀਵਲ ਹੋਰ ਕਿਤੇ ਆਯੋਜਿਤ ਨਹੀਂ ਕੀਤਾ ਜਾਂਦਾ। ਨਾਟਿਅਮ ਦੇ ਇਸ ਉੱਚ ਪੱਧਰ ਦੇ ਆਯੋਜਨ ਨੂੰ ਲੈ ਕੇ ਇਸ ਵਾਰ ਕਾਰੋਬਾਰੀਆਂ ਅਤੇ ਉਦਯੋਗਪਤੀਆਂ ਨੇ ਆਯੋਜਕਾਂ ਦੀ ਅਪੀਲ 'ਤੇ ਬਿਨਾਂ ਕਿਸੇ ਝਿਜਕ ਦੇ ਆਰਥਿਕ ਸਹਿਯੋਗ ਦਿੱਤਾ। ਰੋਜ਼ ਗਾਰਡਨ ਸਥਿਤ ਓਪਨ ਏਅਰ ਥੀਏਟਰ ਵਿੱਚ ਨਾਟਕ ਕਰਦਿਆਂ ਨਾਟਿਅਮ ਵੱਲੋਂ ਲਗਾਤਾਰ ਇੱਥੇ ਆਧੁਨਿਕ ਆਡੀਟੋਰੀਅਮ ਬਣਾਉਣ ਦੀ ਮੰਗ ਉਠਾਈ ਜਾਂਦੀ ਰਹੀ। ਬਲਵੰਤ ਗਾਰਗੀ ਆਡੀਟੋਰੀਅਮ ਦਾ ਨਾਂਅ ਹੁਣ ਪ੍ਰਮੁੱਖਤਾ ਨਾਲ ਲਿਆ ਜਾਂਦਾ ਹੈ। ਇੱਥੇ ਨਾਟਕ ਪੇਸ਼ ਕਰਨ ਆਉਣ ਵਾਲੀਆਂ ਦੇਸ਼ ਭਰ ਦੀਆਂ ਟੀਮਾਂ ਦੇ ਕਲਾਕਾਰ ਇਸ ਦੀ ਬਣਤਰ ਅਤੇ ਸਹੂਲਤਾਂ ਤੋਂ ਪ੍ਰਭਾਵਿਤ ਹੋ ਕੇ ਜਾਂਦੇ ਹਨ। ਇਸ ਵਾਰ ਅਦਾਕਾਰ ਰਾਕੇਸ਼ ਬੇਦੀ ਵੀ ਇਸ ਆਡੀਟੋਰੀਅਮ ਤੋਂ ਬੇਹੱਦ ਪ੍ਰਭਾਵਿਤ ਹੋਏ। ਉਨ੍ਹਾਂ ਦੱਸਿਆ ਕਿ ਉਹ ਪਿਛਲੇ ਦਿਨੀਂ ਸਿਡਨੀ ਵਿੱਚ ਵੀ ਇਸੇ ਨਾਟਕ ਦਾ ਸ਼ੋਅ ਕਰਕੇ ਆਏ ਹਨ, ਪਰ ਉੱਥੇ ਵੀ ਅਜਿਹਾ ਆਡੀਟੋਰੀਅਮ ਦੇਖਣ ਨੂੰ ਨਹੀਂ ਮਿਲਿਆ। ਉਨ੍ਹਾ ਕਿਹਾ ਕਿ ਦੇਸ਼ ਵਿੱਚ ਇਸ ਤਰ੍ਹਾਂ ਦੇ ਸਰਕਾਰੀ ਆਡੀਟੋਰੀਅਮ ਦੀ ਮਿਸਾਲ ਮਿਲਣੀ ਮੁਸ਼ਕਲ ਹੈ। ਨਾਟਿਅਮ ਦੇ ਡਾਇਰੈਕਟਰ ਕੀਰਤੀ ਕਿਰਪਾਲ ਦਾ ਕਹਿਣਾ ਹੈ ਕਿ ਉਹ ਪੰਜਾਬ ਤੋਂ ਇਲਾਵਾ ਹੋਰਨਾਂ ਰਾਜਾਂ ਵਿੱਚ ਵੀ ਨਾਟਕਾਂ ਦੇ ਸ਼ੋਅ ਕਰਨ ਜਾਂਦੇ ਹਨ, ਪਰ ਬਠਿੰਡਾ ਦੇ ਨੈਸ਼ਨਲ ਥੀਏਟਰ ਫੈਸਟੀਵਲ ਦੌਰਾਨ ਲਗਾਤਾਰ 15 ਦਿਨ ਜਿਸ ਵੱਡੀ ਗਿਣਤੀ ਵਿੱਚ ਦਰਸ਼ਕ ਨਾਟਕ ਦੇਖਣ ਪਹੁੰਚਦੇ ਹਨ, ਅਜਿਹਾ ਹੁੰਗਾਰਾ ਹੋਰ ਕਿਤੇ ਨਹੀਂ ਮਿਲਦਾ। ਇਸ ਯਾਦਗਾਰੀ ਸਫਲਤਾ ਲਈ ਡਾਇਰੈਕਟਰ ਕੀਰਤੀ ਕਿਰਪਾਲ, ਮੁੱਖ ਸਰਪ੍ਰਸਤ ਡਾ. ਕਸ਼ਿਸ਼ ਗੁਪਤਾ, ਪ੍ਰਧਾਨ ਸੁਰਿੰਦਰ ਕੌਰ, ਸਰਪ੍ਰਸਤ ਸੁਦਰਸ਼ਨ ਗੁਪਤਾ ਅਤੇ ਸਭ ਤੋਂ ਵੱਧ ਭੱਜ-ਦੌੜ ਕਰਕੇ ਪੁਖਤਾ ਪ੍ਰਬੰਧ ਕਰਨ ਵਾਲੇ ਫੈਸਟੀਵਲ ਡਾਇਰੈਕਟਰ ਗੁਰਨੂਰ ਸਿੰਘ ਸਮੇਤ ਸਮੁੱਚੀ ਟੀਮ ਵਧਾਈ ਦੀ ਹੱਕਦਾਰ ਹੈ। ਇਹ ਫੈਸਟੀਵਲ ਸਾਬਤ ਕਰਦਾ ਹੈ ਕਿ ਲੋਕਾਂ ਦੇ ਸਹਿਯੋਗ, ਕਲਾ ਪ੍ਰਤੀ ਸਮਰਪਣ ਅਤੇ ਲਗਾਤਾਰ ਯਤਨਾਂ ਨਾਲ ਕਿਸੇ ਸ਼ਹਿਰ ਦੀ ਸੱਭਿਆਚਾਰਕ ਪਛਾਣ ਨੂੰ ਨਵੀਆਂ ਉਚਾਈਆਂ ਤੱਕ ਪਹੁੰਚਾਇਆ ਜਾ ਸਕਦਾ ਹੈ।

# ਜਸਵਿੰਦਰ ਰੱਤੀਆਂ ਦੀ ਪੁਸਤਕ 'ਲੱਕੜ ਦੇ ਸਿਰ' ਲੋਕ ਅਰਪਣ

**ਮੋਗਾ**-ਇੰਗਲੈਂਡ ਰਹਿੰਦੇ ਨਾਵਲਕਾਰ ਕਹਾਣੀਕਾਰ ਜਸਵਿੰਦਰ ਰੱਤੀਆਂ ਦੀ ਨਵੀਂ ਕਥਾ ਪੁਸਤਕ 'ਲੱਕੜ ਦੇ ਸਿਰ' ਦਾ ਲੋਕ ਅਰਪਣ ਨਾਵਲਕਾਰ ਬਲਦੇਵ ਸਿੰਘ, ਗੁਰਮੀਤ ਕੜਿਆਲਵੀ, ਡਾ. ਸੁਰਜੀਤ ਬਰਾੜ, ਡਾ. ਅਜੀਤਪਾਲ ਜਟਾਣਾ, ਨਵਨੀਤ ਸਿੰਘ ਸੇਖਾ, ਵਿਜੇ ਕੁਮਾਰ ਮਿੱਤਲ, ਗੁਰਚਰਨ ਸਿੰਘ ਸੰਘਾ, ਦਰਸ਼ਨ ਸਿੰਘ ਦੋਸਾਂਝ, ਗੁਰਮੀਤ ਸਿੰਘ, ਡਾਕਟਰ ਹਰਨੇਕ ਸਿੰਘ ਰੋਡੇ, ਜਗੀਰ ਸਿੰਘ ਖੋਖਰ ਅਤੇ ਗਿਆਨ ਸਿੰਘ ਨੇ ਕੀਤੀ। ਪੁਸਤਕ ਬਾਰੇ ਸੰਖੇਪ ਜਾਣਕਾਰੀ ਗੁਰਮੀਤ ਕੜਿਆਲਵੀ ਨੇ ਦਿੱਤੀ। ਸ਼੍ਰੋਮਣੀ ਸਾਹਿਤਕਾਰ ਬਲਦੇਵ ਸਿੰਘ ਨੇ ਕਿਹਾ ਕਿ ਜਸਵਿੰਦਰ ਰੱਤੀਆਂ ਲੋਕ ਪੱਖੀ ਸਾਹਿਤਕਾਰ ਹੈ, ਜਿਸ ਦੀ ਰਚਨਾਕਾਰੀ ਸਮਾਜ ਦੇ ਪੀੜਤ ਵਰਗ ਦੇ ਦੁੱਖਾਂ-ਦਰਦਾਂ ਨੂੰ ਪੇਸ਼ ਕਰਦੀ ਹੈ।

# ਵਰਤਮਾਨ 'ਚ ਜਿਊਣਾ ਹੀ ਜੀਵਨ ਨੂੰ ਆਨੰਦਿਤ ਬਣਾਉਂਦਾ ਹੈ : ਡਾ. ਰਾਕੇਸ਼ ਸ਼ਰਮਾ



**ਸੰਗਰੂਰ**-ਮਾਲਵਾ ਲਿਖਾਰੀ ਸਭਾ ਸੰਗਰੂਰ ਰਜਿ: ਵੱਲੋਂ ਲੇਖਕ ਭਵਨ ਸੰਗਰੂਰ ਵਿਖੇ ਮਹੀਨਾਵਾਰ ਸਾਹਿਤਕ ਸਮਾਗਮ ਹੋਇਆ, ਜਿਸ ਵਿੱਚ ਉੱਘੇ ਸਾਹਿਤਕਾਰ ਅਤੇ ਅਧਿਆਤਮ ਖੋਜੀ ਡਾ. ਰਾਕੇਸ਼ ਸ਼ਰਮਾ ਉਰਫ਼ ਸਵਾਮੀ ਆਨੰਦ ਗਣਤਵ ਨੇ 'ਪ੍ਰਤੀਕੂਲ ਪ੍ਰਸਥਿਤੀਆਂ ਵਿੱਚ ਪ੍ਰਸੰਨ ਰਹਿਣ ਦੀ ਕਲਾ' ਵਿਸ਼ੇ ਉੱਪਰ ਖੁੱਲ੍ਹ ਕੇ ਗੱਲਬਾਤ ਕੀਤੀ। ਸਾਹਿਤਕਾਰਾਂ ਨੇ ਸਨਮੁੱਖ ਹੁੰਦਿਆਂ ਡਾ. ਰਾਕੇਸ਼ ਸ਼ਰਮਾ ਨੇ ਕਿਹਾ ਕਿ ਭੂਤ ਅਤੇ ਭਵਿੱਖ ਦੇ ਚੱਕਰਵਿਊ ਵਿੱਚੋਂ ਨਿਕਲ ਕੇ ਵਰਤਮਾਨ ਵਿੱਚ ਜਿਊਣਾ ਹੀ ਜੀਵਨ ਨੂੰ ਆਨੰਦਿਤ ਬਣਾਉਂਦਾ ਹੈ। ਪ੍ਰਧਾਨਗੀ ਭਾਸ਼ਣ ਵਿੱਚ ਬੋਲਦਿਆਂ ਡਾ. ਨਿਰਮਲ ਅੰਗਰੇਜ਼ੀ ਵਿਭਾਗ ਸਰਕਾਰੀ ਰਣਬੀਰ ਕਾਲਜ ਸੰਗਰੂਰ ਨੇ ਕਿਹਾ ਕਿ ਦਰਪੇਸ਼ ਹਾਲਤਾਂ ਵਿੱਚ ਸਹਿਜ ਰਹਿ ਕੇ ਹੀ ਸਮੱਸਿਆਵਾਂ ਤੋਂ ਮੁਕਤ ਹੋਇਆ ਜਾ ਸਕਦਾ ਹੈ। ਵਿਚਾਰ-ਚਰਚਾ ਵਿੱਚ ਹਿੱਸਾ ਲੈਂਦਿਆਂ ਡਾ. ਮਨੀਸ਼ਾ ਰਾਣੀ ਨੇ ਕਿਹਾ ਕਿ ਪ੍ਰਤੀਕੂਲ ਪ੍ਰਸਥਿਤੀਆਂ ਵਿੱਚ ਸਥਿਰ ਰਹਿਣ ਵਾਲਾ ਮਨੁੱਖ ਹੀ ਜੀਵਨ ਦਾ ਆਨੰਦ ਮਾਣ ਸਕਦਾ ਹੈ।ਪਰਮ ਵੇਦ, ਡਾ. ਮੀਤ ਖਟੜਾ ਤੇ ਸੁਖਵਿੰਦਰ ਸਿੰਘ ਲੋਟੇ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਇਸ ਮੌਕੇ ਡਾ. ਰਾਕੇਸ਼ ਸ਼ਰਮਾ ਅਤੇ ਡਾ. ਨਿਰਮਲ ਨੂੰ ਸਨਮਾਨਿਤ ਵੀ ਕੀਤਾ ਗਿਆ। ਉਪਰੰਤ ਵਿਸ਼ਾਲ ਕਵੀ ਦਰਬਾਰ ਵੀ ਹੋਇਆ। ਮੰਚ ਸੰਚਾਲਨ ਦੀ ਭੂਮਿਕਾ ਰਜਿੰਦਰ ਸਿੰਘ ਰਾਜਨ ਅਤੇ ਅਮਨ ਜੱਖਲਾਂ ਨੇ ਬੜੇ ਖ਼ੂਬਸੂਰਤ ਢੰਗ ਨਾਲ ਨਿਭਾਈ।

# ਸੱਤਵੀਂ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ



**ਬਰੈਂਪਟਨ** : ਪੰਜਾਬੀ ਵਿਰਾਸਤ ਨੂੰ ਸਮਰਪਿਤ ਤਿੰਨ ਦਿਨਾਂ ਸੱਤਵੀਂ ਅੰਤਰਰਾਸ਼ਟਰੀ ਪੰਜਾਬੀ ਕਾਨਫ਼ਰੰਸ ਵਿਸ਼ਾ 'ਪੰਜਾਬੀ ਸਾਹਿਤ ਅਤੇ ਸਮਾਜ ਵਿੱਚ ਔਰਤ ਦਾ ਅਕਸ' ਅਯੋਜਿਤ ਕੀਤੀ ਗਈ। ਦੇਸ਼ਾਂ-ਵਿਦੇਸ਼ਾਂ ਤੋਂ ਕਵੀ, ਲੇਖਕ, ਸਾਹਿਤਕਾਰ, ਚਿੰਤਕ, ਅਲੋਚਕ, ਗਾਇਕ, ਬੁੱਧੀਜੀਵੀ, ਵਿਦਵਾਨ ਅਤੇ ਸਾਹਿਤ ਪ੍ਰੇਮੀਆਂ ਨੇ ਇਸ ਵਿੱਚ ਭਾਗ ਲਿਆ। ਆਰੰਭ ਪਾਰਲੀਮੈਂਟ ਮੈਂਬਰ ਸੋਨੀਆ ਸਿੱਧੂ, ਅਮਨ ਸੋਢੀ ਅਤੇ ਸਿਟੀ ਮੇਅਰ ਪੈਟਰਿਕ ਬਰਾਊਨ ਨੇ ਕੀਤੀ। ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਦਲਬੀਰ ਸਿੰਘ ਕਥੂਰੀਆ ਨੇ 'ਜੀ ਆਇਆਂ ਨੂੰ' ਦਾ ਸੰਦੇਸ਼ ਦਿੱਤਾ। ਡਾ. ਕਥੂਰੀਆ ਤੋਂ ਇਲਾਵਾ ਡਾ. ਆਤਮਜੀਤ ਸਿੰਘ, ਡਾ. ਵਰਿਆਮ ਸੰਧੂ, ਡਾ. ਸੁੱਚਾ ਸਿੰਘ, ਡਾ. ਕੰਵਲਜੀਤ ਕੌਰ ਗਿੱਲ, ਸੋਹਣ ਸਿੰਘ ਪਰਮਾਰ, ਸੁਖਵੀਰ ਸਿੰਘ ਵੀਹਲਾ, ਪਰਮਜੀਤ ਕੌਰ ਦਿਓਲ, ਡਾ. ਰਿਆਜ਼ ਬਾਬਰ, ?ਡਾ. ਗੁਰਪ੍ਰੀਤ ਕੌਰ, ?ਡਾ. ਦਵਿੰਦਰ ਲੱਧੜ, ?ਡਾ. ਅਮ੍ਰਿਤਪਾਲ ਸਿੰਘ, ?ਡਾ. ਮਹਿੰਦਰਪਾਲ, ?ਗਿਆਨ ਸਿੰਘ ਕੰਗ, ?ਕੁਲਤਾਰ ਸਿੰਘ ਸੰਧਵਾਂ, ?ਰੂਬੀ ਸਹੋਤਾ ਮੈਂਬਰ ਪਾਰਲੀਮੈਂਟ, ?ਬਾਵਰਾ ਸਾਹਿਬ, ਸੁਖਨੈਨ, ਰਸ਼ੀਦ ਨਦੀਮ, ਪ੍ਰੋ. ਅਤੈ ਸਿੰਘ, ?ਦਰਸ਼ਨ ਸਿੰਘ ਅਣਜਾਣ, ?ਮੋਹਨ ਸਿੰਘ ਗਿੱਲ ?ਤੇ ਹੋਰ ਬਹੁਤ ਸਾਰੇ ਲੇਖਕਾਂ, ਸਾਹਿਤ ਪ੍ਰੇਮੀਆਂ ਨੇ ਹਿੱਸਾ ਲਿਆ। ਕਾਨਫਰੰਸ ਵਿੱਚ ਤਿੰਨ ਦਿਨ ਹਰ ਰੋਜ਼ ਕਵੀ ਦਰਬਾਰ ਵੀ ਹੋਇਆ। ਤਿੰਨ ਦਰਜਨ ਕਵੀਆਂ ਨੇ ਭਾਗ ਲਿਆ। ਦੂਜੇ ਅਤੇ ਤੀਸਰੇ ਦਿਨ ਦੋ-ਦੋ ਨਾਟਕ ਖੇਡੇ ਗਏ। ਲਾਹੌਰ ਤੋਂ ਵਿਸ਼ੇਸ਼ ਤੌਰ 'ਤੇ ਬਾਬਾ ਨਜਮੀ ਅਤੇ ਕਬੱਡੀ ਕਲੱਬ ਦੇ ਪ੍ਰਧਾਨ ਲਾਡਾ ਸਹੋਤਾ, ਸਾਂਝਾ ਡੇਰਾ ਪਾਕਿਸਤਾਨ ਲਾਹੌਰ ਤੋਂ ਚੌਧਰੀ ਹਿਮਾਯੂੰ ਭੱਟ, ਚੌਧਰੀ ਅਦੀਲ ਦਿਓ, ਚੌਧਰੀ ਸਾਬਾਰਟ ਅਲੀ ਤਾਹਿਰ, ਚੌਧਰੀ ਹੈਦਰ, ਸੁਲਤਾਨ, ਚੌਧਰੀ ਅੱਲਾਓਲ ਅਜ਼ੀਜ਼ ਮਲਿਕ, ਚੌਧਰੀ ਨੋਮਨ ਅਹਿਮਦ, ਚੌਧਰੀ ਰਾਣਾ ਮੁਮਤਾਜ਼, ਚੌਧਰੀ ਸ਼ਾਹਿਦ ਪਰਵੇਜ਼ ਭੱਟੀ ਤੇ ਚੌਧਰੀ ਅਨਵਰ ਭੱਟੀ ਵਿਸ਼ੇਸ਼ ਤੌਰ 'ਤੇ ਤਸ਼ਰੀਫ ਲਿਆਏ।ਇਸ ਮੌਕੇ ਹਾਜ਼ਰ ਲੇਖਕਾਂ ਨੇ ਵੱਖ-ਵੱਖ ਪੁਸਤਕਾਂ ਦਾ ਵਿਮੋਚਨ ਵੀ ਕੀਤਾ, ਜਿਸ ਵਿੱਚ ਪੁਸਤਕ 'ਪੰਜਾਬੀ ਬੋਲੀ ਰਮਜ਼ਾਂ, ਰੁਕਾਵਟਾਂ ਅਤੇ ਰਾਹ, ਬੋਲੀਆਂ, ਪੁਸਤਕ ਭਾਈ ਮੇਵਾ ਸਿੰਘ ਦੀ ਸ਼ਹੀਦੀ ਅਤੇ ਹਾਪ ਕਿਨਸਨ ਦਾ ਕਤਲ ਸਿਮਰਤੀ ਗ੍ਰੰਥ ਦੇ ਲੇਖਕ ਜਰਨੈਲ ਸਿੰਘ ਆਰਟਿਸਟ ਰਿਲੀਜ਼ ਕੀਤੀਆਂ। ਤਿੰਨ ਦਿਨ ਦੇ ਇਸ ਸਮਾਗਮ ਵਿੱਚ ਮੰਚ ਸੰਚਾਲਨ ਦੀ ਸੇਵਾ ਦਰਸ਼ਨਦੀਪ ਅਰੋੜਾ, ਤਾਹਿਰਾ ਸਰਾਂ, ਜਗੀਰ ਸਿੰਘ ਕਾਹਲੋਂ, ਸੁਰਜੀਤ ਕੌਰ, ਪਰਮਜੀਤ ਦਿਓਲ, ਮਨਪ੍ਰੀਤ ਸਹੋਤਾ, ਅਮਰਦੀਪ ਸਿੰਘ ਬਿੰਦਰਾ ਅਤੇ ਮੀਤਾ ਖੰਨਾ ਨੇ ਬਾਖ਼ੂਬੀ ਨਿਭਾਈ।

# ਪੰਜਾਬੀ ਸਾਹਿਤ ਸਭਾ ਵੱਲੋਂ ਸਾਹਿਤਕ ਸਮਾਗਮ

**ਨਵੀਂ ਦਿੱਲੀ** : ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਵੱਲੋਂ ਪੰਜਾਬੀ ਭਵਨ ਵਿਖੇ ਇੱਕ ਵਿਸ਼ੇਸ਼ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸਾਹਿਤ ਜਗਤ ਦੀਆਂ ਨਾਮਵਰ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ। ਇਸ ਸਮਾਗਮ ਦੀ ਪ੍ਰਧਾਨਗੀ ਸਾਹਿਤ ਅਕਾਦੇਮੀ, ਨਵੀਂ ਦਿੱਲੀ ਦੇ ਪੰਜਾਬੀ ਸਲਾਹਕਾਰ ਬੋਰਡ ਦੇ ਮੈਂਬਰ ਅਤੇ ਸਾਹਿਤ ਅਕਾਦੇਮੀ



ਪੁਰਸਕਾਰ ਨਾਲ ਸਨਮਾਨਿਤ ਲੇਖਿਕਾ ਡਾ. ਵਨੀਤਾ ਨੇ ਕੀਤੀ।ਸਭਾ ਦੇ ਡਾਇਰੈਕਟਰ ਕੇਸਰਾ ਰਾਮ ਨੇ ਆਏ ਹੋਏ ਮਹਿਮਾਨਾਂ ਦਾ ਰਸਮੀ ਸਵਾਗਤ ਕਰਦਿਆਂ ਸਮਾਗਮ ਵਿੱਚ ਸ਼ਾਮਿਲ ਸਾਹਿਤਕਾਰਾਂ ਦੀ ਜਾਣ-ਪਛਾਣ ਕਰਵਾਈ।ਉਪਰੰਤ ਕਾਵਿ-ਮਹਿਫ਼ਲ ਅਤੇ ਕਹਾਣੀ-ਪਾਠ ਦਾ ਦੌਰ ਚੱਲਿਆ। ਸਮਾਗਮ ਦੀ ਸ਼ੁਰੂਆਤ ਕਮਲ ਜੀਤ ਸਿੰਘ ਨੇ ਆਪਣੀ ਕਹਾਣੀ 'ਰੱਬ ਦਾ ਨਾਂ ਗੁਨਾਹ ਹੈ' ਸੁਣਾ ਕੇ ਕੀਤੀ। ਪ੍ਰਭਾਵਸ਼ਾਲੀ ਪੇਸ਼ਕਾਰੀ ਤੇ ਸਾਰਥਕ ਵਿਸ਼ੇ-ਵਸਤੂ ਕਰਕੇ ਕਹਾਣੀ ਨੇ ਸ੍ਰੋਤਿਆਂ ਨੂੰ ਪੂਰਾ ਸਮਾਂ ਕੀਲ ਕੇ ਬਿਠਾਈ ਰੱਖਿਆ।ਕਾਵਿ-ਮਹਿਫਲ ਦਾ ਆਗਾਜ਼ ਕਰਦਿਆਂ ਗੁਰਪ੍ਰੀਤ ਕੌਰ ਸੈਣੀ ਨੇ ਅਪਣੀਆਂ ਗ਼ਜ਼ਲਾਂ ਨਾਲ ਸਰੋਤਿਆਂ ਦਾ ਧਿਆਨ ਖਿੱਚਿਆ। ਇਸ ਤੋਂ ਬਾਅਦ ਕਰਮਜੀਤ ਕੌਰ ਦਿਉਣ ਨੇ ਗ਼ਜ਼ਲਾਂ, ਟੱਪੇ ਤੇ ਗੀਤ ਤਰੰਨਮ ਵਿਚ ਸੁਣਾ ਕੇ ਖ਼ੂਬ ਰੰਗ ਬੰਨ੍ਹਿਆ।ਅਗਲੀ ਪੇਸ਼ਕਾਰੀ ਵਿੱਚ ਸੰਧੂ ਗਗਨ ਨੇ ਪਾਸ਼ ਨੂੰ ਯਾਦ ਕਰਦਿਆਂ ਆਪਣੀਆਂ 'ਲਾਵਾਰਸ ਲਾਸ਼', 'ਸਰੂਪਨਖਾ ਦੇ ਵਣ', 'ਦਰਿਆ ਕਦੇ ਆਪਣੇ ਰਾਹ ਨਹੀਂ ਭੁੱਲਦੇ' ਤੇ 'ਆਓ ਅਰਦਾਸ ਕਰੀਏ' ਆਦਿ ਮਿਥਿਹਾਸਕ-ਦਾਰਸ਼ਨਿਕ ਰੰਗ ਵਾਲੀਆਂ ਰਚਨਾਵਾਂ ਸੁਣਾ ਕੇ, ਸਿਖਰ 'ਤੇ ਪਹੁੰਚ ਚੁੱਕੀ, ਕਾਵਿ-ਮਹਿਫਲ ਨੂੰ ਬੌਧਿਕ ਉਚਾਈ ਪ੍ਰਦਾਨ ਕੀਤੀ।ਪ੍ਰਧਾਨਗੀ ਭਾਸ਼ਣ ਵਿੱਚ ਡਾ. ਵਨੀਤਾ ਨੇ ਪ੍ਰਸਤੁਤ ਰਚਨਾਵਾਂ ਨੂੰ ਸਲਾਹੁੰਦਿਆਂ ਕਿਹਾ ਕਿ ਹਰ ਰਚਨਾ ਦੇ ਕੇਂਦਰ ਵਿੱਚ ਪਿਆਰ ਤੇ ਮਨੁੱਖਤਾ ਸੀ, ਜੋ ਵਰਤਮਾਨ ਸਮੇਂ ਦੀ ਲੋੜ ਵੀ ਹੈ। ਉਨ੍ਹਾਂ ਪੰਜਾਬੀ ਸਾਹਿਤ ਸਭਾ ਦੇ ਉਪਰਾਲੇ ਦੀ ਤਾਰੀਫ਼ ਕਰਦਿਆਂ ਕਿਹਾ ਕਿ ਸਭਾ ਵੱਲੋਂ ਹਰ ਮਹੀਨੇ ਕਰਵਾਈ ਜਾਂਦੀ ਸਾਹਿਤਿਕ ਇਕੱਤਰਤਾ ਵਿੱਚ ਵੰਨ-ਸੁਵੰਤਾ ਹੁੰਦੀ ਹੈ ਜਿਹੜੀ ਸ੍ਰੋਤਿਆਂ ਦੀ ਖਿੱਚ ਦਾ ਕਾਰਨ ਬਣਦੀ ਹੈ। ਡਾ. ਵਨੀਤਾ ਨੇ ਆਪਣੀ ਇਕ ਨਵੀਂ ਕਵਿਤਾ 'ਕੀ ਪਤਾ' ਅਤੇ ਇਕ ਨਜ਼ਮ 'ਰੰਗ' ਸੁਣਾ ਕੇ ਕਾਵਿ-ਮਹਿਫਲ ਨੂੰ ਇਖਤਿਦਾਮ ਤੱਕ ਪਹੁੰਚਾਇਆ।ਇਸ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਸਭਾ ਦੇ ਚੇਅਰਪਰਸਨ ਪ੍ਰੋ. ਰੇਣੂਕਾ ਸਿੰਘ, ਮਹਿੰਦਰ ਸਿੰਘ ਕੂਕਾ, ਰਾਜਿੰਦਰ ਸਿੰਘ ਬਿਆਲਾ, ਜਗਤਾਰ ਜੀਤ ਸਿੰਘ, ਮਿਸਰਦੀਪ ਭਾਟੀਆ, ਡਾ. ਹਰਵਿੰਦਰ ਸਿੰਘ, ਤਰਿੰਦਰ ਕੌਰ ਸਮੇਤ ਵੱਡੀ ਗਿਣਤੀ ਵਿੱਚ ਖੋਜਾਰਥੀ, ਵਿਦਿਆਰਥੀ ਅਤੇ ਪ੍ਰਕਾਸ਼ਨ ਜਗਤ ਦੇ ਨੁਮਾਇੰਦੇ ਵੀ ਮੌਜੂਦ ਸਨ।

# ਪਾਠਕਾਂ ਦੇ ਝਰੋਖੇ 'ਚੋਂ

## ਐੱਲ ਗਰਗ ਦੇ ਜੀਵਨ ਤੇ ਸਾਹਿਤਕਾਰੀ

11 ਅਕਤੂਬਰ ਦੇ 'ਐਤਵਾਰਤਾ' ਵਿਚ ਕਹਾਣੀਕਾਰ ਤੇ ਚਿੰਤਕ ਗੁਰਮੀਤ ਕੜਿਆਲਵੀ ਨੇ ਮਰਹੂਮ ਵਿਅੰਗਕਾਰ ਕੇ ਐੱਲ ਗਰਗ ਦੇ ਜੀਵਨ ਤੇ ਸਾਹਿਤਕਾਰੀ ਬਾਰੇ ਬਹੁਤ ਵਿਸਥਾਰ ਨਾਲ ਜਾਣਕਾਰੀ ਦਿੱਤੀ ਹੈ।ਪਿਆਰਾ ਸਿੰਘ ਦਾਤਾ ਯਾਦਗਾਰੀ ਪੁਰਸਕਾਰ ਹਰ ਸਾਲ ਕਿਸੇ ਨਵੇਂ ਤੇ ਚੰਗੇ ਵਿਅੰਗ ਲੇਖਕ ਨੂੰ ਦਾਤਾ ਜੀ ਦੇ ਪਰਵਾਰ ਵੱਲੋਂ ਦੇਣ ਦੀ ਰਿਵਾਇਤ ਕੇ ਐੱਲ ਗਰਗ ਨੇ ਜਾਰੀ ਰੱਖੀ।ਲੇਖਕ ਕੜਿਆਲਵੀ ਨੇ ਕੇ ਐੱਲ ਗਰਗ ਦੀਆਂ ਲਿਖਤਾਂ 'ਤੇ ਗਹਿਰੀ ਝਾਤ ਪੁਆਈ ਹੈ। ਨੈਸ਼ਨਲ ਬੁੱਕ ਟਰੱਸਟ ਦੀਆਂ ਕਿਤਾਬਾਂ ਦਾ ਵੀ ਅਨੁਵਾਦ ਕੇ ਐੱਲ ਗਰਗ ਦੀ ਅਹਿਮ ਪ੍ਰਾਪਤੀ ਸੀ।ਕੇ ਐੱਲ ਗਰਗ ਇਕੋ ਸਮੇਂ ਬਹੁਪੱਖੀ ਸਾਹਿਤਕਾਰ ਸਨ। ਕੇ ਐੱਲ ਗਰਗ ਦੀਆਂ ਲਿਖਤਾਂ ਘਰ-ਘਰ ਪੜ੍ਹੀਆਂ ਗਈਆਂ ਹਨ।ਕੇ ਐੱਲ ਗਰਗ ਨੂੰ ਪੰਜਾਬੀ ਪਾਠਕ ਸਦਾ ਯਾਦ ਰੱਖਣਗੇ।ਨਵਦੀਪ ਸਿੰਘ ਝੁਨੀਰ ਦੀ ਯਾਤਰਾ ਦੀ ਤੀਸਰੀ ਕਿਸ਼ਤ ਵੀ ਮੋਹ ਨਾਲ ਪੜ੍ਹੀ। ਕੁਦਰਤੀ ਨਜ਼ਾਰਿਆਂ ਦਾ ਰੰਗ ਮਾਣਿਆ।ਸੁਰਜੀਤ ਸੁਮਨ ਨੇ ਚੰਗੀ ਸਿੱਖਿਆ ਦਿੱਤੀ ਹੈ। ਵਿਜੈ ਬੰਬੇਲੀ ਨੇ ਸਦੌੜ ਪਿੰਡ ਦਾ ਖੋਜਮਈ ਇਤਿਹਾਸ ਲਿਖਿਆ ਹੈ।ਪਿੰਡਾਂ ਦੇ ਨਾਮਕਰਨ ਬਹੁਤ ਸਦੀਆਂ ਪੁਰਾਣੇ ਹਨ।ਡਾ. ਜਸਬੀਰ ਔਲਖ ਨੇ ਲੰਮੇ ਲੇਖ ਵਿਚ ਦੁਨੀਆ ਦੀਆਂ ਜੰਗਾਂ ਦਾ ਵਿਸਥਾਰ ਲਿਖਿਆ ਹੈ। ਜੰਗ ਦਾ ਵਧੇਰੇ ਨੁਕਸਾਨ ਔਰਤ ਨੂੰ ਝੱਲਣਾ ਪੈਂਦਾ ਹੈ। ਲੇਖਕ ਨੇ ਦੋ ਆਲਮੀ ਜੰਗਾਂ ਰੂਸ-ਯੂਕਰੇਨ ਜੰਗ ਦਾ ਜ਼ਿਕਰ ਕੀਤਾ ਹੈ। ਅਮਰੀਕਾ-ਈਰਾਨ ਜੰਗ ਦਾ ਵੀ ਵੇਰਵਾ ਦਿੱਤਾ ਹੈ। ਕਿਤਾਬਾਂ ਦੇ ਪੰਨੇ 'ਤੇ ਡਾ. ਸੰਦੀਪ ਰਾਣਾ ਦੇ ਦੋ ਕਿਤਾਬਾਂ ਦੇ ਰੀਵਿਊ ਮਨਜੀਤ ਕੌਰ ਦਾ ਅੰਗਰੇਜ਼ੀ ਨਾਵਲ ਦਾ ਰੀਵਿਊ, ਗੋਪਾਲ ਸਿੰਘ ਬੁੱਟਰ ਤੇ ਰਾਮਪਾਲ ਸ਼ਾਹਪੁਰੀ ਦਾ ਫੋਕਸ ਪੜ੍ਹ ਕੇ ਸਾਹਿਤਕ ਆਨੰਦ ਮਾਣਿਆ।

-ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

# ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਟਰਾਂਸਜੈਂਡਰ ਪਛਾਣ ਦਾ ਵਿਕਾਸ : ਰਿਸ਼ੀ ਗੁਲਾਟੀ

ਪੰਜਾਬ ਦੀ ਤਰਲ ਧਾਰਮਿਕਤਾ ਦਾ ਪ੍ਰਤੀਕ 'ਸਾਂਝੀ' : ਅਮਨਦੀਪ ਕੌਰ

'ਪੰਜਾਬ ਦੀ ਖੱਬੀ ਲਹਿਰ' : ਡਾ. ਸਰਬਜੀਤ ਕੰਗਣੀਵਾਲ (ਫੋਕਸ) ਭਗਵੰਤ ਰਸੂਲਪੁਰੀ

ਬਲਜਿੰਦਰ ਕੌਰ ਸ਼ੇਰਗਿੱਲ ਦੀਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ

# ਸਮਕਾਲ

---- ਭਗਵੰਤ ਰਸੂਲਪੁਰੀ----

## ਸਿਰਜਣਾ : ਚਾਰ ਕਹਾਣੀਆਂ

ਸਿਰਜਣਾ-222 (ਅਕਤੂਬਰ-ਦਸੰਬਰ, 2026) ਅੰਕ ਇਸ ਮਹੀਨੇ ਦੀ ਪਹਿਲੀ ਤਰੀਕ ਨੂੰ ਹੀ ਪਾਠਕਾਂ ਤੱਕ ਪੁੱਜ ਗਿਆ ਸੀ। ਪਰਚਾ ਸਹਿਜ ਤੋਰੇ, ਆਪਣੀ ਮੜਕ ਤੇ ਮਿਆਰ ਨਾਲ ਨਿਰੰਤਰ ਕਈ ਦਹਾਕਿਆਂ ਤੋਂ ਤੁਰਿਆ ਆ ਰਿਹਾ ਹੈ। ਪਰਚੇ ਦੇ ਸੰਪਾਦਕ ਰਘਬੀਰ ਸਿੰਘ ਸਿਰਜ਼ ਨਾਲ ਪਰਚੇ ਵਿੱਚ ਮਿਆਰੀ ਲਿਖਤਾਂ ਛਾਪਦੇ ਆ ਰਹੇ ਹਨ। 'ਇਨ੍ਹਾਂ ਸਮਿਆਂ ਵਿਚ...' ਤੇ ਸੰਪਾਦਕੀ ਹੈ। ਜਿਸ ਵਿੱਚ ਪੰਜਾਬ, ਸਿਆਸੀ ਪਾਰਟੀਆਂ ਦੀ ਹਲਚਲ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਇਸ ਸਿਆਸੀ ਦੌਰ ਵਿੱਚ ਸਾਹਿਤਕ ਤੇ ਸਭਿਆਚਾਰਕ ਕਾਮਿਆਂ ਦੀ ਭੂਮਿਕਾ ਦੇ ਰੋਲ ਦੀ ਗੱਲ ਕੀਤੀ ਗਈ ਹੈ। ਪੰਜਾਬੀ ਦੇ ਵੱਡੇ ਸ਼ਾਇਰ ਅਮਰਜੀਤ ਕੌਂਕੇ ਨੂੰ ਵਿਸ਼ੇਸ਼ ਸ਼ਾਇਰ ਵਜੋਂ ਪ੍ਰਕਾਸ਼ਤ ਕੀਤਾ ਗਿਆ ਹੈ। ਹੱਥਲੇ ਅੰਕ ਵਿੱਚ ਕੌਂਕੇ ਦੀਆਂ ਪੰਜ ਅਤੇ ਦਰਸ਼ਨ ਬੁਲੰਦਵੀ ਦੀਆਂ ਦੋ



ਕਵਿਤਾਵਾਂ ਪ੍ਰਕਾਸ਼ਤ ਹੋਈਆਂ ਹਨ। ਅਤੇ ਪੰਜਾਬੀ ਦੀਆਂ ਚਾਰ ਮਹੱਤਵਪੂਰਨ ਕਹਾਣੀਆਂ ਨੂੰ ਪ੍ਰਕਾਸ਼ਤ ਕੀਤਾ ਗਿਆ ਹੈ। ਸੁਕੀਰਤ ਦੀ ਪਹਿਲੀ ਕਹਾਣੀ 'ਅੱਧੋ-ਅੱਧ' ਛਪੀ ਹੈ। ਜਿਹੜੀ ਇਕ ਪੰਜਾਬੀ ਲੇਖਕ ਦੁਆਲੇ ਘੁੰਮਦੀ ਹੈ। ਅਗਲੀ ਕਹਾਣੀ ਭਗਵੰਤ ਰਸੂਲਪੁਰੀ ਦੀ ਕਹਾਣੀ 'ਤਨ-ਮਨ' ਛਪੀ ਹੈ। ਜੋ ਬਿਰਧ ਅਵਸਥਾ ਵੱਲ ਵੱਧ ਰਹੀ ਇਕ ਔਰਤ ਦੀ ਮਨੋਦਸ਼ਾ ਨੂੰ ਬਿਆਨ ਕਰਦੀ ਹੈ। ਬੂਟਾ ਸਿੰਘ ਚੌਹਾਨ ਦੀ ਕਹਾਣੀ 'ਧੰਨਵਾਦ ਨਾ ਕਰੋ' ਨਾਟਕੀ ਸ਼ੈਲੀ ਨਾਲ ਹਰਮਨ, ਬਲਵਿੰਦਰ ਤੇ ਕਰਮਜੀਤ ਦੇ ਰਿਸ਼ਤਿਆਂ ਦੀ ਬਾਤ ਖ਼ੂਬਸੂਰਤ ਨਾਲ ਪਾਉਂਦੀ ਹੈ। ਅਗਲੀ ਕਹਾਣੀ ਐੱਚ. ਐੱਸ. ਡਿੰਪਲ ਦੀ 'ਚੰਨ ਦੁਆਲੇ...' ਛਪੀ ਹੈ ਜੋ ਵਿਆਹ ਸੰਸਥਾ ਦੇ ਆਲੇ ਦੁਆਲੇ ਮਾਨਵੀ ਖਾਹਿਸ਼ਾ ਦੀ ਹੋਂਦ ਅਣਹੋਂਦ ਨੂੰ ਤਰਕ-ਵਿਤਰਕ ਨਾਲ ਉਭਾਰਦੀ ਹੈ। ਜਸਵੰਤ ਰਾਏ ਦੀ 'ਕਣਕ ਦੇ ਵੱਢੀਂ ਰੁਲ਼ਿਆ ਬਚਪਨ' ਲਿਖਤ ਮਾਨਵੀ ਸੰਵੇਦਨਾ ਨਾਲ ਭਰਪੂਰ ਹੈ। ਬਲਜੀਤ ਬਾਸੀ ਦਾ 'ਰਮਜ਼ਾਨ ਤੇ ਰੋਜ਼ੇ', ਬਲਦੇਵ ਸਿੰਘ ਧਾਲੀਵਾਲ ਦਾ 'ਮਨ ਦੀਆਂ ਵਾਗਾਂ ਕਸਦਿਆਂ', ਅਵਤਾਰ ਸਿੰਘ ਬਿਲਿੰਗ ਦਾ 'ਮੈਂ ਨਾਵਲ ਕਿਵੇਂ ਲਿਖਦਾ ਹਾਂ', ਰਾਜਪ੍ਰੀਤ ਕੌਰ ਬੈਨੀਪਾਲ ਦਾ 'ਸ਼ਿਵ ਕੁਮਾਰ ਦੀ ਕਵਿਤਾ 'ਸ਼ੀਸ਼ੇ' ਲਿਖਤਾਂ ਵੀ ਸਿਰਜਣਾ ਵਿੱਚ ਪ੍ਰਕਾਸ਼ਤ ਹੋਈਆਂ ਹਨ। ਅੰਤ ਵਿੱਚ ਯੁੱਧਵੀਰ, ਅੰਬਰ ਕਦੇ ਖਾਲੀ ਨ੍ਹੀਂ ਹੁੰਦੇ, ਚਿਰਾਗ਼ਾਂ ਦੀਆਂ ਪੁਸ਼ਤਾਂ, ਕਬਰਾਂ ਵਿਚ ਉੱਗੇ ਫੁੱਲ, ਡੁੱਲ੍ਹੇ ਹੋਏ ਬੇਰ ਕਿਤਾਬਾਂ ਦੇ ਰੀਵਿਊ ਛਪੇ ਹਨ।

ਸਿਰਜਣਾ ਦੇ ਇਸ ਅੰਕ ਦਾ ਮੁੱਲ : 50 ਰੁਪਏ ਤੇ ਪੰਨੇ : 96 ਹਨ। ਪਰਚਾ ਮੰਗਵਾਉਣ ਲਈ ਸੰਪਾਦਕ: ਸਿਰਜਣਾ 1728, ਸੈਕਟਰ 43-ਬੀ, ਚੰਡੀਗੜ੍ਹ-160043, ਫੋਨ-91-172-2601693 ਤੇ ਸੰਪਰਕ ਕੀਤਾ ਜਾ ਸਕਦਾ ਹੈ। ਰਚਨਾਵਾਂ ਭੇਜਣ ਲਈ e.mail-sirjanasahitak@gmail.com, 'ਸਿਰਜਣਾ ਦੇ ਸੰਪਾਦਕ : ਰਘਬੀਰ ਸਿੰਘ ਹਨ।

## ਕਹਾਣੀ ਧਾਰਾ : ਸਮਕਾਲੀ ਕਹਾਣੀ ਵਿਸ਼ੇਸ਼ ਅੰਕ

ਕਹਾਣੀ ਧਾਰਾ ਦਾ 83 ਨੰਬਰ ਅੰਕ ਅਕਤੂਬਰ-ਦਸੰਬਰ, 2026 ਛਪ ਗਿਆ ਹੈ। ਪਰਚੇ ਦੇ ਟਾਇਟਲ ਉੱਤੇ ਨਿੱਕ ਜਾਫ਼ਰੀ ਦੀ ਪੇਂਟਿੰਗ 'ਦ ਫੂਡ' ਪ੍ਰਕਾਸ਼ਤ ਕੀਤੀ ਗਈ ਹੈ। ਕਲਾਕਾਰ ਨੇ ਗੂੜੇ ਰੰਗ ਵਰਤ ਕੇ ਭੁੱਖ ਨਾਲ ਵਿਆਕੁਲ ਮਨੁੱਖਾ ਦੇ ਚਿਹਰੇ ਉਲੀਕੇ ਹਨ। ਅੰਕ ਦੀ ਸੰਪਾਦਕੀ 'ਉੱਤਮ ਦਰਜੇ ਦਾ ਸਾਹਿਤ ਕਿਵੇਂ ਬਣਦਾ...' ਸਾਹਿਤ ਦੇ ਭਖਵੇਂ ਮੁੱਦੇ ਦੀ ਗੱਲ ਕਰਦੀ ਹੈ। ਇਸ ਵਾਰ ਅੰਕ ਵਿੱਚ 'ਪੰਜਾਬੀ ਕਹਾਣੀ ਦੀ ਪੰਜਵੀਂ ਪੀੜ੍ਹੀ' ਉੱਤੇ ਐੱਚ. ਐੱਸ. ਡਿੰਪਲ, ਜਸਬੀਰ ਕਲਸੀ, ਅਲਫ਼ਾਜ਼, ਸਰਬਾਜ਼ ਵੱਲੋਂ ਕੀਤੀ ਗੋਸ਼ਟੀ ਪ੍ਰਕਾਸ਼ਤ ਹੋਈ ਹੈ। ਜਿਸ ਦੇ ਸੂਤਰਧਾਰ ਦੀ ਭੂਮਿਕਾ ਮੈਂ ਜਾਣੀ ਕਿ ਭਗਵੰਤ ਰਸੂਲਪੁਰੀ ਨੇ ਨਿਭਾਈ ਹੈ। 20 ਪੰਨਿਆਂ ਉੱਤੇ ਫੈਲੀ ਗੋਸ਼ਟੀ ਵਿੱਚ ਕਹਾਣੀ ਬਾਰੇ ਗੰਭੀਰ ਸੰਵਾਦ ਰਚਾਇਆ ਗਿਆ ਹੈ। ਅੰਕ ਵਿੱਚ 13 ਮਹੱਤਵਪੂਰਨ ਕਹਾਣੀਕਾਰਾਂ ਦੀਆਂ ਨਵੀਂਆਂ ਕਹਾਣੀਆਂ ਛਪੀਆਂ ਹਨ। ਸਾਹਿਤ ਅਕੈਡਮੀ ਐਵਾਰਡ ਪ੍ਰਾਪਤ ਜਿੰਦਰ ਦੀ, ਪਿੰਡਾਂ ਦੇ ਦਲਿਤ ਮਸਲੇ ਉੱਤੇ ਮਹੱਤਵਪੂਰਨ ਕਹਾਣੀ 'ਬੋਲਤੀ ਬੰਦ ਕਰਤੀ' ਪ੍ਰਕਾਸ਼ਤ ਹੋਈ ਹੈ। ਅੱਗੇ ਸੁਕੀਰਤ (ਕਹੂੰ ਕਿਸ ਸੇ ਕਿੱਸਾ ਏ-ਦਰਦ-ਓ-ਗ਼ਮ), ਸੁਰਿੰਦਰ ਗੀਤ (ਗਵਾਹੀ), ਚਰਨਜੀਤ ਸਿੰਘ ਪੰਨੂ (ਮੁੱਛ), ਵਿਪਨ ਗਿੱਲ (ਕੁੱਤਾ ਯੁੱਗ), ਦਵਿੰਦਰ ਮੰਡ (ਸੁਰਮਾਂ), ਹਰਮੇਸ਼ ਮਾਲੜੀ (ਸ਼ਾਦੀ ਛੜਾ), ਐੱਚ. ਐੱਸ. ਡਿੰਪਲ (ਸਕੂਨ), ਜੋਗੇ ਭੰਗਲ (ਆਉ ਸੌਦਾ-ਸੌਦਾ ਖੇਡੀਏ), ਸੁਰਿੰਦਰ ਸਿੰਘ ਰਾਏ (ਦਫ਼ਤਰੀ ਕਾਇਦਾ-ਕਾਨੂੰਨ), ਸ਼ਹਿਜ਼ਾਦ ਫ਼ਰਾਮੋਸ਼ (ਜਿੱਥੇ ਸੱਪ ਨੱਚਦੇ ਨੇਂ), ਅਰਤਿੰਦਰ ਸੰਧੂ (ਇੱਕ ਸੁਆਲ), ਰਾਜਿੰਦਰ ਸਿੰਘ ਢੱਡਾ (ਚਪੇੜ) ਕਹਾਣੀਆਂ ਪ੍ਰਕਾਸ਼ਤ ਹੋਈਆਂ ਹਨ। ਇਸ ਵਾਰ 'ਜਨ ਬੋਧ' ਕਾਲਮ ਵਿੱਚ 'ਮਾਰਕ ਜ਼ੁਰਗਨਸਮੇਅਰ ਦੇ ਲੇਖ 'ਮੰਗੂ ਰਾਮ ਦਾ ਮੁੱਢਲਾ ਜੀਵਨ-1' ਪ੍ਰਕਾਸ਼ਤ ਕੀਤਾ ਹੈ। ਜਿਸ ਨੂੰ ਮੰਗਤ ਰਾਮ ਨੇ ਅਨੁਵਾਦ ਕੀਤਾ ਹੈ। ਪਰਖ ਪੜਚੋਲ ਵਿੱਚ ਜ਼ਿੰਦਗੀ, ਚੁਬਾਰੇ ਦੀ ਇਟੱ, ਮਨਕਥੀਆਂ, ਸਭ ਤੋਂ ਉਦਾਸ ਇਬਾਰਤ, ਯੁੱਧਵੀਰ ਕਿਤਾਬਾਂ ਦੇ ਰੀਵਿਊ ਲੇਖ ਹਨ। ਤੇ ਜਸਬੀਰ ਕਲਸੀ ਨੇ 'ਕਹਾਣੀ ਧਾਰਾ' ਦੇ ਪਿਛਲੇ ਅੰਕ ਵਿੱਚ ਛਪੀਆਂ ਕਹਾਣੀਆਂ ਦਾ ਵਿਸ਼ਲੇਸ਼ਣ ਕੀਤਾ ਹੈ।



ਕਹਾਣੀ ਧਾਰਾ-83, ਮੁੱਲ:100 ਰੁਪਏ, ਪੰਨੇ :160, ਸੰਪਾਦਕ :ਭਗਵੰਤ ਰਸੂਲਪੁਰੀ (94170-64350), ਪਤਾ : ਸੰਪਾਦਕ 'ਕਹਾਣੀ ਧਾਰਾ',ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ-1440026, ਪੰਜਾਬ, ਰਚਨਾਵਾਂ ਭੇਜਣ ਲਈ : email: kahanidhara@gmail.com

## ਅਨੁਤਾਸ਼ : ਜੁਲਾਈ-ਦਸੰਬਰ, 2026

ਅਨੁਤਾਸ਼-6 ਨੰਬਰ ਛਪ ਗਿਆ ਹੈ। ਪਰਚੇ ਦੀ ਸੰਪਾਦਕੀ ਵਿੱਚ ਕਮਲ ਗਿੱਲ ਨੇ 'ਮੇਅਡੇ ਮੇਅਡੇ ਮੇਅਡੇ' ਸਮਕਾਲ ਵਿੱਚ ਫੈਲ ਰਹੇ ਖ਼ਤਰਿਆਂ ਦੀ ਗੱਲ ਕੀਤੀ ਹੈ। ਅੰਕ ਵਿੱਚ ਨਵਜੋਤ ਕੌਰ ਭੁੱਲਰ, ਅਮੀਆ ਕੁੰਵਰ, ਮਲਵਿੰਦਰ, ਜਗਤਾਰਜੀਤ ਸਿੰਘ, ਬਲਵਿੰਦਰ ਕੌਰ ਪੰਧੇਰ, ਵਿਜੇਤਾ ਰਾਜ, ਸਿਮਰਨ ਕੌਰ ਅਰੋੜਾ, ਅਫ਼ਜ਼ਲ ਅਹਿਸਾਨ ਰੰਧਾਵਾ, ਮੋਹਸਿਨ ਨਕਵੀ ਦੀ ਸ਼ਾਇਰੀ ਛਪੀ ਹੈ। ਮਜਾਜ਼ ਲਖਨਵੀ ਦਾ ਉਰਦੂ ਰੰਗ ਹੈ। ਜਾਪਾਨੀ ਰੰਗ, ਰਸੂਲ ਹਮਜ਼ਾਤੋਵ ਦੀਆਂ ਕਵਿਤਾਵਾਂ, ਓਲਗਾ ਬੇਰਗੋਲਤਸ ਦੀਆਂ ਮਿਆਰੀ ਕਵਿਤਾਵਾਂ ਪ੍ਰਕਾਸ਼ਤ ਕੀਤੀਆਂ ਹਨ। ਪ੍ਰੇਮ ਮਾਨ ਦੀ 'ਜਿਪਸੀ' ਕਹਾਣੀ ਛਪੀ ਹੈ। ਅਨਾਰ ਰਸੂਲ ਓਲੂ ਰਜ਼ਾਯੇਵ ਦੀ ਲਿਖੀ ਆਜ਼ਰਬਾਈਜਾਨੀ ਕਹਾਣੀ 'ਪੁਰਾਣੇ ਸਾਲ ਦੀ ਆਖ਼ਰੀ ਰਾਤ' (ਅਨੁ. ਗੁਰਬਚਨ ਸਿੰਘ ਭੁੱਲਰ) ਛਪੀ ਹੈ।



ਨਾਲ ਅਫ਼ਰਾ ਬੁਖ਼ਾਰੀ ਦੀ ਉਰਦੂ ਕਹਾਣੀ 'ਛੀਂਟ ਦੀ ਰਜਾਈ' ਨੂੰ ਵੀ ਪ੍ਰਕਾਸ਼ਤ ਕੀਤਾ ਗਿਆ ਹੈ। ਕਮਲ ਗਿੱਲ ਵੱਲੋਂ ਅਨੁਵਾਦ ਕਹਾਣੀ 'ਸੁਰਖ਼ ਲਾਲ ਰੰਗ' (ਵਿਨਯ ਕੁਮਾਰ) ਦੀ ਵੀ ਪੜ੍ਹਨ ਨੂੰ ਮਿਲ ਜਾਂਦੀ ਹੈ। ਡਾ. ਇੰਦਰਜੀਤ ਗਿੱਲ ਦਾ ਮਹੱਤਵਪੂਰਨ ਲੇਖ 'ਸੋਵੀਅਤ ਡਾਕੂਮੈਂਟਰੀ ਅਤੇ ਸਿਨੇਮਾ ਦੀ ਦਾਸਤਾਨ', ਡਾ. ਰੁਪਿੰਦਰ ਕੌਰ ਦਾ ਲੇਖ 'ਗੁਰੂ ਨਾਨਕ ਬਾਣੀ ਵਿਚ ਧਰਤੀ ਦਾ ਸੰਕਲਪ' ਛਪੇ ਹਨ। ਜਤਿੰਦਰ ਔਲਖ ਵੱਲੋਂ ਕੀਤੀ ਚੰਦੇਸ਼ਵਰ ਦੀ ਮੁਲਾਕਾਤ ਹੈ। ਸ਼ਮਸ਼ੇਰ ਸਿੰਘ ਬਟਾਲਾ ਦੇ ਲੇਖ 'ਦੂਜੀ ਸੰਸਾਰ ਜੰਗ 'ਚ ਨਾਜ਼ੀਆ ਦੀ ਨਿਰਣਾਇਕ ਹਾਰ' ਗਿਆਨ ਵਰਧਨ ਹੈ। ਹਰਜੀਤ ਕੌਰ ਵਿਰਕ ਨੇ 'ਮੇਰੇ ਨਾਵਲਾਂ ਦੀ ਸਿਰਜਣਾ ਪ੍ਰਕਿਰਿਆ' ਵਿੱਚ ਸੋਹਣੀ ਬਾਤ ਪਾਈ ਹੈ। ਦਰਸ਼ਨ ਸਿੰਘ ਆਸ਼ਟ ਨੇ ਪਰਵਾਸੀ ਨਾਟਕ ਬਾਰੇ ਗੱਲ ਡਾ. ਨਿਗਹਤ ਖ਼ੁਰਸ਼ੀਦ ਦੇ ਹਵਾਲੇ ਨਾਲ ਕੀਤੀ ਹੈ। ਅੰਤ ਵਿੱਚ ਪ੍ਰੇਮ ਮਾਨ ਦੇ ਕਹਾਣੀ ਸੰਗ੍ਰਹਿ 'ਅੱਜ ਧੁੱਪ ਨਿੱਘੀ ਨਹੀਂ' ਤੇ 'ਮਰਦਮਸ਼ੁਮਾਰੀ ਅਤੇ ਹੋਰ ਕਹਾਣੀਆਂ' ਦੀ ਪੜਚੋਲ ਕ੍ਰਮਵਾਰ ਕਮਲ ਗਿੱਲ ਤੇ ਸਵੈ ਪੜਚੋਲ ਪ੍ਰੇਮ ਮਾਨ ਨੇ ਕੀਤੀ ਹੈ।

ਇਸ ਅੰਕ ਦੇ ਸਫ਼ੇ : 100 ਅਤੇ ਮੁੱਲ: 120 ਰੁਪਏ ਹੈ। ਸੰਪਰਕ : ਸੰਪਾਦਕ-ਅਨੁਤਾਸ਼, 9 ਫਤਹਿਗੜ੍ਹ ਚੂੜੀਆਂ ਰੋਡ, ਨੇੜੇ ਭਾਟੀਆ ਓਪਟੀਕਲਜ਼, ਅੰਮ੍ਰਿਤਸਰ, ਪਰਚੇ ਦੇ ਸੰਪਾਦਕ : ਕਮਲ ਗਿੱਲ, (ਸੰਪਰਕ 98154-33166) ਰਚਨਾਵਾਂ ਭੇਜਣ ਲਈ email: taashjoy@gmail.com

# ਸੰਤੋਖ ਸਿੰਘ ਸੁੱਖੀ ਦੀਆਂ ਕਵਿਤਾਵਾਂ



## ਐ ਮੁਲਕ...

(ਕਿਰਤੀਆਂ ਦਾ ਮੁਲਕ ਨੂੰ ਮਿਹਣਾ)

ਐ ਮੁਲਕ
ਮੈਂ ਤੈਨੂੰ ਪਿਆਰ ਕਰਦਾ ਹਾਂ
ਪਰ ਤੂੰ ਨਹੀਂ ਕਰਦਾ
ਕਿਉਂ ਨਹੀਂ ਕਰਦਾ?
ਤੂੰ ਕਿਉਂ ਮੈਨੂੰ
ਅਣਚਾਹਿਆ ਬਸ਼ਿੰਦਾ ਮੰਨਦਾ ਹੈਂ
ਮਿੱਡੀ ਤੇ ਕਾਲ਼ੀ ਸਭਿਅਤਾ ਦਾ ਵਾਰਸ ਮੰਨ
ਛੋਟਾ, ਛੋਟਾ ਤੇ ਬਹੁਤ ਛੋਟਾ ਕਰਨ ਦੀ ਖਾਹਿਸ਼ ਹੈ ਤੇਰੀ
ਸਦੀਆਂ ਤੋਂ ਅਭਿਆਸ ਹੋ ਗਿਆ ਹੈ ਤੇਰਾ
ਕਿ ਬੰਦਾ ਮਾਰਨ ਨਾਲੋਂ
ਉਸ ਨੂੰ
ਅੰਦਰੋਂ ਛੋਟਾ ਕਰਕੇ
ਮਾਰਨਾ ਚੰਗਾ ਹੁੰਦਾ
ਕਤਲ ਵੀ ਕਰਨਾ ਤੇ ਕਾਤਲ ਸਾਬਤ ਵੀ ਨਾ ਹੋਣਾ
ਇਤਿਹਾਸ ਵਿਚ ਹੋ ਗਿਆ ਹੈ ਸ਼ਾਮਲ

ਪਰ ਤੈਨੂੰ ਨਹੀ ਪਤਾ
ਮੈਂ ਤੇਰਾ ਇਮਾਨਦਾਰ ਵਾਸੀ ਹਾਂ
ਮੇਰੇ ਕੋਲ ਕਦੇ ਨਹੀਂ ਆਈ
ਖੇਤਾਂ ਦੀ ਮਾਲਕੀ
ਵਪਾਰ ਦੀ ਵਾਗਡੋਰ
ਰਾਜ-ਸੱਤਾ ਦਾ ਵੱਡਾ ਤਖ਼ਤ
ਮੈਂ ਮਹਿਲਾਂ ਵਿਚ ਨਹੀਂ ਰਿਹਾ
ਨਾ ਹੀ ਮੈਂ ਕਿਸੇ ਦੇ ਪੀਤੇ ਹਨ ਸੀਰਮੇ
ਨਾ ਘੁੰਗਰੂਆਂ ਨੂੰ ਕਿਤੇ ਕੀਤਾ ਬੇਇੱਜ਼ਤ
ਨਾ ਹੀ ਕਿਸੇ ਦੀਵੇ ਨੂੰ
ਫੂਕ ਮਾਰ ਬੁਝਾਇਆ ਹੈ
ਮੈਂ ਤਾਂ ਹੱਥੀਂ ਕਿਰਤ ਕੀਤੀ ਹੈ
ਪਸੀਨੇ ਨੂੰ ਪਵਿੱਤਰ ਮੰਨ
ਹੋਰ ਕਿਸਮਾਂ ਦੀ ਪਵਿੱਤਰਤਾ ਵੱਲ ਨਹੀਂ ਧਰਿਆ ਹੈ ਕੰਨ
ਫਰਜ਼ ਦੇ ਹੁਕਮ ਨਾਲ ਚੱਲਿਆ ਹੈ ਦੇਹ ਵਿਚ ਖ਼ੂਨ
ਲਾਲੀ ਵੀ ਆਈ ਹੈ ਫ਼ਰਜ਼ ਵਿੱਚੋਂ

ਪਰ ਤੂੰ ਜਿਨ੍ਹਾਂ ਨੂੰ
ਮੰਨਦਾ ਹੈਂ ਸਕੇ ਪੁੱਤ
ਉਹ ਲਾਲਚੀ ਹਨ
ਸਭ ਕਾਸੇ 'ਤੇ
ਕਬਜ਼ਾ ਕਰੀਂ ਬੈਠੇ ਹਨ
ਮੇਰੇ ਵਰਗਿਆਂ ਨੂੰ ਲੁੱਟਦੇ ਹਨ, ਕੁੱਟਦੇ ਹਨ
ਬੇਦਰਦੀ ਨਾਲ ਲਹੂ ਕੱਢਦੇ ਹਨ
ਡਾਂਗ ਦਾ ਅਰਥ ਹੁਣ ਇਹ ਬਣਾ ਦਿੱਤਾ ਹੈ
ਉਹ ਵਸਤੂ ਜਿਹੜੀ ਹਰ ਗਰੀਬ ਨੂੰ ਪੈਣੀ ਹੈ

ਤੇਰੇ ਲਾਡਲਿਆਂ ਨੇ
ਅਜਿਹੇ ਲਾਡਲੇ ਰੱਖ ਲਏ ਹਨ
ਜਿਹੜੇ ਮੇਰੇ ਵਰਗਿਆਂ ਨੂੰ
ਹੱਕ ਤੇ ਟੁੱਕ ਸ਼ਬਦ ਕਹਿਣ ਨਹੀਂ ਦਿੰਦੇ
ਸੋਟੀ ਤੇ ਸੱਟ ਦਿੰਦੇ ਹਨ
ਜ਼ਿਹਨ ਵਿਚ ਰੋਸ਼ਨੀ ਉਜਾੜਨ ਲਈ
ਚੁੱਕੀ ਫਿਰਦੇ ਹਨ
ਨਵੇਂ-ਨਵੇਂ ਹਥਿਆਰ

ਐ, ਮੇਰੇ ਮੁਲਕ
ਤੇਰਾ ਹਰ ਸਾਊ ਨਾਗਰਿਕ
ਸਹਿਮ ਵਿਚ ਹੈ
ਮਾਂ ਪਿਓ ਦੇ ਹੁੰਦਿਆਂ
ਜੇ ਔਲਾਦ ਸਹਿਮ ਖ਼ੌਫ਼ ਵਿਚ ਹੈ
ਤਾਂ ਮਾਪੇ ਕੁਮਾਪੇ ਅਮਾਪੇ ਹੁੰਦੇ
ਹਾਜ਼ਰੀ ਦੀ ਥਾਂ ਗੈਰਹਾਜ਼ਰ ਹੋਣਾ
ਸਭਿਅਤਾ ਦੇ ਸੰਗੀਤਕ ਹੱਥਾਂ ਤੋਂ ਬੰਸਰੀ ਖੋਹਣਾ ਹੈ
ਤੇਰੇ ਲਾਡਲਿਆਂ ਦੀ ਬੇਫਰਜ਼ੀ, ਬਦਫ਼ਰਜ਼ੀ ਨੇ
ਮਹਿਸੂਸ ਕਰਨ ਲਾ ਦਿੱਤਾ ਹੈ ਕਿ
ਜ਼ਿੰਦਗੀ ਭਾਰ ਢੋਹਣਾ ਹੈ
ਜੀਣਾ ਮਜਬੂਰੀ ਹੈ
ਚਾਅ ਨਹੀਂ ਹੈ

ਐ, ਮੁਲਕ
ਮੈਂ ਤੈਨੂੰ ਪਿਆਰ ਕਰਦਾ ਹਾਂ
ਪਰ ਤੂੰ ਨਹੀਂ ਕਰਦਾ...

## ਧੀਆਂ ਸਵਾਲ ਪੁੱਛਦੀਆਂ

ਇਹ ਧਰਤੀ ਧੀਆਂ ਦੀ ਨਹੀਂ
ਕੁਬੰਦਿਆਂ ਦੀ ਹੈ
ਜਿਹਨਾਂ ਦੀਆਂ ਰਗਾਂ ਵਿਚ ਲਹੂ ਨਹੀਂ
ਪਸ ਪਸਰੀ ਹੈ
ਪੁਰਸ਼ਵਾਦ ਚਿਪਕਿਆ ਪਿਆ ਹੈ
ਸਿਰ ਤੋਂ ਪੈਰਾਂ ਤੱਕ
ਤੇ ਪੈਰ ਪਸਰੇ ਪਏ ਨੇ
ਜ਼ਹਿਰੀਲੇ ਇਤਿਹਾਸ ਤੱਕ

ਇਹ ਇਤਿਹਾਸ ਰੱਤ ਪੀਂਦਾ ਹੈ
ਗਰੀਬਾਂ ਦੇ ਸਿਰਾਂ ਵਿੱਚੋਂ
ਸੁਪਨੇ ਨਿਗਲ਼ਦਾ ਹੈ
ਧੀਆਂ ਦੀਆਂ ਅੱਖਾਂ ਵਿਚੋਂ
ਪਾਰ ਦੇਖਣ ਵਾਲੀਆਂ ਕੱਢਦਾ ਹੈ ਅੱਖਾਂ
ਜੇ ਸਲਾਮਤ ਰਹਿਣ ਅੱਖਾਂ
ਤਾਂ ਸਜ਼ਾ ਦਿੰਦਾ ਹੈ ਅਜਿਹੀ
ਕਿ ਆਲ਼ੇ-ਦੁਆਲ਼ੇ ਦੀ ਹਵਾ ਵੀ
ਕਰ ਦਿੱਤੀ ਜਾਂਦੀ ਹੈ ਅਪਾਹਜ

ਜਿਸਮ 'ਤੇ ਹਮਲਾ ਕਰਦਾ ਹੈ
ਜ਼ਹਿਨ ਵਿਚ ਫ਼ੈਲਾਇਆ ਜਾਂਦਾ ਹੈ
ਡਰ, ਭੈਅ, ਬੇਇੱਜ਼ਤੀ, ਬੇਚੈਨੀ
ਵਧਣ ਵਾਲੇ ਪੈਰਾਂ 'ਤੇ
ਪਾਈ ਜਾਂਦੀ
ਪ੍ਰੰਪਰਾ ਦੀ ਜ਼ੰਜੀਰ
ਦਿਖਦੀ, ਅਣਦਿਖਦੀ ਹਿੰਸਾ ਨਾਲ
ਹਵਾ ਵਿੱਚੋਂ ਕਸ਼ੀਦ ਲਏ ਜਾਂਦੇ ਹਨ
ਹਾਸਿਆਂ ਦੇ ਕਣ
ਦੇਹ ਵਿਚ ਚੀਸ ਪੈਂਦੀ
ਟੀਸ ਪੈਂਦੀ
ਮਿੱਟੀ ਬੇਵੱਸ ਹੁੰਦੀ
ਸਭਿਅਤਾ ਦੇ ਤਾਜਾਂ ਤਖ਼ਤਾਂ 'ਤੇ
ਥੁੱਕਣਾ ਚਾਹੁੰਦੀ
ਨਿਰਲੱਜ ਹਨੇਰੇ ਦੇ ਮੂੰਹ 'ਤੇ
ਥੱਪੜ ਮਾਰਨਾ ਚਾਹੁੰਦੀ

ਧੀਆਂ ਸਵਾਲ ਪੁੱਛਦੀਆਂ
ਕਿ ਉਹ ਕਦੋਂ ਬਣਨਗੀਆਂ
ਸੰਪੂਰਨ ਜੀਵ
ਕਦੋਂ ਦੇਖਿਆ ਜਾਵੇਗਾ
ਉਹਨਾਂ ਨੂੰ ਜਿਸਮਾਂ ਤੋਂ ਪਾਰ
ਕਦੋਂ ਤੁਹਾਡੇ ਦਿਲ ਵਿਚ ਦਿਲ ਆਵੇਗਾ
ਕਦੋਂ ਮਰਨਗੇ ਪਿੰਡਿਆਂ ਨੂੰ ਚਿੰਬੜਨ ਵਾਲੇ
ਤੁਹਾਡੇ ਜ਼ਹਿਰੀਲੇ ਨੈਣ
ਕਦੋਂ ਮੁਕੇਗੀ ਇਹ ਕਕਰੀਲੀ, ਤੇਜ਼ਾਬੀ ਰਾਤ
ਸਮੇਂ ਦੇ ਕਦੋਂ ਪੈਣਗੇ ਸੁਨਹਿਰੀ ਛੱਲੇ
ਸਮੇਂ ਦੇ ਕਦੋਂ ਪੈਣਗੇ ਸੁਨਹਿਰੀ ਛੱਲੇ...

## ਤੇਰੇ ਕਰਕੇ

ਵਕਤ ਨੇ ਛੱਜ 'ਚ ਪਾ
ਬੜਾ ਕੁਝ ਛੰਡਿਆ
ਆਂਦਰਾਂ ਦੇ ਸੁਪਨੇ
ਤੇ ਮੋਹ ਦੇ ਸੁਪਨੇ
ਦੂਰ-ਦੂਰ ਰਹੇ
ਮਨ ਨੇ ਬਥੇਰੀ ਟਕੋਰ ਕੀਤੀ
ਕਦੇ ਰੱਬ, ਕਦੇ ਕਰਮ, ਕਦੇ ਪ੍ਰਲਬਧ
ਕਦੇ ਕਿਰਿਆ, ਪ੍ਰਤਿਕਿਰਿਆ ਦੇ ਤਰਕ
ਪਰ ਜੁੜਿਆ ਨਾ ਕੋਈ
ਨਵਾਂ ਰਾਹ ਨਵੀਂ ਪਗਡੰਡੀ
ਜਲੂਣ ਝੱਲਣਾ ਕਰਮ ਬਣਿਆ

ਫਿਰ ਤੇਰੀ ਆਮਦ ਹੋਈ
ਆਮਦ ਵਿਚ ਆਦਮ ਦੇ ਗੁਣ ਜਾਣੇ
ਜਾਣਿਆ ਜੇ ਰੋਟੀ ਰਾਗ ਹੈ
ਤਾਂ ਮੁਹੱਬਤ ਭਾਗ ਹੈ
ਇਹਨਾਂ ਦਾ ਸੰਗਮ
ਸਰਗਮ ਛੇੜਦਾ ਹੈ
ਇਸ ਨਾਲ
ਫੇਫੜੇ ਵਿਚ ਹੀ ਮਰ ਜਾਂਦੀ ਮੈਂ
ਤੇਰੀ ਆਵਾਜ਼ ਨੇ
ਕੰਨਾਂ ਨੂੰ ਕੰਮ ਦਿੱਤਾ
ਅੱਖਾਂ ਨਿਰਮਲ ਹੋਈਆਂ
ਜੀਭ ਨੇ ਜਾਪ ਕੀਤਾ
ਚਮੜੀ ਦੀ ਰੁੱਤ ਬਦਲੀ
ਹੱਥ ਕਾਹਲ਼ੇ ਪਏ
ਤੇਰੇ ਸ਼ਬਦਾਂ ਦੀ ਤਸਵੀਰ ਬਣਾਉਣ ਨੂੰ
ਪੈਰਾਂ ਨੇ ਨਾਚ ਲਈ
ਧਰਤੀ ਤੋਂ ਸਾਈ ਫੜੀ

ਖਿੰਡੇ ਰਾਗਾਂ ਵਿੱਚ
ਖਿੰਡੇ-ਪੁੰਡੇ ਖਿਆਲਾਂ ਵਿੱਚ
ਦੀਨ ਦੇ ਤਖ਼ਤ ਵਿੱਚੋਂ ਨਿਕਲਿਆ ਤੇਜ਼
ਜੋੜ ਕੇ ਲੈ ਗਿਆ ਦੂਰ
ਜਿੱਥੇ ਤੇਰੀ ਪੈੜ ਨੇ ਵੀ
ਹਨੇਰੇ ਨੂੰ ਹੁੜਕਿਆ ਸੀ
ਤੈਨੂੰ ਵੀ ਖ਼ੁਸ਼ੀ ਹੋਈ ਸੀ
ਜਦੋਂ ਪ੍ਰੰਪਰਾ ਦਾ ਖੇਸ
ਓਹ ਵਗਾ ਮਾਰਿਆ ਸੀ

ਉਹ ਥਾਂ ਹੁਣ
ਆਸ ਬੱਤੀਆਂ ਦੰਦਾਂ ਦਾ ਹਾਸਾ ਹੱਸਦੀ ਹੈ
ਕਿ ਇਸ ਹਾਸੇ ਨਾਲ ਮਰ ਜਾਣਗੇ
ਸਦੀਆਂ ਤੋਂ
ਬੁੱਕਲ ਵਿਚ ਬੈਠੇ ਦੁੱਖ
ਮੈਨੂੰ ਦੱਸਿਆ ਸੀ ਕਿਸੇ ਨੇ
ਜਦੋਂ ਗਰੀਬ ਤੇ ਆਸ਼ਕ ਰਲ਼ ਕੇ ਹੱਸਦੇ
ਤਾਂ ਧਰਤੀ ਦੀ ਪੇਪੜੀ ਦੀ ਜੂਨ ਬਦਲ ਜਾਂਦੀ
ਇਸ ਵਿਚ ਹਵਾ ਨੂੰ ਘੁੰਗਰੂ ਲਗਦੇ
ਪਾਣੀ ਦੀ ਤਰਲਤਾ ਨੂੰ ਬੂਰ ਆਉਂਦਾ
ਦੇਖ ਤੇਰੀ ਆਮਦ ਨੇ
ਕਿੰਨਾ ਬਦਲ ਦਿੱਤਾ ਮੈਂ
ਮੈਂ ਬਦਲਿਆ ਤਾਂ ਕਿੰਨਾ ਕੁਝ ਬਦਲਿਆ

ਹੁਣ ਵਕਤ ਨਹੀਂ ਛੰਡਦਾ
ਮੋਹ ਕੋਲ ਆ-ਆ ਬੈਠੀ ਜਾਂਦੇ
ਫੁਰਨੇ
ਫੁਰਨੇ ਜਿਹੜੇ ਬਿਨਾਂ ਥੰਮ੍ਹੀ ਤੋਂ
ਹੌਸਲੇ ਦੀ ਛੱਤ ਪਾਉਂਦੇ
ਕਿੰਨੀ ਚੰਗੀ ਹੈ ਤੇਰੀ ਆਮਦ...

## ਉਦਾਸ ਹੈ ਭਗਤ ਸਿੰਘ

ਉਦਾਸ ਹੈ ਭਗਤ ਸਿੰਘ
ਜਾਣ ਰਿਹਾ ਹੈ ਆਪਣੇ-ਆਪ ਨੂੰ
ਜਾਣ ਕੇ ਸਾਨੂੰ
ਉਸ ਨੇ ਸਿਰਫ਼ ਅੰਗਰੇਜ਼ ਦਾ ਜ਼ੁਲਮ ਦੇਖਿਆ ਸੀ
ਸਾਡਾ ਵਜੂਦ ਨਾ ਜਾਣਿਆ ਸੀ
ਕਿ ਕਿਹੋ ਜਿਹੇ ਹੋਣਗੇ
ਸਾਡੀਆਂ ਕੁਰਬਾਨੀਆਂ 'ਤੇ
ਪਲਣ ਵਾਲੇ ਲੋਕ
ਉਸ ਨੂੰ ਕੀ ਪਤਾ ਸੀ
ਇੱਥੇ ਅਮਰ ਸਿੰਘ ਵਰਗਿਆਂ ਦੀ ਔਲਾਦ ਦਾ ਰਾਜ ਹੋਣਾ ਹੈ
ਉਸ ਨੂੰ ਕੀ ਪਤਾ ਸੀ ਕਿ
ਲੋਕਤੰਤਰ ਨੇ ਧੂੰਏਂ ਵਾਂਗ ਉਡ ਕੇ
ਗਰੀਬਾਂ ਦੀਆਂ ਅੱਖਾਂ ਵਿਚ ਮੱਚਣਾ ਹੈ
ਉਸ ਨੂੰ ਕੀ ਪਤਾ ਸੀ
ਕਿ ਮੇਰੇ ਨਾਸਤਿਕ ਹੋਣ ਦੇ ਬਾਵਜੂਦ
ਮੈਨੂੰ ਪੂਜਣ ਲੱਗ ਜਾਣਗੇ ਲੋਕ
ਉਸ ਨੂੰ ਕਿੱਥੇ ਪਤਾ ਸੀ
ਕਿ ਅਜਿਹੇ ਹੋਣਗੇ ਚਿੱਤਰਕਾਰ
ਜਿਹੜੇ ਰੰਗ ਵਾਰ ਚਿੜੀਆਂ ਨੂੰ
ਬਾਜ਼ ਬਣਾ ਦੇਣਗੇ
ਕੌਲੇ ਚੱਕੀ ਫਿਰਦੇ ਲੋਕਾਂ ਨੂੰ
ਸਾਬਤ ਸਿੱਧ ਕਰ ਦੇਣਗੇ ਦਾਤੇ

ਭਗਤ ਸਿੰਘ ਉਦਾਸ
ਇਸ ਕਰਕੇ ਵੀ ਹੈ
ਅਸੀਂ ਚੁੱਕੀ ਨਹੀਂ ਕਿਤਾਬ
ਪੜ੍ਹਿਆ ਨਹੀਂ ਆਪਣਾ ਸੱਚ
ਇਤਿਹਾਸ ਦਾ ਪਲਟ ਕੇ ਨਹੀਂ ਦੇਖਿਆ ਪੰਨਾ
ਪੂਰਿਆ ਨਹੀਂ ਰਾਜਾਸ਼ਾਹੀ ਦਾ ਟੋਆ
ਜਿਸ ਵਿੱਚ ਡਿੱਗ ਰਿਹਾ ਹੈ
ਬੰਦੇ ਦਾ ਸ਼ਮਲਾ

ਭਗਤ ਸਿੰਘ
ਉਦਾਸ ਇਸ ਕਰਕੇ ਵੀ ਹੈ ਕਿ
ਅਸੀਂ ਨਹੀਂ ਪੜ੍ਹਿਆ
ਉਸ ਦਾ ਅਛੂਤ ਦਾ ਸਵਾਲ
ਅਸੀਂ ਸੋਚੀ ਨਹੀਂ ਉਹਨਾਂ ਲਈ ਕੋਈ ਸੋਚ
ਵਿਹੜਿਆਂ ਵਿੱਚੋਂ ਪੱਟੀ ਨਹੀਂ
ਉਦਾਸੀ ਦੀ ਪੇਪੜੀ
ਉਹਨਾਂ ਦੇ ਹਥੇਲੀ 'ਤੇ ਨਹੀਂ ਧਰਿਆ
ਇੱਜ਼ਤ ਨਾਲ ਅੰਨ ਦਾਣਾ

ਭਗਤ ਸਿੰਘ ਉਦਾਸ ਹੈ ਕਿ
ਲੋਕ ਖੜਕਾ ਕਰਨ ਤੇ ਬੰਬ ਸੁੱਟਣ ਦੇ ਅਰਥਾਂ ਨੂੰ ਨਾ ਜਾਣ ਸਕੇ
ਫਾਂਸੀ ਲਟਕਣ ਕੀ ਹੁੰਦਾ
ਫਾਂਸੀ ਕਾਹਦੇ ਲਈ ਲੱਗਣਾ ਹੁੰਦਾ
ਵਿਚਾਰ ਦੀ ਆਜ਼ਾਦੀ ਦਾ
ਫਾਂਸੀ ਨਾਲ ਕੀ ਹੁੰਦਾ ਸੰਬੰਧ

ਭਗਤ ਸਿੰਘ ਉਦਾਸ ਹੈ
ਉਦੋਂ ਤੱਕ
ਜਦੋਂ ਤੱਕ ਅਸੀਂ ਉਦਾਸ ਨਹੀਂ ਹੁੰਦੇ
ਜਦੋਂ ਤੱਕ ਸਿਰਾਂ 'ਚ ਨਹੀਂ ਲਾਉਂਦੇ ਸੱਚ ਦਾ ਆਸਣ
ਵਿਗਿਆਨ ਦੀ ਬਣਾਉਂਦੇ ਨਹੀਂ ਕੋਈ ਪਗਡੰਡੀ
ਨਵੇਂ ਸਿਰੇ ਤੋਂ ਸੰਬੋਧਿਤ ਨਹੀਂ ਹੁੰਦੇ ਸਵਾਲਾਂ ਨੂੰ
ਮੱਲਮਾਂ ਦਾ ਵਸਾਉਂਦੇ ਨਹੀਂ ਕੋਈ ਨਗਰ

ਭਗਤ ਸਿੰਘ ਦੀ ਤੋੜਨੀ ਹੈ ਉਦਾਸੀ
ਉਸ ਨੂੰ ਪੂਜਣਾ ਨਹੀਂ
ਪੜ੍ਹਨਾ ਹੈ
ਜਾਨਣਾ ਹੈ
ਪੜ੍ਹਨਾ ਹੈ
ਜਾਨਣਾ ਹੈ।

ਸੰਪਰਕ : 88725-11179

## ਸਫ਼ਾ 2 ਦੀ ਬਾਕੀ

## 'ਚੋਣ ਕਮਿਸ਼ਨ : ਕਾਰਨਾਮੇ, ਕੁਫ਼ਰ ਅਤੇ ਕਬੂਲਨਾਮਾ'...

ਦਫ਼ਤਰੀ ਪੱਤਰ ਵਿਹਾਰ ਹੋਣਾ, ਕਮਿਸ਼ਨ ਦੀਆਂ ਮੀਟਿੰਗਾਂ ਦਾ ਏਜੰਡਾ ਅਤੇ ਮੀਟਿੰਗ ਤੋਂ ਬਾਅਦ ਮੀਟਿੰਗ ਦੀ ਕਾਰਵਾਈ (Minutes of Meeting) ਦਾ ਪ੍ਰਾਪਤ ਨਾ ਹੋਣਾ, ਚੋਣ ਕਮਿਸ਼ਨ ਦੇ ਅਧਿਕਾਰੀਆਂ ਦਾ ਛੁੱਟੀ ਮਨਜ਼ੂਰ ਕਰਵਾਏ ਬਗੈਰ ਵਿਦੇਸ਼ ਜਾਣਾ, ਫਾਰਮ ਛੇ ਵਿੱਚ ਗੈਰ-ਕਾਨੂੰਨੀ ਤਬਦੀਲੀ, ਵੋਟਰ ਰੋਲ ਡਾਟਾਬੇਸ ਦਾ ਕੇਂਦਰੀਕਰਨ, ਕਮਿਸ਼ਨ ਵਿੱਚ ਉਹਨਾਂ ਦੀ ਜਾਣਕਾਰੀ ਤੋਂ ਬਿਨਾਂ ਕੰਮ-ਵੰਡ, ਕੰਮ ਰੋਸਟਰ ਵਿੱਚ ਗੜਬੜੀ, ਪੱਛਮੀ ਬੰਗਾਲ ਵਿੱਚ ਚੋਣ ਕਮਿਸ਼ਨ ਦੇ ਨਾਂਅ 'ਤੇ ਟ੍ਰਿਬਿਊਨਲਾਂ ਕੋਲ ਪਾਈਆਂ ਜਾ ਰਹੀਆਂ ਅਪੀਲਾਂ, ਫੀਲਡ ਅਫ਼ਸਰਾਂ ਵੱਲੋਂ ਈ ਸੀ ਆਈ : ਨੈੱਟ ਤੱਕ ਪਹੁੰਚ ਨਾ ਹੋਣ ਵਰਗੇ ਗੰਭੀਰ ਮੁੱਦੇ ਉਠਾਏ ਸਨ।ਜਦੋਂ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਆਪਣੇ ਦੋਵਾਂ ਸਾਥੀਆਂ ਦੇ ਉਠਾਏ ਸਰੋਕਾਰਾਂ ਦੀ ਕੋਈ ਪ੍ਰਵਾਹ ਨਹੀਂ ਕੀਤੀ ਅਤੇ ਕਮਿਸ਼ਨ ਅੰਦਰ ਪ੍ਰਬੰਧਕੀ ਢਾਂਚੇ ਵਿੱਚ ਨਵੇਂ ਅਧਿਕਾਰੀਆਂ ਨੂੰ ਸ਼ਾਮਲ ਕਰਕੇ ਸਮੁੱਚੇ ਪ੍ਰਬੰਧ ਨੂੰ ਏਕੀਕ੍ਰਿਤ ਕਰ ਦਿੱਤਾ ਗਿਆ ਤਾਂ ਸੰਧੂ ਅਤੇ ਜੋਸ਼ੀ ਨੇ ਦੋ ਪੱਤਰ ਕੈਬਨਿਟ ਸਕੱਤਰ ਨੂੰ ਕਮਿਸ਼ਨ ਅੰਦਰ ਚੱਲ ਰਹੀ ਲਾ-ਕਾਨੂੰਨੀ ਸੰਬੰਧੀ ਪੱਤਰ ਲਿਖੇ।ਦੋਵਾਂ ਚੋਣ ਕਮਿਸ਼ਨਰਾਂ ਵੱਲੋਂ ਲਿਖੀਆਂ ਚਿੱਠੀਆਂ ਦੀ ਖ਼ਬਰ ਇੱਕ ਵਿਸਫੋਟ ਦੀ ਤਰ੍ਹਾਂ ਸੀ। ਚੋਣ ਕਮਿਸ਼ਨ ਨੇ ਮੀਡੀਆ ਸਾਹਮਣੇ ਆਉਣ ਦੀ ਜੁਰਅਤ ਨਹੀਂ ਕੀਤੀ। ਲਿਪਾ-ਪੋਚੀ ਕਰਦਾ ਇੱਕ ਪ੍ਰੈੱਸ ਬਿਆਨ ਜਾਰੀ ਕਰ ਦਿੱਤਾ ਕਿ ਮੱਤਭੇਦ ਕੁਦਰਤੀ ਹਨ। ਇੰਡੀਅਨ ਐਕਸਪ੍ਰੈੱਸ ਦੀ ਖ਼ਬਰ ਵਿਚਲੀ ਇਬਾਰਤ ਨੂੰ ਨਿਕਾਰਿਆ ਨਹੀਂ ਗਿਆ। ਉਸ ਤੋਂ ਬਾਅਦ ਛੱਬੀ ਸਤੰਬਰ ਨੂੰ ਤਿੰਨਾਂ ਚੋਣ ਕਮਿਸ਼ਨਰਾਂ ਦੀ ਸਾਂਝੀ ਫੋਟੋ ਵਾਲਾ ਇੱਕ ਹੋਰ ਪ੍ਰੈੱਸ ਨੋਟ ਸਾਹਮਣੇ ਆਇਆ, ਜਿਸ ਵਿੱਚ ਜੋ ਵੀ ਨਿਯਮਾਂ ਤੋਂ ਬਾਹਰ ਜਾ ਕੇ ਚੋਣ ਕਮਿਸ਼ਨ ਦੇ ਕਾਰਨਾਮੇ ਸਨ, ਉਹਨਾਂ ਨੂੰ ਕਬੂਲ ਕਰਦਿਆਂ ਦਰੁਸਤ ਕਰਨ ਦੀ ਗੱਲ ਕੀਤੀ ਗਈ। ਮਿਸਾਲ ਦੇ ਤੌਰ 'ਤੇ ਕਿਹਾ ਕਿ ਅੱਗੇ ਤੋਂ ਮੀਟਿੰਗ ਦਾ ਏਜੰਡਾ ਪਹਿਲਾਂ ਭੇਜਿਆ ਜਾਇਆ ਕਰੇਗਾ ਅਤੇ ਮੀਟਿੰਗ ਦੀ ਕਾਰਵਾਈ (Minutes of Meeting) ਵੀ ਨੋਟ ਕੀਤੀ ਜਾਵੇਗੀ। ਕੀ ਇਸ ਦਾ ਮਤਲਬ ਇਹ ਨਹੀਂ ਕਿ ਹੁਣ ਤੱਕ ਚੋਣ ਕਮਿਸ਼ਨ ਦੀਆਂ ਮੀਟਿੰਗਾਂ ਬਿਨਾਂ ਏਜੰਡੇ ਤੋਂ ਹੀ ਹੋਈਆਂ ਸਨ? ਇਸ ਨੂੰ ਸਾਧਾਰਨ ਪ੍ਰਕ੍ਰਿਆ ਦੀ ਘਾਟ (Procedure Lapse) ਕਹਿ ਕੇ ਨਹੀਂ ਟਾਲਿਆ ਜਾ ਸਕਦਾ, ਬਲਕਿ ਇਹ ਮੁਲਕ ਦੇ ਕਰੋੜਾਂ ਵੋਟਰਾਂ ਨਾਲ ਧ੍ਰੋਹ ਵੀ ਹੈ ਅਤੇ ਫ਼ੌਜਦਾਰੀ ਜੁਰਮ ਵੀ। ਕੀ ਐੱਸ ਆਈ ਆਰ ਸ਼ੁਰੂ ਕਰਨ ਵੇਲੇ ਲੋੜੀਂਦੀ ਪ੍ਰਕ੍ਰਿਆ ਨਹੀਂ ਅਪਨਾਈ ਗਈ ਸੀ? ਸੰਭਾਵਨਾ ਹੈ ਕਿ ਨਹੀਂ। ਫਿਰ ਐੱਸ ਆਈ ਆਰ ਦਾ ਸਮੁੱਚਾ ਅਮਲ ਹੀ ਗੈਰ-ਕਾਨੂੰਨੀ ਹੈ। ਇਸ ਤੋਂ ਬਾਅਦ ਤੀਹ ਸਤੰਬਰ ਨੂੰ ਚੋਣ ਕਮਿਸ਼ਨ ਫੈਸਲਾ ਕਰ ਲੈਂਦਾ ਹੈ ਕਿ ਨਵੇਂ ਵੋਟਰਾਂ ਲਈ ਫਾਰਮ ਛੇ ਵਿੱਚ ਕੀਤੀਆਂ ਤਬਦੀਲੀਆਂ ਵੀ ਵਾਪਸ ਲਈਆਂ ਜਾਂਦੀਆਂ ਹਨ। ਪਹਿਲਾਂ ਕੀਤੀਆਂ ਗੈਰ ਕਾਨੂੰਨੀ ਤਬਦੀਲੀਆਂ ਦੀ ਜਵਾਬਦੇਹੀ ਕਿਸ ਦੀ ਹੈ? ਚੋਰੀ ਫੜੇ ਜਾਣ ਤੇ ਚੋਰੀ ਨੂੰ ਕਬੂਲ ਕਰਨ ਨਾਲ ਚੋਰੀ ਦਾ ਜੁਰਮ ਖਤਮ ਨਹੀਂ ਹੋ ਜਾਂਦਾ। ਇਸ ਦੇ ਨਾਲ ਹੀ ਚੋਣ ਕਮਿਸ਼ਨ ਦੇ ਪ੍ਰੈੱਸ ਨੋਟ ਵਿੱਚ ਇਹ ਕੁਫ਼ਰ ਤੋਲਿਆ ਗਿਆ ਕਿ ਫਾਰਮ ਨੰਬਰ ਛੇ ਵਿੱਚ ਕੀਤੀਆਂ ਤਬਦੀਲੀਆਂ ਨੂੰ ਸੁਪਰੀਮ ਕੋਰਟ ਦੀ ਸਹਿਮਤੀ ਹੈ ਪਰ ਇਸ ਮਹੀਨੇ ਇੱਕ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਸਪੱਸ਼ਟ ਕਰ ਦਿੱਤਾ ਕਿ ਉਸ ਵੱਲੋਂ ਇਹਨਾਂ ਤਬਦੀਲੀਆਂ ਨੂੰ ਕੋਈ ਮਾਨਤਾ ਨਹੀਂ ਦਿੱਤੀ ਗਈ! ਚੋਣ ਕਮਿਸ਼ਨ ਦੇ ਅਫਸਰਾਂ ਵੱਲੋਂ ਬਿਨਾਂ ਮਨਜ਼ੂਰੀ ਕੀਤੀਆਂ ਵਿਦੇਸ਼ ਯਾਤਰਾਵਾਂ ਨੂੰ ਮੰਨਦੇ ਹੋਏ ਪ੍ਰੈੱਸ ਬਿਆਨ ਮੰਨਦਾ ਹੈ ਕਿ ਅੱਗੇ ਤੋਂ ਮਨਜ਼ੂਰੀ ਜ਼ਰੂਰੀ ਬਣਾ ਦਿੱਤੀ ਜਾਵੇਗੀ। ਨਿਯਮ ਕਿਸੇ ਮੁੱਖ ਮੰਤਰੀ ਤੱਕ ਨੂੰ ਬਿਨਾਂ ਮਨਜ਼ੂਰੀ ਵਿਦੇਸ਼ ਯਾਤਰਾ ਦੀ ਇਜਾਜ਼ਤ ਨਹੀਂ ਦਿੰਦੇ, ਪਰ ਚੋਣ ਕਮਿਸ਼ਨ ਦੇ ਜਿਹੜੇ ਅਫਸਰਾਂ ਨੇ ਬਿਨਾਂ ਮਨਜ਼ੂਰੀ ਵਿਦੇਸ਼ ਯਾਤਰਾ ਕੀਤੀ ਹੈ, ਕੀ ਉਹਨਾਂ ਖਿਲਾਫ਼ ਸਿਵਲ ਸਰਵਿਸਿਜ਼ ਰੂਲਜ਼ ਅਨੁਸਾਰ ਕੋਈ ਕਾਰਵਾਈ ਵੀ ਅਮਲ ਵਿੱਚ ਲਿਆਂਦੀ ਜਾਵੇਗੀ? ਇੱਕ ਹੋਰ ਤੱਥ ਵੀ ਕਾਬਲੇਗ਼ੌਰ ਹੈ ਕਿ ਚੋਣ ਕਮਿਸ਼ਨ ਇੱਕ ਖ਼ੁਦ-ਮੁਖਤਿਆਰ ਸੰਵਿਧਾਨਕ ਸੰਸਥਾ ਹੈ, ਜੋ ਆਪਣੇ ਕਿਸੇ ਵੀ ਕੰਮ ਲਈ ਖ਼ੁਦ ਜਵਾਬਦੇਹ ਹੈ, ਪਰ ਜਦੋਂ ਵੀ ਚੋਣ ਕਮਿਸ਼ਨ 'ਤੇ ਕਿਸੇ ਕਿਸਮ ਦੀ ਉਂਗਲ ਉਠਦੀ ਹੈ ਤਾਂ ਉਸ ਦਾ ਬਚਾਅ ਕਰਨ ਲਈ ਸੱਤਾਧਾਰੀ ਧਿਰ ਭਾਜਪਾ ਅੱਗੇ ਆ ਜਾਂਦੀ ਹੈ। ਤੇਈ ਸਤੰਬਰ ਦੀ ਖ਼ਬਰ ਤੋਂ ਬਾਅਦ ਵੀ ਤਿੰਨ ਭਾਜਪਾ ਨੇਤਾਵਾਂ ਰਵੀ ਸ਼ੰਕਰ ਪ੍ਰਸਾਦ, ਸੁਧਾਂਸ਼ੂ ਤ੍ਰਿਵੇਦੀ ਅਤੇ ਸੁਮਿਤ ਪਾਤਰਾ ਚੋਣ ਕਮਿਸ਼ਨ ਦੇ ਹੱਕ ਵਿੱਚ ਜ਼ੋਰ-ਸ਼ੋਰ ਨਾਲ ਸਫ਼ਾਈਆਂ ਦੇਣ ਲੱਗੇ ਹੋਏ ਹਨ। ਕੀ ਇਹ ਨਹੀਂ ਸਪੱਸ਼ਟ ਕਰਦਾ ਕਿ ਸੱਤਾਧਾਰੀ ਭਾਜਪਾ ਅਤੇ ਚੋਣ ਕਮਿਸ਼ਨ 'ਤੇਰੀ ਮੇਰੀ ਇੱਕ ਜਿੰਦੜੀ' ਬਣ ਚੁੱਕੇ ਹਨ? ਬਤੌਰ ਨਾਗਰਿਕ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਫਾਸ਼ਿਸਟ ਸੱਤਾ ਸੰਸਥਾਵਾਂ ਨੂੰ ਖਤਮ ਭਾਵੇਂ ਨਾ ਕਰੇ, ਪਰ ਨਿਪੁੰਸਕ ਜ਼ਰੂਰ ਬਣਾ ਦਿੰਦੀ ਹੈ। ਚੋਣ ਕਮਿਸ਼ਨ ਸਮੇਤ ਸੰਸਥਾਵਾਂ ਦਾ ਨਿਪੁੰਸਕ ਹੋ ਜਾਣਾ ਹਿੰਦੁਸਤਾਨੀ ਜਮਹੂਰੀਅਤ ਲਈ ਵੱਡੇ ਖਤਰੇ ਦੀ ਘੰਟੀ ਹੈ।

ਸੰਪਰਕ-98728-44163

## ਸਫ਼ਾ 1 ਦੀ ਬਾਕੀ

## ਮਜ਼ਦੂਰ ਦੀ ਮੁੱਠੀ ਤੋਂ ਲੋਕਤੰਤਰ ਦੇ ਮੰਚ ਤੱਕ...

ਕਾਮਿਆਂ ਲਈ ਬਰਖ਼ਾਸਤਗੀ ਦੇ ਨਿਯਮਾਂ ਵਿੱਚ ਵੱਡੀ ਤਬਦੀਲੀ ਆਈ। ਸਰਕਾਰੀ ਵਿਆਖਿਆ ਅਨੁਸਾਰ 7 ਮਾਰਚ 2015 ਤੋਂ ਬਾਅਦ ਲਾਗੂ ਹੋਏ ਨਵੇਂ ਸਥਾਈ ਰੁਜ਼ਗਾਰ ਕਰਾਰਾਂ ਲਈ ਵੱਖਰੀ ਬਰਖ਼ਾਸਤਗੀ ਪ੍ਰਣਾਲੀ ਲਾਗੂ ਕੀਤੀ ਗਈ, ਜਦਕਿ ਇਸ ਤੋਂ ਪਹਿਲਾਂ ਨਿਯੁਕਤ ਕਾਮਿਆਂ ਲਈ ਪੁਰਾਣੀ ਪ੍ਰਣਾਲੀ ਕਾਇਮ ਰਹੀ।

2025 ਵਿੱਚ ਇਟਲੀ ਵਿੱਚ ਬਰਖ਼ਾਸਤਗੀ, ਛੋਟੀਆਂ ਕੰਪਨੀਆਂ ਦੇ ਮੁਆਵਜ਼ੇ, ਨਿਸ਼ਚਿਤ ਮਿਆਦ ਵਾਲੇ ਕਰਾਰ ਅਤੇ ਕੰਮ ਦੀ ਸੁਰੱਖਿਆ ਨਾਲ ਸੰਬੰਧਤ ਪੰਜ ਜਨਮਤ-ਸੰਗ੍ਰਹਿ ਵੀ ਕਰਵਾਏ ਗਏ ਸਨ।

ਇਸ ਲਈ ਅੱਜ ਦਾ ਸਵਾਲ ਇਹ ਨਹੀਂ ਕਿ ਸਿਰਫ਼ ਪੁਰਾਣਾ ਕਾਨੂੰਨ ਵਾਪਸ ਆਵੇ ਜਾਂ ਨਵਾਂ ਕਾਨੂੰਨ ਬਣੇ। ਵੱਡਾ ਸਵਾਲ ਇਹ ਹੈ ਕਿ ਇੱਕ ਅਜਿਹੇ ਮਜ਼ਦੂਰ ਬਾਜ਼ਾਰ ਵਿੱਚ, ਜਿੱਥੇ ਦੇਸ਼ ਨੂੰ ਲਗਾਤਾਰ ਵਿਦੇਸ਼ੀ ਮਜ਼ਦੂਰਾਂ ਦੀ ਲੋੜ ਪੈ ਰਹੀ ਹੈ, ਹਰ ਮਜ਼ਦੂਰ ਦੀ ਕਾਨੂੰਨੀ ਅਤੇ ਮਨੁੱਖੀ ਸੁਰੱਖਿਆ ਕਿਵੇਂ ਯਕੀਨੀ ਬਣਾਈ ਜਾਵੇ।

ਪੰਜਾਬੀ ਮਜ਼ਦੂਰ ਲਈ ਸੀ ਜੀ ਐੱਲ ਦਾ ਅਰਥ ਕੀ ਹੈ?

ਇਹ ਸਵਾਲ ਪੰਜਾਬੀ ਭਾਈਚਾਰੇ ਲਈ ਖ਼ਾਸ ਮਹੱਤਵ ਰੱਖਦਾ ਹੈ। ਇਟਲੀ ਵਿੱਚ ਹਜ਼ਾਰਾਂ ਪੰਜਾਬੀ ਮਜ਼ਦੂਰ ਖੇਤੀਬਾੜੀ ਅਤੇ ਡੇਅਰੀ ਫਾਰਮਾਂ ਨਾਲ ਜੁੜੇ ਹੋਏ ਹਨ। ਉਨ੍ਹਾਂ ਵਿੱਚੋਂ ਬਹੁਤ ਸਾਰੇ ਅਜਿਹੇ ਵੀ ਹਨ, ਜਿਨ੍ਹਾਂ ਨੂੰ ਇਟਾਲੀਅਨ ਭਾਸ਼ਾ ਦੀ ਪੂਰੀ ਜਾਣਕਾਰੀ ਨਹੀਂ, ਕਾਨੂੰਨੀ ਪ੍ਰਣਾਲੀ ਦੀ ਸਮਝ ਸੀਮਤ ਹੈ ਅਤੇ ਆਪਣੇ ਰੁਜ਼ਗਾਰ ਦੇ ਅਧਿਕਾਰਾਂ ਬਾਰੇ ਵੀ ਪੂਰੀ ਜਾਣਕਾਰੀ ਨਹੀਂ ਹੁੰਦੀ।

ਅਜਿਹੇ ਮਜ਼ਦੂਰ ਲਈ ਮਜ਼ਦੂਰ ਜਥੇਬੰਦੀ ਦਾ ਦਫ਼ਤਰ ਸਿਰਫ਼ ਮੈਂਬਰਸ਼ਿਪ ਲੈਣ ਵਾਲੀ ਥਾਂ ਨਹੀਂ ਹੋਣਾ ਚਾਹੀਦਾ। ਉਹ ਮਜ਼ਦੂਰ ਲਈ ਕਾਨੂੰਨ ਸਮਝਾਉਣ ਵਾਲਾ ਸਕੂਲ, ਮੁਸੀਬਤ ਵੇਲੇ ਖੜ੍ਹਨ ਵਾਲਾ ਸਹਾਰਾ ਅਤੇ ਉਸ ਦੀ ਆਵਾਜ਼ ਨੂੰ ਪ੍ਰਸ਼ਾਸਨ ਤੱਕ ਪਹੁੰਚਾਉਣ ਵਾਲਾ ਪੁਲ ਹੋਣਾ ਚਾਹੀਦਾ ਹੈ।

ਜੇ ਕੋਈ ਪੰਜਾਬੀ ਮਜ਼ਦੂਰ ਡੇਅਰੀ ਫਾਰਮ ਵਿੱਚ ਦਿਨ-ਰਾਤ ਕੰਮ ਕਰਦਾ ਹੈ, ਜੇ ਉਸ ਨੂੰ ਕਰਾਰ ਦੀਆਂ ਸ਼ਰਤਾਂ ਦੀ ਸਮਝ ਨਹੀਂ, ਜੇ ਉਸ ਦੀ ਤਨਖਾਹ ਜਾਂ ਕੰਮ ਦੇ ਘੰਟਿਆਂ ਬਾਰੇ ਵਿਵਾਦ ਹੈ, ਜੇ ਉਸ ਨੂੰ ਕੰਮ ਵਾਲੀ ਥਾਂ 'ਤੇ ਸੁਰੱਖਿਆ ਦੀ ਘਾਟ ਮਹਿਸੂਸ ਹੁੰਦੀ ਹੈ, ਤਾਂ ਉਸ ਦੀ ਸਮੱਸਿਆ ਨੂੰ ਸਿਰਫ਼ ਇੱਕ ਹੋਰ ਮੈਂਬਰ ਦੇ ਖਾਤੇ ਵਿੱਚ ਦਰਜ ਕਰ ਦੇਣਾ ਮਜ਼ਦੂਰ ਜਥੇਬੰਦੀ ਦੀ ਇਤਿਹਾਸਕ ਭੂਮਿਕਾ ਨੂੰ ਛੋਟਾ ਕਰ ਦੇਵੇਗਾ।

ਮਜ਼ਦੂਰ ਜਥੇਬੰਦੀ ਦਾ ਅਸਲ ਇਮਤਿਹਾਨ ਉਸ ਵੇਲੇ ਹੁੰਦਾ ਹੈ ਜਦੋਂ ਸਭ ਤੋਂ ਕਮਜ਼ੋਰ ਮਜ਼ਦੂਰ ਉਸ ਦੇ ਦਰਵਾਜ਼ੇ 'ਤੇ ਆਉਂਦਾ ਹੈ।

ਪਰਵਾਸੀ ਮਜ਼ਦੂਰ-ਅੱਜ ਦੀ ਇਟਲੀ ਦੀ ਲੋੜ, ਪਰ ਕੀ ਉਸ ਦੀ ਆਵਾਜ਼ ਵੀ ਇੰਨੀ ਹੀ ਜ਼ਰੂਰੀ ਹੈ?

ਇਟਲੀ ਅੱਜ ਜਨਸੰਖਿਆ ਦੇ ਬੁਢਾਪੇ ਅਤੇ ਕੰਮਕਾਜੀ ਉਮਰ ਦੀ ਆਬਾਦੀ ਵਿੱਚ ਤਬਦੀਲੀਆਂ ਨਾਲ ਜੂਝ ਰਿਹਾ ਹੈ। ਇਸੇ ਕਰਕੇ ਵਿਦੇਸ਼ੀ ਮਜ਼ਦੂਰਾਂ ਦੀ ਲੋੜ ਆਰਥਿਕ ਨੀਤੀ ਦਾ ਹਿੱਸਾ ਬਣ ਚੁੱਕੀ ਹੈ। ਸਰਕਾਰ ਦਾ ਫਲੂੱਸੀ ਪ੍ਰੋਗਰਾਮ ਇਸ ਹਕੀਕਤ ਦਾ ਸਿੱਧਾ ਦਸਤਾਵੇਜ਼ ਹੈ।

ਪਰ ਇੱਥੇ ਇੱਕ ਬੁਨਿਆਦੀ ਸਵਾਲ ਪੁੱਛਣਾ ਵੀ ਜ਼ਰੂਰੀ ਹੈ-ਜੇ ਇਟਲੀ ਦੀ ਆਰਥਿਕਤਾ ਨੂੰ ਵਿਦੇਸ਼ੀ ਮਜ਼ਦੂਰਾਂ ਦੀ ਲੋੜ ਹੈ ਤਾਂ ਕੀ ਉਨ੍ਹਾਂ ਦੇ ਅਧਿਕਾਰ ਵੀ ਇਟਲੀ ਦੀ ਮਜ਼ਦੂਰ ਨੀਤੀ ਦੇ ਕੇਂਦਰ ਵਿੱਚ ਨਹੀਂ ਹੋਣੇ ਚਾਹੀਦੇ?

ਇਹ ਸਵਾਲ ਸਿਰਫ਼ ਸਰਕਾਰ ਨੂੰ ਨਹੀਂ, ਮਾਲਕਾਂ ਨੂੰ ਨਹੀਂ, ਸਗੋਂ ਮਜ਼ਦੂਰ ਜਥੇਬੰਦੀਆਂ ਨੂੰ ਵੀ ਹੈ।

ਖੇਤੀਬਾੜੀ ਵਿੱਚ ਸ਼ੋਸ਼ਣ ਅਤੇ ਗੈਰ-ਕਾਨੂੰਨੀ ਮਜ਼ਦੂਰੀ ਵਿਰੁੱਧ ਲੜਾਈ ਅੱਜ ਵੀ ਇਟਲੀ ਸਾਹਮਣੇ ਵੱਡਾ ਮਸਲਾ ਹੈ। ਇੱਥੋਂ ਤੱਕ ਕਿ ਸੀ ਜੀ ਐੱਲ ਨਾਲ ਜੁੜੀਆਂ ਜਥੇਬੰਦੀਆਂ ਨੇ ਵੀ ਪਰਵਾਸੀ ਮਜ਼ਦੂਰਾਂ ਦੇ ਸ਼ੋਸ਼ਣ ਅਤੇ ਗੈਰ-ਕਾਨੂੰਨੀ ਭਰਤੀ ਪ੍ਰਣਾਲੀਆਂ ਵਿਰੁੱਧ ਲਗਾਤਾਰ ਆਵਾਜ਼ ਉਠਾਈ ਹੈ।

ਇਸ ਲਈ ਅੱਜ ਸੀ ਜੀ ਐੱਲ ਦੇ 120 ਸਾਲ ਪੂਰੇ ਹੋਣ ਮੌਕੇ ਸਭ ਤੋਂ ਅਹਿਮ ਸਵਾਲ ਸ਼ਾਇਦ ਇਹ ਹੈ ਕਿ ਕੀ 1906 ਵਿੱਚ ਜਿਸ ਮਜ਼ਦੂਰ ਏਕਤਾ ਦਾ ਸੁਪਨਾ ਦੇਖਿਆ ਗਿਆ ਸੀ, ਉਸ ਵਿੱਚ 2026 ਦਾ ਪਰਵਾਸੀ ਮਜ਼ਦੂਰ ਵੀ ਉਸੇ ਬਰਾਬਰੀ ਨਾਲ ਸ਼ਾਮਲ ਹੈ?

ਜੇ ਜਵਾਬ ਹਾਂ ਹੈ ਤਾਂ ਇਹ 120 ਸਾਲਾਂ ਦੀ ਪਰੰਪਰਾ ਦੀ ਅਸਲ ਤਾਕਤ ਹੈ। ਜੇ ਕਿਤੇ ਘਾਟ ਹੈ ਤਾਂ ਉਸ ਘਾਟ ਨੂੰ ਮੰਨ ਕੇ ਅੱਗੇ ਵਧਣਾ ਹੀ ਜਥੇਬੰਦੀ ਦੀ ਜ਼ਿੰਦਗੀ ਦਾ ਹਿੱਸਾ ਹੈ।

ਪੰਜਾਬੀ ਮਜ਼ਦੂਰ ਲਈ ਵੀ ਸਵਾਲ ਇਹੀ ਹੈ-ਉਹ ਸਿਰਫ਼ ਇਟਲੀ ਦੀ ਆਰਥਿਕਤਾ ਦਾ ਹੱਥ ਬਣ ਕੇ ਨਾ ਰਹੇ, ਸਗੋਂ ਇਟਲੀ ਦੇ ਮਜ਼ਦੂਰ ਸਮਾਜ ਦਾ ਬਰਾਬਰ ਦਾ ਹੱਕਦਾਰ ਮੈਂਬਰ ਬਣੇ।

ਪੰਜਾਬ ਦੀ ਮਿੱਟੀ ਤੋਂ ਇਟਲੀ ਦੇ ਖੇਤਾਂ ਤੱਕ ਪਹੁੰਚੇ ਇਨ੍ਹਾਂ ਮਜ਼ਦੂਰਾਂ ਨੇ ਆਪਣੀ ਮਿਹਨਤ ਨਾਲ ਦੋ ਦੇਸ਼ਾਂ ਵਿਚਕਾਰ ਇੱਕ ਅਦਿੱਖ ਪੁਲ ਉਸਾਰਿਆ ਹੈ। ਉਨ੍ਹਾਂ ਦੀ ਮਿਹਨਤ ਇਟਲੀ ਦੇ ਖੇਤਾਂ ਵਿੱਚ ਦਿਖਾਈ ਦਿੰਦੀ ਹੈ, ਉਨ੍ਹਾਂ ਦੀ ਕਮਾਈ ਪੰਜਾਬ ਦੇ ਘਰਾਂ ਵਿੱਚ ਰੌਸ਼ਨੀ ਕਰਦੀ ਹੈ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦੋਵਾਂ ਦੇਸ਼ਾਂ ਦੇ ਸਮਾਜਿਕ ਤਾਣੇ-ਬਾਣੇ ਨਾਲ ਜੁੜੀਆਂ ਹੋਈਆਂ ਹਨ।

ਇਸ ਲਈ ਸੀ ਜੀ ਐੱਲ ਦੇ 120 ਸਾਲਾਂ ਦੀ ਕਹਾਣੀ ਨੂੰ 1906 ਵਿੱਚ ਖ਼ਤਮ ਨਹੀਂ ਕੀਤਾ ਜਾ ਸਕਦਾ। ਇਸ ਦਾ ਅਗਲਾ ਅਧਿਆਇ ਅੱਜ ਇਟਲੀ ਦੇ ਖੇਤਾਂ ਵਿੱਚ, ਡੇਅਰੀ ਫਾਰਮਾਂ ਵਿੱਚ, ਫੈਕਟਰੀਆਂ ਵਿੱਚ ਅਤੇ ਉਨ੍ਹਾਂ ਥਾਵਾਂ 'ਤੇ ਲਿਖਿਆ ਜਾ ਰਿਹਾ ਹੈ, ਜਿੱਥੇ ਪੰਜਾਬੀ, ਭਾਰਤੀ ਅਤੇ ਦੁਨੀਆ ਦੇ ਹੋਰ ਦੇਸ਼ਾਂ ਤੋਂ ਆਏ ਮਜ਼ਦੂਰ ਆਪਣੇ ਪਸੀਨੇ ਨਾਲ ਇਟਲੀ ਦੀ ਆਰਥਿਕਤਾ ਨੂੰ ਚਲਾ ਰਹੇ ਹਨ। ਇਤਿਹਾਸ ਨੇ ਮਜ਼ਦੂਰ ਨੂੰ ਸਿਖਾਇਆ ਹੈ ਕਿ ਇਕੱਲਾ ਮਨੁੱਖ ਸਿਰਫ਼ ਆਪਣੀ ਮਿਹਨਤ ਵੇਚ ਸਕਦਾ ਹੈ, ਪਰ ਜਥੇਬੰਦ ਮਜ਼ਦੂਰ ਆਪਣੀ ਮਿਹਨਤ ਦੀ ਕੀਮਤ ਬਾਰੇ ਗੱਲ ਵੀ ਕਰ ਸਕਦਾ ਹੈ। 1906 ਵਿੱਚ ਇਹ ਸੱਚ ਸੀ, 1970 ਵਿੱਚ ਇਹ ਸੱਚ ਸੀ ਅਤੇ 2026 ਵਿੱਚ ਵੀ ਇਸ ਦੀ ਮਹੱਤਤਾ ਕਾਇਮ ਹੈ। ਫ਼ਰਕ ਸਿਰਫ਼ ਇੰਨਾ ਪਿਆ ਹੈ ਕਿ ਅੱਜ ਮਜ਼ਦੂਰ ਦਾ ਚਿਹਰਾ ਹੋਰ ਬਹੁ-ਰੰਗਾ ਹੋ ਗਿਆ ਹੈ। ਇਸ ਚਿਹਰੇ ਵਿੱਚ ਇੱਕ ਪੰਜਾਬੀ ਕਿਸਾਨ ਤੇ ਮਜ਼ਦੂਰ ਦਾ ਪੁੱਤਰ ਵੀ ਹੈ।

ਸੰਪਰਕ : 0039-3381411381

# ਹਾਸ਼ੀਆਗਤ ਸਾਹਿਤ ਵੀ ਮੁੱਖ ਧਾਰਾ ਦਾ ਸਾਹਿਤ ਤਸਲੀਮ ਹੋਵੇ!

ਸੁਖਵਿੰਦਰ ਸਿੰਘ ਜੀਦਾਂ

ਸਾਹਿਤ ਸਮਾਜ ਦੀਆਂ ਭੌਤਿਕ ਯਥਾਰਥਵਾਦੀ ਹਾਲਤਾਂ ਦੀ ਕੁੱਖ ਵਿੱਚੋਂ ਜਨਮ ਲੈਂਦਾ ਹੈ। ਜਿਹੜੇ ਲੋਕ ਭੌਤਿਕ ਸੰਪਤੀ ਉੱਪਰ ਕਾਬਜ਼ ਹੋ ਜਾਂਦੇ ਹਨ, ਉਹ ਅਕਸਰ ਜਨਤਕ ਮਤ, ਸਿੱਖਿਆ ਅਤੇ ਕਲਾ ਦੀ ਸਿਰਜਣਾ ਨੂੰ ਵੀ ਪ੍ਰਭਾਵਿਤ ਕਰਨ ਦੀ ਸਮਰੱਥਾ ਹਾਸਲ ਕਰ ਲੈਂਦੇ ਹਨ। ਅਜਿਹੇ ਸਮਿਆਂ ਦਾ ਪੈਦਾ ਕੀਤਾ ਹੋਇਆ ਸਾਹਿਤ ਕਿਸੇ ਵੀ ਸਮਾਜਿਕ ਸਥਿਤੀ ਨੂੰ ਦੱਬੂ ਜਾਂ ਕਿਸਮਤਵਾਦੀ ਜਾਂ ਕਿਸੇ ਵੀ ਤਰ੍ਹਾਂ ਦੇ ਧਾਰਮਿਕ ਅਕੀਦੇ ਰਾਹੀਂ ਸੱਤਾ ਦੀ ਖੈਰ-ਖੁਆਹ ਭੀੜ ਵਿੱਚ ਬਦਲਣ ਵੱਲ ਰੁਚਿਤ ਹੋ ਜਾਂਦਾ ਹੈ। ਇਹ ਦੁੱਲਿਆਂ ਦੇ ਦੱਲੇ ਬਣਨ ਦਾ ਸਫ਼ਰ ਹੋ ਨਿੱਬੜਦਾ ਹੈ ਅਤੇ ਸੱਤਾ ਦੀ ਉਮਰ ਲੰਮੀ ਕਰਨ ਦਾ ਕਾਰਨ ਬਣ ਜਾਂਦਾ ਹੈ।

ਦਰਅਸਲ ਸੱਤਾ ਜਾਤੀਗਤ ਅਤੇ ਅਜਿਹੀਆਂ ਹੋਰ ਪਰੰਪਰਾਵਾਂ ਦੇ ਪਰਦੇ ਹੇਠ ਜਨਮ, ਜਾਤ, ਧਰਮ, ਲਿੰਗ ਜਾਂ ਸਮਾਜਿਕ ਦਰਜੇ ਦੇ ਆਧਾਰ 'ਤੇ ਮਨੁੱਖਾਂ ਨੂੰ ਵੰਡਦੀ ਪਾੜਦੀ ਆਈ ਹੈ। ਇਸ ਦੇ ਚੱਲਦਿਆਂ ਮਾਨਵੀ ਸ਼ੋਸ਼ਣ ਸਿਰਫ਼ ਆਰਥਿਕ ਨਹੀਂ ਹੁੰਦਾ, ਸਗੋਂ ਇਹ ਰਾਜਨੀਤਿਕ, ਸੱਭਿਆਚਾਰਕ, ਵਿਚਾਰਧਾਰਕ ਅਤੇ ਮਾਨਸਿਕ ਵੀ ਹੋ ਸਕਦਾ ਹੈ।

ਅਜਿਹਾ ਸੱਤਾਵਾਦੀ ਸਾਹਿਤ ਧਨਵਾਨਾਂ ਦਾ ਗੁਣਗਾਨ ਕਰਦਿਆਂ ਮਾਨਸਿਕ ਗੁਲਾਮੀ ਨੂੰ ਨੈਤਿਕ ਗੁਣ ਵਜੋਂ ਪ੍ਰਸਾਰਿਤ ਕਰਦਾ ਹੈ ਅਤੇ ਗਰੀਬੀ ਨੂੰ ਰੁਮਾਂਟਿਕ ਬਣਾ ਕੇ ਪੇਸ਼ ਕਰਦਾ ਹੈ। ਇਸ ਦੇ ਉਲਟ ਕਿਰਤੀ ਵਰਗ, ਦੱਬੇ-ਕੁਚਲੇ, ਨਪੀੜੇ ਜਾ ਰਹੇ, ਅਧਿਕਾਰ-ਵਿਹੂਣੇ ਅਤੇ ਸਾਧਨਹੀਣ ਲੋਕਾਂ ਦੀ ਗੱਲ ਕਰਦਾ ਸਾਹਿਤ, ਭਾਵੇਂ ਉਹ ਰੂਪ-ਗੀਤ, ਕਵਿਤਾ, ਕਹਾਣੀ, ਨਾਵਲ ਜਾਂ ਨਾਟਕ ਹੋਵੇ, ਹੀ ਅਸਲ ਸਾਹਿਤ ਹੁੰਦਾ ਹੈ ਅਤੇ ਸਿਧਾਂਤਕ ਸਮਝ 'ਕਲਾ ਲੋਕਾਂ ਲਈ' ਨੂੰ ਪੂਰਦੀ ਰਚਨਾ ਦਾ ਰਚੇਤਾ, ਸਾਹਿਤਕਾਰ ਹੀ ਜ਼ਿੰਦਗੀ ਦੇ ਸਰੋਕਾਰਾਂ ਨਾਲ ਪ੍ਰਤੀਬੱਧਤਾ ਦਿਖਾਉਂਦਾ ਜਾਪਦਾ ਹੈ, ਜਦਕਿ ਇਸ ਦੇ ਉਲਟ, 'ਕਲਾ ਕਲਾ ਲਈ' ਦਾ ਧੂਤੂ ਬਣ ਕੇ ਸੱਤਾ ਦੇ ਸੁਆਦਾਂ ਦੀ ਗੱਲ ਕਰਨ ਵਾਲੀ ਰਚਨਾ ਨਾ ਤਾਂ ਸਾਹਿਤ ਹੁੰਦਾ ਹੈ ਅਤੇ ਨਾ ਹੀ ਉਸ ਦਾ ਰਚਨਾਕਾਰ ਸੱਚੇ ਅਰਥਾਂ ਵਿੱਚ ਸਾਹਿਤਕਾਰ ਹੁੰਦਾ ਹੈ, ਅੱਯਾਸ਼ ਵਿਅਕਤੀ ਦਾ ਸਵੈ ਕਲਪਿਤ ਰੁਮਾਂਟਿਕ ਸੰਸਾਰ ਹੁੰਦਾ ਹੈ।

ਦਰਅਸਲ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਪੱਖਪਾਤ ਦੇ ਸ਼ਿਕਾਰ ਲੋਕਾਂ ਦੇ ਦਰਦ ਦੀਆਂ ਦਾਸਤਾਨਾਂ ਪੇਸ਼ ਕਰਨ ਵਾਲਾ ਸਾਹਿਤ ਹੀ ਮੁੱਖਧਾਰਾ ਦਾ ਸਾਹਿਤ ਹੁੰਦਾ ਹੈ। ਉਸ ਨੂੰ ਕਿਸੇ ਜਾਤੀ ਵਿਸ਼ੇਸ਼ ਨਾਲ ਨੂੜ ਕੇ ਦਲਿਤ ਸਾਹਿਤ ਆਖ ਦੇਣਾ, ਹਾਸ਼ੀਆਗ੍ਰਸਤ ਸਮਾਜ ਵਾਂਗ ਉਸ ਸਾਹਿਤ ਨੂੰ ਵੀ ਹਾਸ਼ੀਆਗ੍ਰਸਤ ਕਰਨ ਦੀ ਚਾਲ ਮੰਨੀ ਜਾਣੀ ਚਾਹੀਦੀ ਹੈ। ਇਸੇ ਮਕਸਦ ਤਹਿਤ ਹਾਸ਼ੀਆਗ੍ਰਸਤ ਲੋਕਾਂ ਦੀ ਗੱਲ ਕਰਨ ਵਾਲੇ ਸਾਹਿਤਕਾਰ ਨੂੰ ਮੁੱਖਧਾਰਾ ਦੇ ਸਾਹਿਤਕਾਰਾਂ ਦੀ ਕਤਾਰ ਵਿੱਚੋਂ ਲਾਂਭੇ ਕਰ ਦਿੱਤਾ ਜਾਂਦਾ ਹੈ। ਇਸ ਚਾਲ ਨੂੰ ਕੁਝ ਲੇਖਕਾਂ, ਖ਼ਾਸ ਕਰਕੇ ਦਲਿਤ ਮੰਨੇ ਜਾਂਦੇ ਲੇਖਕਾਂ ਵੱਲੋਂ ਵੀ ਨਜ਼ਰਅੰਦਾਜ਼ ਕਰਕੇ ਅਖੌਤੀ ਮੁੱਖਧਾਰਾ ਦੇ ਲੇਖਕਾਂ ਦੇ ਪਿਛਲੱਗ ਬਣ ਜਾਣਾ ਨਾਸਮਝੀ ਨਹੀਂ, ਸਗੋਂ ਅਜੋਕੇ ਦ੍ਰੋਣਾਚਾਰੀਆਂ ਵੱਲੋਂ ਏਕਲਵਿਆ ਦੇ ਗਲ਼ ਪਟਾ ਪਾ ਕੇ ਉਸ ਨੂੰ ਆਪਣੇ ਨਾਲ-ਨਾਲ ਰੱਖਣ ਦੀ ਘਤਿੱਤ ਮੰਨੀ ਜਾਣੀ ਚਾਹੀਦੀ ਹੈ, ਤਾਂ ਜੋ ਅਰਜਨਾਂ ਦੇ ਸਿੰਘਾਸਨ ਕਾਇਮ ਰਹਿ ਸਕਣ।

ਵਿਅੰਗ ਲੇਖਕ ਕੇ.ਐੱਲ. ਗਰਗ ਦੇ ਸ਼ਬਦਾਂ ਵਿੱਚ ਸਾਡੇ ਲੇਖਕ, ਲੇਖਕ ਪਿੱਛੋਂ ਨੇ, ਜੱਟ, ਬਾਣੀਏ, ਤਰਖਾਣ, ਛੀਂਬੇ ਜਾਂ ਦਲਿਤ ਪਹਿਲਾਂ। ਲੇਕਿਨ ਇਹ ਬੜਾ ਜ਼ਰੂਰੀ ਐ ਕਿ ਲੇਖਕ ਪਹਿਲਾਂ ਬੰਦਾ ਹੋਵੇ। ਰਚਨਾ ਅਤੇ ਰਚਨਾਕਾਰ ਦੀ ਇਕਸੁਰਤਾ ਹੋਣੀ ਜ਼ਰੂਰੀ ਐ। ਦਰਅਸਲ, ਭਾਰਤੀ ਬੰਦੇ ਦੇ ਅੰਦਰੋਂ ਜਾਤ ਦਾ, ਰੰਗ ਦਾ, ਪੜ੍ਹੇ ਹੋਣ ਦਾ, ਧਰਮ ਦਾ ਅਤੇ ਆਰਥਿਕਤਾ ਦਾ ਕੰਪਲੈਕਸ ਨਹੀਂ ਜਾਂਦਾ। ਭਾਰਤੀ ਸਮਾਜ ਵਿੱਚ ਸਦੀਆਂ ਤੋਂ ਜਾਤ-ਆਧਾਰਤ ਭੇਦਭਾਵ ਰਿਹਾ ਹੈ। ਇਸੇ ਸੋਚ ਦਾ ਪ੍ਰਭਾਵ ਸਾਹਿਤਕ ਸੰਸਥਾਵਾਂ, ਆਲੋਚਕਾਂ ਅਤੇ ਪ੍ਰਕਾਸ਼ਨ ਜਗਤ ਉੱਤੇ ਵੀ ਪਿਆ ਹੈ। ਇਸ ਕਾਰਨ ਦਲਿਤ ਲੇਖਕਾਂ ਨੂੰ ਅਕਸਰ ਬਰਾਬਰ ਦੀ ਮਾਨਤਾ ਨਹੀਂ ਮਿਲੀ। ਇਸੇ ਪ੍ਰਭਾਵ ਦੇ ਚੱਲਦਿਆਂ 'ਸਬਆਲਟਰਨ ਸਟੱਡੀਜ਼' ਦੇ ਨਾਂਅ ਹੇਠ ਹੋਈਆਂ ਖੋਜਾਂ ਵਿੱਚ ਵੀ ਹਾਸ਼ੀਆਗ੍ਰਸਤ ਲੋਕਾਂ ਦੀ ਇਤਿਹਾਸ ਵਿੱਚ ਇਤਿਹਾਸਕ ਭੂਮਿਕਾ ਨੂੰ ਅਣਗੌਲਿਆਂ ਕਰਦਿਆਂ ਉਨ੍ਹਾਂ ਨੂੰ ਸਿਰਫ਼ ਦਇਆ ਦੇ ਪਾਤਰ ਵਜੋਂ ਜਾਂ ਸੁੰਗੜੇ ਹੋਏ ਮਨੁੱਖਾਂ ਵਜੋਂ ਪੇਸ਼ ਕੀਤਾ ਗਿਆ। ਦੇਖਿਆ ਗਿਆ ਹੈ ਕਿ ਆਮ ਤੌਰ 'ਤੇ ਸਾਹਿਤਕ ਖੇਤਰ ਵਿਚ ਜ਼ਿਆਦਾਤਰ ਚੁਟਕਲਿਆਂ ਦਾ ਸ਼ਿਕਾਰ ਵੀ ਹੇਠਲੇ ਦੱਬੇ-ਕੁਚਲੇ ਲੋਕਾਂ ਨੂੰ ਹੀ ਬਣਾਇਆ ਜਾਂਦੈ।ਦੁਖਾਂਤ ਇਹ ਹੈ ਕਿ ਸਮਾਜ ਦੀ ਸਿਰਜਣਾ ਵਿੱਚ ਸਭ ਤੋਂ ਪ੍ਰਮੁੱਖ, ਕਿਰਤੀ ਵਰਗ ਨੂੰ ਹੀ ਪਛਾੜ ਕੇ ਦੁਰਕਾਰਿਆ ਜਾਂਦਾ ਰਿਹਾ ਹੈ। ਦੁਖਦਾਈ ਪਹਿਲੂ ਇਹ ਵੀ ਹੈ ਕਿ ਇਸ ਬਾਰੇ ਕਦੇ ਕਿਸੇ ਫੋਰਮ 'ਤੇ ਚਰਚਾ ਵੀ ਨਹੀਂ ਹੋਈ।

ਅਕਸਰ ਦਲਿਤ ਜੀਵਨ ਵਿੱਚੋਂ ਨਿਕਲੇ ਸਾਹਿਤ ਨੂੰ ਗ਼ੈਰ-ਦਲਿਤ ਸਾਹਿਤਕਾਰਾਂ ਦੁਆਰਾ ਰਚੇ ਦਲਿਤ ਸਾਹਿਤ ਦੇ ਬਰਾਬਰ ਖੜ੍ਹਾ ਕਰਕੇ ਨਿਰਖਿਆ-ਪਰਖਿਆ ਜਾਂਦਾ ਹੈ। ਯਕੀਨਨ ਇਹ ਪੱਲੜਾ ਦਲਿਤ ਸਾਹਿਤ ਦੇ ਪੱਖ ਵਿੱਚ ਝੁਕ ਜਾਂਦਾ ਹੈ, ਕਿਉਂਕਿ ਦਲਿਤ ਸਾਹਿਤ ਦੇ ਮੁਕਾਬਲੇ ਗ਼ੈਰ-ਦਲਿਤ ਸਾਹਿਤ ਵਿੱਚ ਹਾਸ਼ੀਆਗ੍ਰਸਤ ਹੋਣ ਦੀ ਮਾਨਸਿਕ ਪੀੜਾ ਗ਼ੈਰ-ਹਾਜ਼ਰ ਹੁੰਦੀ ਹੈ। ਕਥਿਤ ਸਰਵੋਤਮ ਮਾਨਸਿਕਤਾ ਦੇ ਚੱਲਦਿਆਂ ਉੱਚ ਜਾਤੀ ਦੇ ਸਾਹਿਤਕਾਰ ਦਲਿਤ ਹੋਣੀ ਨੂੰ ਤਾਂ ਸਵੀਕਾਰ ਕਰਦੇ ਹਨ, ਲੇਕਿਨ ਦਲਿਤ ਸਾਹਿਤ ਅਤੇ ਦਲਿਤ ਲੇਖਕਾਂ ਨੂੰ ਵਿਰੋਧੀਆਂ ਦੇ ਰੂਪ ਵਿੱਚ ਤਿਰਸਕਾਰਦਿਆਂ ਸਮਾਜਿਕ ਵਿਰੋਧ ਵਿੱਚ ਖੜ੍ਹਨ ਲੱਗ ਪੈਂਦੇ ਹਨ।

ਜੇਕਰ ਸਾਹਿਤਕ ਸਿਧਾਂਤ ਅਨੁਸਾਰ ਇਹ ਮਸਲਾ ਨਿਰੋਲ ਆਰਥਿਕ ਹੁੰਦਾ ਤਾਂ ਸੰਤ ਸਿੰਘ ਸੇਖੋਂ ਦੀ ਰਚਨਾ 'ਹਲਵਾਹ' ਅਤੇ ਅਤਰਜੀਤ ਦੀ ਕਹਾਣੀ 'ਬਠਲੂ ਚਮਿਆਰ' ਦੋਵੇਂ ਦਲਿਤ ਜਾਂ ਹਾਸ਼ੀਆਗ੍ਰਸਤ ਲੋਕਾਂ ਦੀਆਂ ਕਹਾਣੀਆਂ ਮੰਨੀਆਂ ਜਾਣੀਆਂ ਚਾਹੀਦੀਆਂ ਸਨ। ਇਸ ਦੇ ਨਾਲ-ਨਾਲ ਸੰਤ ਸਿੰਘ ਸੇਖੋਂ ਅਤੇ ਅਤਰਜੀਤ, ਦੋਵੇਂ ਦਲਿਤ ਸਾਹਿਤਕਾਰ ਮੰਨੇ ਜਾਂਦੇ, ਪਰ ਮਸਲਾ ਮੁੱਖ ਤੌਰ 'ਤੇ ਸਮਾਜਿਕ ਸੀ, ਜਿਸ ਕਰਕੇ ਦਲਿਤ ਸਾਹਿਤਕਾਰ ਹੋਣ ਦਾ 'ਗੁਣਾ' ਅਤਰਜੀਤ ਤੇ ਉਸ ਦੇ ਸਮਕਾਲੀ ਕਹਾਣੀਕਾਰਾਂ ਪ੍ਰੇਮ ਗੋਰਖੀ, ਕਿਰਪਾਲ ਕਜ਼ਾਕ ਅਤੇ ਅਗਲੀ ਪੀੜ੍ਹੀ ਦੇ ਭਗਵੰਤ ਰਸੂਲਪੁਰੀ ਜਾਂ ਗੁਰਮੀਤ ਕੜਿਆਲਵੀ 'ਤੇ ਹੀ ਪਿਆ। ਆਖ ਲਈਏ ਕਿ ਮਸਲਾ ਲੁਕਵੇਂ ਏਜੰਡੇ ਮੁੱਖਧਾਰਾ ਦਾ ਸਾਹਿਤਕਾਰ ਬਨਾਮ ਦਲਿਤ ਸਾਹਿਤਕਾਰ ਬਣਾ ਕੇ ਪੇਸ਼ ਕੀਤੇ ਜਾਣ ਦਾ ਹੈ। ਇਸੇ ਤਰ੍ਹਾਂ ਪ੍ਰੋ. ਗੁਰਦਿਆਲ ਸਿੰਘ ('ਮੜ੍ਹੀ ਦਾ ਦੀਵਾ' ਅਤੇ 'ਅੰਨ੍ਹੇ ਘੋੜੇ ਦਾ ਦਾਨ') ਅਤੇ ਬਲਦੇਵ ਸਿੰਘ ਸੜਕਨਾਮਾ ('ਪੰਜਵਾਂ ਸਾਹਿਬਜ਼ਾਦਾ') ਲਈ ਦਲਿਤ ਲੇਖਕ ਹੋਣ ਦਾ ਸਰਟੀਫਿਕੇਟ ਜਾਰੀ ਨਹੀਂ ਹੋਇਆ। ਕਾਰਨ ਸਪੱਸ਼ਟ ਹੈ ਕਿ ਰਚਨਾ ਦੇ ਪੱਧਰ ਨਾਲੋਂ ਰਚੇਤਾ ਦੀ ਜਾਤ ਦਾ ਪ੍ਰਚਾਰ ਵੱਧ ਕੀਤਾ ਜਾਂਦਾ ਹੈ, ਜਿਸ ਦੀ ਬਦੌਲਤ ਦਲਿਤ ਲੇਖਕ ਦੀ ਕਲਾ-ਕੌਸ਼ਲ, ਮਾਨਤਾ ਅਤੇ ਮਹਾਨਤਾ ਨੂੰ ਛੁਟਿਆਉਣ ਦਾ ਰਾਹ ਲੱਭ ਲਿਆ ਜਾਂਦਾ ਹੈ। ਲੇਕਿਨ ਪ੍ਰਗਤੀਸ਼ੀਲਤਾ ਦਾ ਅਜਿਹਾ ਵਰਤਾਰਾ ਸਥਾਪਤੀ ਦੀ ਉਮਰ ਲੰਮੀ ਕਰਨ ਲਈ ਇੱਕ 'ਹਾਅ ਦੇ ਨਾਅਰੇ' ਵਜੋਂ ਪਰਖਿਆ ਜਾਵੇਗਾ।

ਸੱਚ ਇਹ ਹੈ ਕਿ ਪ੍ਰਗਤੀਵਾਦ ਦੇ ਬੁਰਕੇ ਹੇਠ ਵੀ ਸੱਭਿਆਚਾਰਕ ਕਦਰਾਂ-ਕੀਮਤਾਂ ਅਤੇ ਜ਼ਿਹਨੀ ਗੁਲਾਮੀ, ਇੰਨੀ ਜਲਦੀ ਨਹੀਂ ਬਦਲਦੀਆਂ। ਫਿਰ ਦਲਿਤ ਸਾਹਿਤ ਦਾ ਉਭਾਰ ਜੇਕਰ ਤਕਲੀਫ਼ਦੇਹ ਹੈ ਤਾਂ ਇਹ ਪੁੱਛਿਆ ਜਾਣਾ ਵੀ ਬਣਦਾ ਹੈ ਕਿ ਦਲਿਤ ਸਾਹਿਤ ਨਾਲ ਨਫ਼ਰਤ ਹੋਰ ਕਿੰਨੀ ਕੁ ਦੇਰ ਚੱਲੇਗੀ?

ਦਰਅਸਲ, ਦਲਿਤ ਸਾਹਿਤਕਾਰਾਂ ਦੁਆਰਾ ਰਚਿਆ 'ਦਲਿਤ ਸਾਹਿਤ' ਹੀ ਦਲਿਤ ਦਮਨ ਅਤੇ ਮੁਕਤੀ ਦੀ ਗੱਲ ਆਪਣੀ ਜ਼ੁਬਾਨੀ ਕਰਵਾਉਂਦਾ ਹੈ। ਇਸ ਨੂੰ ਸਿਰਫ਼ ਜਾਤ ਨਾਲ ਨੂੜ ਕੇ ਪਰਖਣਾ ਇਸ ਸਾਹਿਤ ਦੀ ਦਾਰਸ਼ਨਿਕ ਪਹੁੰਚ ਨੂੰ ਅੱਖੋਂ-ਪਰੋਖੇ ਕਰਨਾ ਹੈ, ਜੋ ਕਿ ਸਰਾਸਰ ਬੌਧਿਕ ਭੇਦਭਾਵ ਹੈ।ਅਗਲੀ ਗੱਲ ਇਹ ਕਿ ਦਲਿਤ ਹੋਣੀ ਨੂੰ ਘੜਨ ਵਾਲੇ ਉੱਚ ਜਾਤੀਏ ਪਾਤਰ ਵੀ ਉਸੇ ਵਾਤਾਵਰਨ ਦੇ ਬਾਸ਼ਿੰਦੇ ਹੈਣ, ਦੋਨਾਂ ਵਰਗਾਂ ਦੀ ਹੋਂਦ ਦੇ ਇੱਕ-ਦੂਜੇ ਦੇ ਤੁਲਨਾਤਮਕ ਅਤੇ ਪਰਸਪਰ ਕਸ਼ਮਕਸ਼ ਭਰਪੂਰ ਸਹਿਹੋਂਦ ਨੂੰ ਪ੍ਰਭਾਵਿਤ ਕਰਦੇ, ਇੱਕੋ ਧਰਾਤਲ ਤੋਂ ਮੁਨਕਰ ਹੋ ਕੇ ਇੱਕ ਜਾਤੀ ਵਿਸ਼ੇਸ਼ ਦੀ ਦਾਸਤਾਂ ਅਤੇ ਉਸ ਦੀ ਬੌਧਿਕ ਘਾਲਣਾ ਨੂੰ ਕਿਸੇ ਵੱਖਰੀ ਕਿਸਮ ਦਾ ਲਕਬ ਦੇ ਦੇਣਾ, ਮੁੱਖ ਧਾਰਾ ਤੋਂ ਹਾਸ਼ੀਆਗ੍ਰਸਤ ਕਰ ਦੇਣਾ, ਮਾਨਵ ਜਾਤੀ ਨੂੰ ਹਾਸ਼ੀਆਗ੍ਰਸਤ ਕਰ ਦੇਣ ਵਾਂਗ ਮਹਿਸੂਸ ਹੁੰਦਾ ਹੈ। ਅਜਿਹਾ ਵਰਤਾਰਾ ਬੋਧ ਸਮਾਜ ਦੀਆਂ ਬੋਧੀਆਂ 'ਤੇ ਵੇਲਾ ਵਿਹਾ ਚੁੱਕੀਆਂ ਵਿਕਾਸ ਵਿਰੋਧੀ ਕਦਰਾਂ-ਕੀਮਤਾਂ ਅਤੇ ਸਮੁੱਚੇ ਰੂਪ ਵਿੱਚ ਮਾਨਵ ਵਿਰੋਧੀ ਬੌਧਿਕ ਕੰਗਾਲੀ ਦਾ ਮੁਜ਼ਾਹਰਾ ਤਸਲੀਮ ਕੀਤਾ ਜਾਵੇਗਾ।

ਦੂਜੇ ਪਾਸੇ, ਗੈਰ-ਦਲਿਤ ਸਾਹਿਤਕਾਰਾਂ ਦਾ ਰਚਿਆ ਸਾਹਿਤ ਦਲਿਤ-ਪਾਤਰ ਨੂੰ ਅਸਲੋਂ ਹੀ ਊਨਾ ਜਾਂ ਮੰਦਬੁੱਧੀ ਘੋਸ਼ਿਤ ਕਰਦਾ ਹੈ। ਮਿਸਾਲ ਵਜੋਂ ਵਰਿਆਮ ਸੰਧੂ ਦੀ ਕਹਾਣੀ 'ਮੈਂ ਰੋ ਨਾ ਲਵਾਂ ਇੱਕ ਵਾਰ' ਦਾ ਜ਼ਿਕਰ ਕੀਤਾ ਜਾ ਸਕਦਾ ਹੈ, ਜਦਕਿ ਇਹ ਚਰਚਾ ਕਿ ਦਲਿਤ ਲੇਖਕ ਵੱਲੋਂ ਲਿਖਿਆ ਸਾਹਿਤ ਖਿੱਝ, ਨਫ਼ਰਤ ਅਤੇ ਰੰਜਿਸ਼ ਪੈਦਾ ਕਰਦਾ ਹੈ, ਅਸਲੋਂ ਉਲਾਰ ਬਿਰਤੀ ਦਾ ਮੁਜ਼ਾਹਰਾ ਹੈ। ਕਹਾਣੀ ਦਾ ਨੀਮ ਪਾਗਲ ਪਾਤਰ ਕਠਪੁਤਲੀ ਪਾਤਰ ਹੈ, ਪਰ ਕਹਾਣੀਕਾਰ ਨੇ ਉਸ ਨੂੰ ਅਲੰਕਾਰਕ ਭਾਸ਼ਾ ਨਾਲ ਦਲਿਤ ਸਾਹਿਤ ਦਾ ਪਾਤਰ ਘੜਨ ਦਾ ਯਤਨ ਕੀਤਾ ਹੈ, ਜਦਕਿ ਮੋਤੀ ਦੀ ਸਿਆਣਪ ਅਤੇ ਸਲਵੰਤ ਦੀ ਮਿਹਨਤੀ ਵੱਖੀ 'ਚ ਰਾਖਵੇਂਕਰਨ ਦੀ ਆਰ ਖੁਭੋ ਕੇ ਚਟਕਾਰਾ ਲਿਆ ਹੈ। ਅਗਲੀ ਗੱਲ ਇਹ ਹੈ ਕਿ ਗੈਰ-ਦਲਿਤ ਸਾਹਿਤਕਾਰਾਂ ਦਾ ਸਾਹਿਤ ਵਿਤਕਰੇ ਜਾਂ ਤਸ਼ੱਦਦ ਦੀ ਚਰਚਾ ਤਾਂ ਕਰਦਾ ਹੈ, ਪਰ ਇਸ ਨਾਲ ਨਜਿੱਠਣਾ ਕਿਵੇਂ ਹੈ, ਇਸ ਦੀ ਕੋਈ ਤਸੱਲੀਬਖ਼ਸ਼ ਨੀਤੀਗਤ ਪੇਸ਼ਬੰਦੀ ਨਹੀਂ ਕਰਦਾ। ਇਕੱਲੀ ਜਾਤੀ ਚੇਤਨਾ ਕੋਈ ਅਜਿਹਾ ਝੁਰਲੂ ਨਹੀਂ, ਜਿਹੜਾ ਬਿਨਾਂ ਸਮਾਜਿਕ-ਸੱਭਿਆਚਾਰਕ ਤਬਦੀਲੀ ਦੇ ਸਦੀਆਂ ਪੁਰਾਣੀ ਤਰਕਹੀਣ ਅਤੇ ਗ਼ੈਰ-ਮਾਨਵੀ ਜਾਤ-ਪਾਤੀ ਬ੍ਰਾਹਮਣੀ ਵਿਵਸਥਾ ਨੂੰ ਟੱਕਰ ਦੇ ਸਕੇ।

ਅਜੋਕੇ ਦੌਰ ਦਾ ਬੌਧਿਕ ਕਾਮਿਆਂ ਦਾ ਸਰਵ-ਸਾਂਝਾ ਸਮਾਜਿਕ ਫਰਜ਼ ਹੈ ਕਿ ਪ੍ਰਗਤੀਸ਼ੀਲ ਸਾਹਿਤਕਾਰ ਸਮੂਹਿਕ ਰੂਪ ਵਿੱਚ ਇਹ ਜ਼ਿੰਮੇਵਾਰੀ ਕਬੂਲ ਕਰਨ ਕਿ ਇਸ ਕੋਹੜ ਦੇ ਖਿਲਾਫ਼ ਸਮੂਹਿਕ ਪਛਤਵਾਮਾਈ ਸਾਹਿਤਕ ਮੁਹਿੰਮ ਦੀ ਸ਼ੁਰੂਆਤ ਕੀਤੀ ਜਾਵੇ। ਦੂਜਾ, ਲਾਜ਼ਮੀ ਇਹ ਹੈ ਕਿ ਦਲਿਤ ਸਾਹਿਤ ਅਤੇ ਉਸ ਵਿਚਲੀ ਗਹਿਰਾਈ, ਸ਼ਿਲਪ, ਕਲਾ-ਵਿਧਾਨ ਅਤੇ ਵਸਤੂ-ਨਿਭਾਅ ਨੂੰ ਆਲੋਚਨਾ ਲਈ ਅਪਣਾ ਕੇ ਮੁੱਖਧਾਰਾ ਦੇ ਸਾਹਿਤ ਵਜੋਂ ਤਜਵੀਜ਼ ਕਰਨਾ ਸ਼ੁਰੂ ਕਰੀਏ ਅਤੇ ਇਹ ਮੁਕੱਰਰ ਕਰੀਏ ਕਿ ਇਸ ਸਾਹਿਤ ਦੇ ਰਚਨਹਾਰਿਆਂ ਨੂੰ ਸਮੁੱਚੇ ਸਮਾਜ ਦੇ ਸਾਹਿਤਕਾਰਾਂ ਵਜੋਂ ਮਾਨਤਾ ਦੇਣੀ ਸਮੁੱਚੇ ਅਦਬੀ ਭਾਈਚਾਰੇ ਦਾ ਫ਼ਰਜ਼ ਬਣਦਾ ਹੈ।

ਦੂਜੇ ਪਾਸੇ, ਕਿਸੇ ਗੈਰ-ਦਲਿਤ ਲੇਖਕ ਵੱਲੋਂ ਜਾਤੀ-ਮੂਲਕ ਅਨੁਭਵ ਦੀ ਅਣਹੋਂਦ ਵਿੱਚ ਵੀ ਕਿਸੇ ਹਾਸ਼ੀਆਗ੍ਰਸਤ ਜਾਂ ਦਲਿਤ ਜੀਵਨ ਦੀ ਸਮੁੱਚੀ ਪੇਸ਼ਕਾਰੀ ('ਜੁੱਗ ਬਦਲ ਗਿਆ', ਸੋਹਣ ਸਿੰਘ ਸੀਤਲ) ਨੂੰ ਜਮਾਤੀ ਚੇਤਨਾ ਦੀ ਅਗਵਾਈ ਕਰਦੀ ਰਚਨਾ ਵਜੋਂ ਤਸਲੀਮ ਕਰਨਾ ਪਵੇਗਾ। ਇਸ ਲਈ ਸਵਾਲ ਲੇਖਕ ਦੀ ਜਾਤ ਦੀ ਬਜਾਇ 'ਕਲਾ ਲੋਕਾਂ ਲਈ' ਦੀ ਸਿਧਾਂਤਕ ਸਮਝ ਦੇ ਰੂਪ ਵਿੱਚ ਵਿਚਾਰਨਯੋਗ ਹੈ।

# ਕੁੱਲਵਕਤੀ ਕਾਮਾ, ਕਾਮਰੇਡ ਦਲੀਪ ਸਿੰਘ ਮਸਤ

ਸ਼ਬਦ ਚਿੱਤਰ

## ਸੁਖਦੇਵ ਸਿੰਘ ਔਲਖ

ਪਿਛਲੀ ਸਦੀ ਵਿੱਚ ਪਿੰਡਾਂ ਦੇ ਲੋਕਾਂ ਦਾ ਮਨੋਰੰਜਨ (ਮਨਪ੍ਰਚਾਵਾ) ਕਰਨ ਦੇ ਸਾਧਨ ਰਾਸਲੀਲ੍ਹਾ, ਜਲਸੇ, ਕਵੀਸ਼ਰੀ, ਢਾਡੀ ਜਥੇ ਤੇ ਨਕਲਾਂ ਕਰਨ ਵਾਲੇ ਨਕਲੀਏ (ਨਕਾਲ) ਹੀ ਹੁੰਦੇ ਸਨ। ਅੱਜ ਦੇ ਇਨਕਲਾਬੀ ਨਾਟਕਾਂ ਨੂੰ ਆਮ ਲੋਕ ਉਨ੍ਹਾਂ ਸਮਿਆਂ ਵਿੱਚ ਡਰਾਮੇ ਕਿਹਾ ਕਰਦੇ ਸਨ। ਡਰਾਮੇ ਦਾ ਸਿੱਧਾ-ਸਿੱਧਾ ਅਰਥ ਇਹੋ ਹੁੰਦਾ ਸੀ ਕਿ ਕਾਮਰੇਡਾਂ ਦੀ ਸਟੇਜ, ਜਿੱਥੋਂ ਗੀਤ, ਭਾਸ਼ਣ, ਕਾਵਿ-ਨਾਟ (ਓਪੇਰੇ) ਆਮ ਲੋਕਾਂ ਦੇ ਮਸਲਿਆਂ ਨੂੰ ਲੈ ਕੇ ਪੇਸ਼ ਕੀਤੇ ਜਾਂਦੇ ਸਨ। ਕਈ ਵਾਰੀ ਤਾਂ ਸਟੇਜ ਤੋਂ ਪੇਸ਼ ਕੀਤੇ ਗਏ ਦੁਗਾਣੇ ਜਾਂ ਓਪੇਰੇ ਵਿੱਚ ਵਰਤਿਆ ਕਿਸੇ ਪਾਤਰ ਦਾ ਨਾਂਅ ਜਾਂ ਮੁਹਾਵਰਾ ਪਿੰਡ ਦੇ ਲੋਕਾਂ ਦੀ ਜ਼ੁਬਾਨ ਉੱਤੇ ਅਜਿਹਾ ਚੜ੍ਹਦਾ ਕਿ ਬੱਚੇ, ਔਰਤਾਂ, ਮਰਦਾਂ ਦਾ ਉਹ ਤਕੀਆ ਕਲਾਮ ਬਣ ਦੇਰ ਤੱਕ ਲੋਕਾਂ ਦੇ ਮੂੰਹ ਚੜ੍ਹਿਆ ਰਹਿੰਦਾ, ਜਿਵੇਂ ਸੁਣ ਭਾਈ ਇੰਦਰਾ, ਹਾਂ, ਭਾਈ ਮਿੰਦਰਾ ਜਾਂ ਸੁਣ ਵੇ ਕੁੱਕੂ ਤੈਨੂੰ ਕੌਣ ਵੇ ਚੁਕੂ.... ।

ਕਮਿਊਨਿਸਟ ਪਾਰਟੀ ਨੇ ਪੰਜਾਬ ਵਿੱਚ ਕਈ ਡਰਾਮਾ ਮੰਡਲੀਆਂ ਬਣਾਈਆਂ ਹੋਈਆਂ ਸਨ। ਜਿਵੇਂ ਜੋਗਿੰਦਰ ਬਾਹਰਲਾ, ਬੂਟਾ ਸਿੰਘ ਮਾਨਸਾ, ਮੱਲ ਸਿੰਘ ਰਾਮਪੁਰੀ, ਹਰਨਾਮ ਸਿੰਘ ਨੁਕਲਾ, ਦਲੀਪ ਸਿੰਘ ਮਸਤ। ਮਸਤ ਦੀ ਨਾਟਕ ਮੰਡਲੀ ਵਿੱਚ ਕੇਵਲ ਸਿੰਘ ਉਪਲੀ, ਭਗਵਾਨ ਸਿੰਘ ਦਾਨਗੜ੍ਹ, ਬਿੱਲੂ ਨਮੋਲ, ਗਾਮਾ ਫੁੱਲ ਹਥਨ, ਅਮਰ ਸਿੰਘ ਚੀਮਾ, ਰੂਪ ਸਿੰਘ ਕੁੰਬੜ ਵਾਲ, ਗੁਰਮੇਲ ਸਿੰਘ ਪੰਛੀ, ਤਾਇਆ ਸੁਲੇਮਾਨ ਰੁੜਕਾ, ਬਾਰਾ ਸਿੰਘ ਬਾਗ਼ੀ, ਗੁਰਮੇਲ ਸਿੰਘ ਕੱਟੂ ਆਦਿ ਸ਼ਾਮਲ ਸਨ। ਇਨ੍ਹਾਂ ਤੋਂ ਇਲਾਵਾ ਕੁੱਝ ਅਜਿਹੇ ਵੀ ਸਨ, ਜੋ ਥੋੜ੍ਹੇ ਚਿਰ ਲਈ ਆਏ, ਸਟੇਜਾਂ 'ਤੇ ਕੰਮ ਕੀਤਾ, ਪ੍ਰਤੀਬੱਧਤਾ ਜਾਂ ਸਿਧਾਂਤਕ ਸੂਝ ਦੀ ਪਕਿਆਈ ਨਾ ਹੋਣ ਕਾਰਨ ਪਿੱਛੇ ਮੁੜ ਗਏ।

ਮੇਰੇ ਪਿਤਰੀ ਪਿੰਡ ਬੜੀ ਮੈਂ ਪਹਿਲੀ ਵਾਰ 1957-58 ਵਿੱਚ ਆਪਣੀ ਮਾਂ ਦੀ ਗੋਦੀ ਵਿੱਚ ਬੈਠ ਕੇ ਮਸਤ ਦਾ ਡਰਾਮਾ ਦੇਖਿਆ। ਉਨ੍ਹੀਂ ਦਿਨੀਂ ਮੇਰਾ ਵੱਡਾ ਭਰਾ ਬਸਾਖਾ ਸਿੰਘ ਔਲਖ ਸਰਗਰਮ ਪਾਰਟੀ ਵਰਕਰ ਸੀ। ਉਨ੍ਹਾਂ ਦੇ ਨਾਲ ਗੁਰਚਰਨ ਸਿੰਘ ਜੋ ਉਸ ਦਾ ਹਮ-ਖਿਆਲੀ ਦੋਸਤ ਤੇ ਹਮ-ਜਮਾਤੀ ਵੀ ਸੀ। ਇਨ੍ਹਾਂ ਦੋਵਾਂ ਨੇ ਮੂਹਰੇ ਲੱਗ ਕੇ ਪਿੰਡ ਵਿੱਚੋਂ ਦਾਣੇ, ਪੈਸੇ 'ਕੱਠੇ ਕਰਕੇ ਇਸ ਡਰਾਮੇ ਦਾ ਪ੍ਰਬੰਧ ਕੀਤਾ ਸੀ। ਇਸ ਡਰਾਮੇ ਦੇ ਮੁੱਖ ਬੁਲਾਰੇ ਕਾਮਰੇਡ ਹਰਨਾਮ ਸਿੰਘ ਚਮਕ ਤੇ ਗੁਰਨਾਮ ਸਿੰਘ ਰਾਮ ਨਗਰ ਛੰਨਾ ਸਨ। ਇਸ ਸਟੇਜ ਤੋਂ ਹੀ ਇਹ ਗੀਤ ਮਸਤ ਦੀ ਅਦਾਕਾਰੀ ਤੇ ਅਵਾਜ਼ ਵਿੱਚ ਸੁਣਿਆ ਸੀ;

ਚੱਲ ਚੱਲ ਰੰਬਿਆ, ਛੇਤੀ ਕਾਹਤੋਂ ਹੰਭਿਆ।
ਤੇਰੀਆਂ ਨੇ ਮੰਜ਼ਲਾਂ ਅਜੇ ਦੂਰ....।।

ਇੱਕ ਦਿਨ ਮੈਂ ਮਸਤ ਨੂੰ ਪਾਰਟੀ ਦੇ ਪਟੇ 'ਤੇ ਚੜ੍ਹਨ ਬਾਰੇ ਪੁੱਛਿਆ ਤਾਂ ਮਸਤ ਨੇ ਦੱਸਿਆ ਕਿ ਸਾਡੇ ਪਿੰਡ ਦੇ ਗੁਰਦੁਆਰੇ ਦਾ ਮਹੰਤ ਚੜ੍ਹਾਈ ਕਰ (ਮਰ) ਗਿਆ। ਹਾਂ, ਮਹੰਤ। ਉਨ੍ਹਾਂ ਦਿਨਾਂ ਵਿੱਚ ਹੁਣ ਵਾਂਗੂ ਗੁਰਦਵਾਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਨਹੀਂ ਸਨ ਹੁੰਦੀਆਂ, ਨਾ ਹੀ ਅੱਜ ਵਾਂਗੂ ਗ੍ਰੰਥੀ ਸਿੰਘ ਤਨਖਾਹਾਂ ਉੱਤੇ ਰੱਖੇ ਜਾਂਦੇ ਸਨ। ਸਾਥੀਆ ਤੇਰੇ ਯਾਦ ਹੋਊ। ਟਿੱਬੇ ਦੇ ਗੁਰਦੁਆਰੇ ਵੀ ਰਾਮ ਸਿਓਂ ਪਿੰਡ ਦਾ ਹੀ ਬੰਦਾ ਮਹੰਤ ਹੁੰਦਾ ਸੀ। ਉਸ ਨੇ ਵੀ ਆਪਣੀ ਜ਼ਮੀਨ-ਜਾਇਦਾਦ ਵੇਚ ਕੇ ਗੁਰਦੁਆਰੇ ਉੱਤੇ ਹੀ ਲਾ ਦਿੱਤੀ ਸੀ। ਉਨ੍ਹਾਂ ਦਿਨਾਂ ਵਿੱਚ ਬਹੁਤੇ ਗੁਰਦੁਆਰਿਆਂ ਦੇ ਮਹੰਤ ਸਿੱਖੀ ਦਾ ਪ੍ਰਚਾਰ ਕਰਨ ਦੇ ਨਾਲ-ਨਾਲ ਸਿੱਖਿਆ ਦਾ ਪਸਾਰ ਵੀ ਕਰਦੇ ਅਤੇ ਲੋਕਾਂ ਦੇ ਭਲੇ ਲਈ ਵੈਦਗਿਰੀ ਵੀ ਕਰਦੇ।

ਸਾਡੇ ਪਿੰਡ ਦੇ ਕਾਮਰੇਡ ਮੱਲ ਸਿੰਘ ਦੀ ਧੀ ਬਿਮਾਰ ਹੋ ਗਈ। ਕੁੜੀ ਦੇ ਇਲਾਜ ਲਈ ਗਿਆਨੀ ਨਿਹਾਲ ਸਿੰਘ ਵੈਦ ਨੂੰ ਮੋਗੇ ਤੋਂ ਲੈ ਕੇ ਆਏ। ਗਿਆਨੀ ਜੀ ਉਸ ਵਕਤ ਸੰਤ ਗੁਲਾਬ ਸਿੰਘ ਘੋਲੀਆਂ ਵਾਲੇ ਦੇ ਡੇਰੇ ਵਿੱਚ ਰਹਿੰਦੇ ਸਨ। ਗਿਆਨੀ ਜੀ ਨੇ ਉਸ ਕੁੜੀ ਦਾ ਇਲਾਜ ਸਾਡੇ ਪਿੰਡ ਰਹਿ ਕੇ ਕਈ ਮਹੀਨੇ ਕੀਤਾ। ਕਹਿੰਦੇ ਨੇ, ਉਸ ਕੁੜੀ ਦੀ ਮਰਜ਼ ਨੂੰ ਤਾਂ ਅਰਾਮ ਨਾ ਆਇਆ, ਪਰ ਗਿਆਨੀ ਜੀ ਦੀ ਲਿਆਕਤ ਤੇ ਮਿਲਣਸਾਰ ਸੁਭਾਅ ਨੇ ਪਿੰਡ ਵਾਲਿਆਂ ਦਾ ਦਿਲ ਜ਼ਰੂਰ ਜਿੱਤ ਲਿਆ।

ਮਹੰਤ ਦੇ ਮਰਨ ਤੋਂ ਬਾਅਦ ਪਿੰਡ ਦੇ ਨੇਕ-ਬਖਤ ਬੰਦਿਆਂ ਨੇ ਬੈਠ ਕੇ ਮਸ਼ਵਰਾ ਕੀਤਾ ਕਿ ਗੁਰਦੁਆਰੇ ਦੀ ਮਹੰਤੀ ਲਈ ਗਿਆਨੀ ਨਿਹਾਲ ਸਿੰਘ ਨੂੰ ਲਿਆਂਦਾ ਜਾਵੇ। ਕਾਮਰੇਡ ਮੱਲ ਸਿੰਘ, ਕਾਮਰੇਡ ਜੰਗ ਸਿੰਘ, ਜ਼ੈਲਦਾਰ ਗੁਰਬਚਨ ਸਿੰਘ, ਕਾਮਰੇਡ ਅਰਜਣ ਸਿੰਘ ਨੇ ਜਾ ਕੇ ਬੇਨਤੀ ਕੀਤੀ ਕਿ ਤੁਸੀਂ ਸਾਡੇ ਪਿੰਡ ਦਾ ਗੁਰੂ ਘਰ ਸੰਭਾਲੋ। ਅੱਗਿਓਂ ਗਿਆਨੀ ਜੀ ਨੇ ਸ਼ਰਤ ਰੱਖ ਦਿੱਤੀ ਕਿ ਤੁਸੀਂ ਮੈਨੂੰ ਪਿੰਡ ਵਿੱਚੋਂ ਬੱਚੇ 'ਕੱਠੇ ਕਰਕੇ ਦਿਉਂਗੇ, ਜਿਨ੍ਹਾਂ ਨੂੰ ਮੈਂ ਪੜ੍ਹਾਵਾਂਗਾ, ਵੈਦਿਕ ਵੀ ਸਿਖਾਵਾਂਗਾ। ਗੁਰਦੁਆਰੇ ਵੱਲੋਂ ਪਰਉਪਕਾਰੀ ਕੰਮ ਕੀਤੇ ਜਾਣਗੇ, ਪਿੰਡ ਵਾਲਿਆਂ ਦੀ ਇਨ੍ਹਾਂ ਕੰਮਾਂ ਵਿੱਚ ਕੋਈ ਦਖ਼ਲਅੰਦਾਜ਼ੀ ਨਹੀਂ ਹੋਵੇਗੀ, ਸਗੋਂ ਲੋੜ ਪੈਣ 'ਤੇ ਸਹਿਯੋਗ ਦੇਣਾ ਹੋਵੇਗਾ। ਪੰਚਾਇਤ ਨੇ ਸ਼ਰਤ ਮੰਨ ਲਈ। ਗਿਆਨੀ ਜੀ ਪੰਚਾਇਤ ਨਾਲ ਜਲਾਲਦੀਵਾਲ ਆ ਗਏ।

ਗਿਆਨੀ ਜੀ ਨੇ ਆਉਂਦਿਆਂ ਹੀ ਵੈਦਿਕ ਦਾ ਕੰਮ ਸ਼ੁਰੂ ਕਰ ਦਿੱਤਾ। ਪਹਿਲਾਂ-ਪਹਿਲ ਤਾਂ ਮੱਲ ਸਿੰਘ ਕਾਮਰੇਡ ਦੇ ਘਰ ਹੀ ਬੱਚਿਆਂ ਨੂੰ ਪੜ੍ਹਾਉਣਾ ਸ਼ੁਰੂ ਕੀਤਾ। ਫਿਰ ਹੌਲੀ-ਹੌਲੀ ਸਕੂਲ ਦੀ ਇਮਾਰਤ ਵੀ ਬਣ ਗਈ। ਗਿਆਨੀ ਨਿਹਾਲ ਸਿੰਘ ਵੱਲੋਂ ਲਾਈ ਗਈ ਪਹਿਲੀ ਪਨੀਰੀ ਵਿੱਚ (ਮੈਂ) ਦਲੀਪ ਸਿੰਘ ਮਸਤ, ਹਕੀਮ ਹਰੀ ਚੰਦ, ਬਹਾਦਰ ਸਿੰਘ, ਕਰਤਾਰ ਸਿੰਘ ਗਰੇਵਾਲ, ਲਾਲ ਸਿੰਘ ਕਲਸਾਂ, ਗੁਰਦੇਵ ਸਿੰਘ ਬੋਪਾਰਾਏ ਸਨ। ਗਿਆਨੀ ਜੀ ਨੇ ਸਾਨੂੰ ਉਰਦੂ ਅਤੇ ਗੁਰਮੁਖੀ ਦੀ ਤਾਲੀਮ ਦੇ ਨਾਲ-ਨਾਲ ਵੈਦਗੀ ਵੀ ਸਿਖਾਈ। ਅਸੀਂ ਸਾਰੇ ਹੀ ਵਧੀਆ ਵੈਦ ਬਣ ਗਏ। ਗਿਆਨੀ ਜੀ ਨੇ ਸਾਨੂੰ ਅਨੰਦ ਕਾਰਜਾਂ ਉੱਤੇ ਕਵਿਤਾਵਾਂ ਪੜ੍ਹਨੀਆਂ ਵੀ ਸਿਖਾਈਆਂ।

1945-46 ਵਿੱਚ ਸਭ ਤੋਂ ਪਹਿਲੀ ਵਾਰ ਮੈਂ ਤੇ ਸੇਵਕ ਸਿੰਘ ਤਾਮਕੋਟੀਏ ਨੇ ਲੱਖਾ ਸਿੰਘ ਜੌਹਲ ਦੇ ਡਰਾਮੇ ਵਿੱਚ ਕੰਮ ਕੀਤਾ ਸੀ। ਉਨ੍ਹਾਂ ਦਿਨਾਂ ਵਿੱਚ ਡਰਾਮਾ ਸੁਕੈਡ (ਮੰਡਲੀ) ਵਿੱਚ ਕੰਮ ਕਰਨ ਵਾਲੇ ਸਿਰਫ਼ ਕਲਾਕਾਰ ਹੀ ਨਹੀਂ ਸੀ ਹੁੰਦੇ, ਸਗੋਂ ਉਹ ਹਰ ਪੱਖੋਂ ਪਰਖੇ-ਨਿਰਖੇ ਗਏ ਖਰੇ ਕਾਮਰੇਡਾਂ ਨੂੰ ਹੀ ਪਾਰਟੀ ਮੈਂਬਰ ਲਿਆ ਜਾਂਦਾ ਸੀ। ਉਨ੍ਹਾਂ ਵਿੱਚੋਂ ਹੀ ਸਟੇਜੀ ਕਲਾਕਾਰ ਤਿਆਰ ਕੀਤੇ ਜਾਂਦੇ ਸਨ।

ਗੱਲ 1949 ਦੀ ਐ, ਕਾਮਰੇਡ ਹਰਨਾਮ ਸਿੰਘ ਗੰਡੇਵਾਲੀਆ (ਪਿੰਡ ਵਿੱਚ ਇਹ ਸ਼ਹਿਣੇ ਵਾਲਿਆਂ ਦਾ ਘਰ ਵਜਦੈ) ਅਤੇ ਹਰਦਿਆਲ ਸਿੰਘ ਸਿੱਧਾ (ਫਰੀਦ ਪੁਰੀਆ) ਨੇ ਗਿਆਨੀ ਜੀ ਤੋਂ ਮਸਤ ਪਾਰਟੀ ਦੇ ਕੰਮ ਲਈ ਮੰਗ ਲਿਆ। ਗਿਆਨੀ ਜੀ ਨੇ ਮੈਨੂੰ (ਮਸਤ ਨੂੰ) ਖੁਸ਼ੀ-ਖੁਸ਼ੀ ਪਾਰਟੀ ਦੀ ਝੋਲੀ ਪਾ ਦਿੱਤਾ।

ਉਸ ਸਮੇਂ ਪਾਰਟੀ ਦੇ ਦਿਨ ਗੁਪਤਵਾਸ ਵਾਲੇ ਚੱਲ ਰਹੇ ਸਨ। ਪਾਰਟੀ ਦਾ ਗੁਪਤ ਦਫ਼ਤਰ ਫਰੀਦਪੁਰ (ਨੇੜੇ ਮਾਲੇਰਕੋਟਲਾ) ਕਾਮਰੇਡ ਹਰਦਿਆਲ ਸਿੰਘ ਸਿੱਧਾ, ਕਾਮਰੇਡ ਹਰਦਿੱਤ ਸਿੰਘ ਪੁੱਠਾ (ਦੋਵੇਂ ਸਕੇ ਭਰਾ ਸਨ) ਦੇ ਘਰ ਸੀ। ਦਫ਼ਤਰ ਦਾ ਸਾਰਾ ਕੰਮ ਸਾਹਿਬ ਸਿੰਘ ਸਲਾਣਾ ਸੰਭਾਲਦੇ ਸੀ। ਮੈਂ ਪਾਰਟੀ ਦਾ ਕੁੱਲਵਕਤੀ ਕਾਮਾ ਬਣ ਗਿਆ। ਇਨ੍ਹਾਂ ਦਿਨਾਂ ਵਿੱਚ ਮੇਰੀ ਡਿਊਟੀ ਪਾਰਟੀ ਦੀ ਡਾਕ ਵੰਡਣ ਦੀ ਸੀ। ਇੱਕ ਦਿਨ ਮੈਂ ਚੌਂਕ ਮਹਿਲਾਂ ਕੋਲ ਪੁਲਸ ਦੇ ਧੱਕੇ ਚੜ੍ਹ ਗਿਆ। ਮੇਰੇ ਸਾਈਕਲ ਪਿੱਛੇ ਲੱਦੀ ਬੋਰੀ ਵਿੱਚੋਂ ਇਸ਼ਤਿਹਾਰ, ਪਾਰਟੀ ਦਸਤਾਵੇਜ਼ ਤੇ ਕਾਮਰੇਡਾਂ ਦੇ ਨਾਂਅ ਚਿੱਠੀਆਂ ਮਿਲ ਗਈਆਂ। ਪੁਲਸ ਵਾਲੇ ਡੰਡਾ ਪਰੇਡ ਕਰਕੇ ਮੈਨੂੰ ਸੰਗਰੂਰ ਲੈ ਗਏ। ਜੁਡੀਸ਼ਲ ਨੇ ਦਫਾ 109 ਲਾ ਕੇ ਸੁਨਾਮ ਦੀ ਜੇਲ੍ਹ ਭੇਜ ਦਿੱਤਾ। ਮੁਕੱਦਮਾ ਵੀ ਚੱਲਿਆ। ਬਸ! ਉਸ ਤੋਂ ਪਿੱਛੋਂ ਤਾਂ ਚੱਲ ਸੋ ਚੱਲ। ਪੁਲਸ ਨਾਲ ਤਾਂ ਆਮ ਹੀ ਫੜਨ ਛੁੱਟਣ ਦੀ ਖੇਡ ਚੱਲਦੀ ਰਹਿੰਦੀ। ਅਸੀਂ ਆਪਣੀਆਂ ਸਟੇਜਾਂ ਤੋਂ ਆਮ ਲੋਕਾਂ ਦੇ ਦੁੱਖਾਂ-ਸੁੱਖਾਂ, ਲੋੜਾਂ-ਥੋੜਾਂ ਦੇ ਗੀਤ, ਕਵਿਤਾਵਾਂ ਲਿਖ ਕੇ ਗਾਉਂਦੇ, ਸੱਜਰੇ ਤੇ ਭਖਦੇ ਮਸਲਿਆਂ ਨੂੰ ਲੈ ਕੇ ਨਾਟਕ ਖੇਡਦੇ। ਜਿਵੇਂ ਹੜ੍ਹਾਂ ਮਾਰੇ ਲੋਕ ਮੁਜ਼ਾਰਾ ਲਹਿਰ ਨਾਲ ਸੰਬੰਧਤ ਮਹਿੰਗਾਈ, ਤੇਲ (ਡੀਜ਼ਲ) ਆਦਿ ਵਿਸ਼ੇ ਹੁੰਦੇ। ਇਸੇ ਕਾਰਨ ਹੀ ਸਾਡੀਆਂ ਸਟੇਜਾਂ 'ਤੇ ਅੰਤਾਂ ਦਾ 'ਕੱਠ ਹੁੰਦਾ। ਜਿਸ ਪਿੰਡ ਵਿੱਚ ਸਾਡਾ ਡਰਾਮਾ ਹੁੰਦਾ, ਉਸ ਪਿੰਡ ਦੇ ਆਲੇ-ਦੁਆਲੇ ਦੇ ਪਿੰਡਾਂ ਤੋਂ ਵੀ ਲੋਕ ਸਾਡਾ ਡਰਾਮਾ ਦੇਖਣ ਆਉਂਦੇ।

1962 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਤਿੰਨ ਸੀਟਾਂ ਅਸੀਂ ਆਪਣੇ ਇਲਾਕੇ ਵਿੱਚੋਂ ਜਿੱਤੀਆਂ, ਕਾਮਰੇਡ ਭਾਨ ਸਿੰਘ ਭੌਰਾ, ਕਾਮਰੇਡ ਹਰਨਾਮ ਸਿੰਘ ਚਮਕ ਤੇ ਹਰਦਿੱਤ ਸਿੰਘ ਭੱਠਲ। ਸੀ.ਆਈ.ਡੀ ਨੇ ਸਰਕਾਰ ਨੂੰ ਇਹ ਸੀਟਾਂ ਜਿੱਤਣ ਦਾ ਕਾਰਨ ਮਸਤ ਦੇ ਡਰਾਮੇ ਦੱਸਿਆ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਕਾਂਗਰਸ ਦੇ ਤੱਤਕਾਲੀ ਮੁੱਖ ਮੰਤਰੀ ਪੰਜਾਬ ਪਰਤਾਪ ਸਿੰਘ ਕੈਰੋਂ ਨੇ ਕਿਸੇ ਰਾਹੀਂ ਮੈਨੂੰ ਸੁਨੇਹਾ ਲਾਇਆ ਕਿ ਤੈਨੂੰ ਲੋਕ ਸੰਪਰਕ ਵਿਭਾਗ ਵਿੱਚ ਇੰਚਾਰਜ ਲਾ ਦਿੰਦੇ ਹਾਂ, ਪਰ.... । ਮੈਂ ਉਨ੍ਹਾਂ ਦੀ ਪੇਸ਼ਕਸ਼ ਠੁਕਰਾ ਦਿੱਤੀ। ਇਸ ਪਿੱਛੋਂ ਸਾਡੇ ਉੱਤੇ ਸਰਕਾਰੀ ਜਬਰ ਦਾ ਦੌਰ ਵੀ ਸ਼ੁਰੂ ਹੋਇਆ। ਮਿਸਾਲ ਵਜੋਂ 1962 ਵਿੱਚ ਕੁਰੜ ਵਿਖੇ ਡਰਾਮਾ ਕਰਦਿਆਂ ਸਾਨੂੰ ਫੜ ਕੇ ਬਰਨਾਲੇ ਜੇਲ੍ਹ ਵਿੱਚ ਬੰਦ ਕਰ ਦਿੱਤਾ। ਸਾਡੇ ਉੱਤੇ ਜ਼ਮੀਨੀ ਕਬਜ਼ਾ ਕਰਨ ਦਾ ਕੇਸ ਪਾਇਆ ਗਿਆ। ਕੁਰੜ ਦੇ ਚੌਂਕੀਦਾਰ ਨੂੰ ਝੂਠਾ ਗਵਾਹ ਬਣਾ ਕੇ ਮੁਕੱਦਮਾ ਚਲਾਇਆ ਗਿਆ, ਛੇ ਮਹੀਨੇ ਬਰਨਾਲੇ ਜੇਲ੍ਹ ਵਿੱਚ ਰਹੇ। ਅਦਾਲਤ ਨੇ ਸਾਨੂੰ ਬਰੀ ਕਰ ਦਿੱਤਾ।

ਨਕਸਲਬਾੜੀ ਲਹਿਰ ਦੇ ਪ੍ਰਭਾਵ ਅਧੀਨ ਮਾਂ ਪਾਰਟੀ ਵਿੱਚੋਂ ਤੁਹਾਡਾ ਛੜੱਪਾ ਮਾਰਨ ਦਾ ਕੀ ਸਬੱਬ ਬਣਿਆ? ਪੁੱਛਣ 'ਤੇ ਮਸਤ ਦਾ ਜਵਾਬ ਸੀ, ਮੈਂ ਕਿਹੜਾ ਇਕੱਲਾ ਗਿਆ ਸੀ, ਉਨ੍ਹਾਂ ਵਿੱਚ। ਸੀ.ਪੀ.ਆਈ ਤੇ ਸੀ.ਪੀ.ਆਈ. (ਐੱਮ.) ਦੇ ਜਿੰਨੇ ਵੀ ਗਰਮਦਲੀਏ ਸਾਥੀ ਸਨ, ਉਹ ਸਾਰੇ ਹੀ ਪਹਿਲਾਂ ਗਏ ਤੇ ਉਨ੍ਹਾਂ ਵਿੱਚੋਂ ਕੁੱਝ ਵਾਪਸ ਵੀ ਆਏ ਆਪੋ ਆਪਣੀਆਂ ਪਾਰਟੀਆਂ ਵਿੱਚ ਮੇਰੇ ਵਰਗੇ।

ਅਸਲ ਵਿੱਚ ਗੱਲ ਤਾਂ ਇਹ ਸੀ ਕਿ ਬਾਬਾ ਬੂਝਾ ਸਿੰਘ ਦੀ ਮੀਟਿੰਗ ਵਿੱਚ ਜਿਸ ਨੇ ਵੀ ਇੱਕ ਵਾਰ ਹਾਜ਼ਰੀ ਭਰ ਲਈ, ਉਹ ਭਾਵੁਕ ਹੀ ਇੰਨਾ ਹੋ ਜਾਂਦਾ ਸੀ ਕਿ....। ਬਾਬਾ ਬੂਝਾ ਸਿੰਘ ਆਪਣੇ ਭਾਸ਼ਣ ਵਿੱਚ ਅਕਸਰ ਹੀ ਦੋਵੇਂ ਕਮਿਊਨਿਸਟ ਪਾਰਟੀਆਂ ਨੂੰ ਰਿਵਾਇਤੀ ਕਮਿਊਨਿਸਟ ਪਾਰਟੀਆਂ ਕਿਹਾ ਕਰਦਾ ਸੀ। ਉਸ ਦੇ ਸ਼ਬਦਾਂ ਵਿੱਚ ਸੀ.ਪੀ.ਆਈ ਨੇ ਤਾਂ ਰਾਜਕਰਤਾ ਜਮਾਤ (ਕਾਂਗਰਸ) ਨਾਲ ਸਿੱਧੇ ਮੱਥੇ ਹੀ ਸਾਂਝ-ਭਿਆਲੀ ਕਰ ਲਈ ਹੈ। ਇਹ ਸੋਧਵਾਦੀਆਂ ਦੀ ਪਾਰਟੀ ਬਣ ਗਈ ਹੈ ਤੇ ਸੀ.ਪੀ.ਆਈ (ਐੱਮ.) ਨੇ ਵੀ ਅੰਦਰਖਾਤੇ ਕਾਂਗਰਸ ਨਾਲ ਸਾਂਢ-ਗਾਂਢ ਕਰ ਰੱਖੀ ਐ, ਇਹ ਨਵ-ਸੋਧਵਾਦੀਆਂ ਦੀ ਪਾਰਟੀ ਐ। ਬਾਬਾ ਬੂਝਾ ਸਿੰਘ ਦਾ ਵਿਚਾਰ ਸੀ ਕਿ ਹਮੇਸ਼ਾ ਹੀ ਇਨਕਲਾਬ ਤਾਂ ਹਥਿਆਰਬੰਦ ਲੜਾਈ ਨਾਲ ਹੀ ਹੁੰਦੈ, ਇਨਕਲਾਬ ਦੇ ਮੋਹਰੀ ਤਾਂ ਕੁੱਝ ਬੰਦੇ ਹੀ ਹੁੰਦੇ ਨੇ, ਲੋਕਾਂ ਦੀ ਸ਼ਮੂਲੀਅਤ ਤਾਂ ਬਾਅਦ ਦੀ ਗੱਲ ਐ।

ਨਕਸਲਬਾੜੀ ਲਹਿਰ ਦੇ ਸਾਥੀਆਂ ਨੇ ਜਦੋਂ ਰਿਵਾਇਤੀ ਹਥਿਆਰਾਂ ਨਾਲ ਐਕਸ਼ਨ ਨੂੰ ਅਮਲੀ ਰੂਪ ਦਿੱਤਾ ਤਾਂ ਮੇਰੇ ਦਿਮਾਗ ਦੀ ਚੱਕਰੀ ਘੁੰਮ ਗਈ। ਮੈਂ ਸੋਚਿਆ, ਮਸਤ ਤੂੰ ਤਾਂ ਘਰੋਂ ਤੁਰਿਆ ਸੀ ਲੋਕਾਂ ਦੀ ਜ਼ਿੰਦਗੀ ਬਿਹਤਰ ਬਣਾਉਣ ਲਈ, ਨਾ ਕਿ ਜ਼ਿੰਦਗੀਆਂ ਮੁਕਾਉਣ ਲਈ। ਮੈਂ ਆਪਣੇ ਨਕਸਲਬਾੜੀ ਸਾਥੀਆਂ ਦਾ ਸਾਥ ਛੱਡਣ ਤੋਂ ਪਹਿਲਾਂ ਦੋ-ਤਿੰਨ ਦਿਨ ਅਜਿਹਾ ਡਿਪ੍ਰੈਸ਼ਨ ਵਿੱਚ ਰਿਹਾ ਕਿ ਖਾਣਾ-ਪੀਣਾ ਵੀ ਭੁੱਲ ਗਿਆ।

ਆਖਿਰ ਫਿਰ ਮੁੜ ਸੰਗਰੂਰ ਪਾਰਟੀ ਦਫ਼ਤਰ ਹੀ ਕੰਮ ਆਇਆ। ਉਨ੍ਹੀਂ ਦਿਨੀਂ ਪਾਰਟੀ ਦਾ ਸੂਬਾ ਸਕੱਤਰ ਸਤਵੰਤ ਸੀ ਤੇ ਜ਼ਿਲ੍ਹਾ ਸਕੱਤਰ ਚਮਕ ਜੀ ਸਨ। ਚਮਕ ਜੀ ਨੇ ਦੋ-ਤਿੰਨ ਘੰਟੇ ਲਾ ਕੇ ਮੈਨੂੰ ਕਮਿਊਨਿਸਟ ਪਾਰਟੀ ਲਈ ਸੱਜਾ ਕੁਰਾਹਾ ਤੇ ਖੱਬਾ ਕੁਰਾਹਾ ਸਮਝਾਇਆ ਤੇ ਮੈਨੂੰ ਸਾਥੀ ਚਮਕ ਜੀ ਨੇ ਐੱਸ.ਐੱਸ.ਪੀ ਸੰਗਰੂਰ (ਫੂਲਕਾ) ਦੇ ਪੇਸ਼ ਕਰ ਦਿੱਤਾ।

ਕਬੀਲਦਾਰੀ ਦੀ ਕਿਸੇ ਉਲਝਣ ਵਿੱਚ ਉਲਝਿਆ ਮੈਂ ਸੋਚਾਂ ਦੀ ਬੇੜੀ ਵਿੱਚ ਸਵਾਰ ਗੱਦੀ ਉੱਤੇ ਹੀ ਟੇਢਾ (ਅੱਧ-ਲੇਟਿਆ) ਪਿਆ ਸੀ। ਦਿਨ ਵੀ ਆਲਸੀ ਜਿਹੇ ਹੀ ਸਨ, ਫੱਗਣ-ਚੇਤ ਦਾ ਮਹੀਨਾ ਸੀ, ਸਵੇਰ ਦੇ ਦਸ-ਗਿਆਰਾਂ ਵਜੇ ਦਾ ਵਕਤ ਹੋਵੇਗਾ। ਮਸਤ ਦੁਕਾਨ ਮੂਹਰੇ ਸਾਈਕਲ ਸਟੈਂਡ 'ਤੇ ਲਾਉਂਦਾ ਬਾਹਰੋਂ ਹੀ ਬੋਲਿਆ।

ਸਾਥੀਆ ਕਿਵੇਂ ਅੱਜ ਸਾਝਰੇ ਹੀ ਕੰਨ ਪਰਨੇ ਹੋਇਆ ਪਿਐ, ਉਂ ਚਿੱਤ ਤਾਂ ਠੀਕ ਹੈ ਤੇਰਾ....?

ਮੈਂ ਉੱਠ ਕੇ ਬੈਠਦਿਆਂ ਕਿਹਾ, ਚਿੱਤ ਨੂੰ ਸਾਲੀ ਕੀ ਗੋਲੀ ਲੱਗੀ ਐ, ਉਂ ਈ ਬਸ! ਮਨ ਹੀ ਕੁੱਝ....।

ਮੈਂ ਕੈਂਪਰ 'ਚੋਂ ਪਾਣੀ ਦਾ ਗਲਾਸ ਭਰ ਕੇ ਦਿੰਦਿਆਂ ਕਿਹਾ, ਚਾਹ ਚੱਲੂਗੀ?

ਖਾਲੀ ਗਲਾਸ ਫੜਾਉਂਦਾ ਮਸਤ ਬੋਲਿਆ, 'ਚਾਹ ਵੀ ਚੱਲੂਗੀ, ਸਾਥੀਆ ਥੋੜ੍ਹਾ ਠਹਿਰ ਕੇ ....।'

ਹਾਂ ਬਈ, ਸੁਣਾ ਕੋਈ ਗੱਲ-ਬਾਤ। ਮੈਂ ਕੁੱਝ ਸੁਣ-ਸੁਣਾ ਕੇ ਚਿੱਤ ਠੀਕ ਕਰਨਾ ਚਾਹੁੰਦਾ ਸੀ।

ਇਉਂ ਨੀ ਗੱਲ ਸੁਣਾਈ ਜਾਂਦੀ ਹੁੰਦੀ, ਤੂੰ ਕੋਈ ਗੱਲ ਤੋਰ, ਫਿਰ ਗੱਲ 'ਚੋਂ ਗੱਲ ਆਪੇ ਨਿਕਲ ਆਊ। ਮਸਤ ਨੇ ਇੱਕੋ ਗੱਲ ਵਿੱਚ ਹੀ ਗੱਲ ਪੂਰੀ ਕਰ ਦਿੱਤੀ।

ਜੱਗ ਬੀਤੀ ਤਾਂ ਰੋਜ਼ ਈ ਸੁਣਦੇ ਆਂ, ਕੋਈ ਹੱਡ ਬੀਤੀ ਸੁਣਾ। ਮੈਂ ਮੁੜ ਗੱਲ ਅੱਗੇ ਤੋਰੀ।

ਲੈ ਸੁਣ, ਮੁਜ਼ਾਰਾ ਲਹਿਰ ਦੇ ਦਿਨਾਂ ਦੀ ਗੱਲ ਐ, ਸਾਥੀ ਚਮਕ ਜੀ ਉਨ੍ਹੀਂ ਦਿਨੀਂ ਵਰੰਟਡ ਸਨ। ਅਸੀਂ ਦੋਵੇਂ ਵਿੰਗ-ਵਲ ਪਾ ਕੇ ਦਿਨ ਛਿਪਦੇ ਨਾਲ ਫਰੀਦਪੁਰ ਕਾਮਰੇਡ ਸਿੱਧੇ/ਪੁੱਠੇ ਦੇ ਘਰ ਪਹੁੰਚ ਗਏ। ਰੋਟੀ ਖਾਧੀ, ਨਾਲ ਹੀ ਚਾਹ ਪੀਤੀ, ਪੰਜ-ਛੇ ਰੋਟੀਆਂ, ਇੱਕ ਗੁੜ ਦੀ ਪੇਸੀ ਬੰਨ੍ਹ ਕੇ ਝੋਲੇ ਵਿੱਚ ਪਾ ਲਈ। ਅਸੀਂ ਤੁਰ ਕੇ ਮਾਲੇਰਕੋਟਲੇ ਸਟੇਸ਼ਨ 'ਤੇ ਆ ਗਏ। ਚਮਕ ਜੀ ਇੱਕ ਪਾਸੇ ਜਿਹੇ ਬੈਂਚ ਉੱਤੇ ਚਾਦਰ ਦੀ ਬੁੱਕਲ ਮਾਰ ਕੇ ਬੈਠ ਗਏ। ਨੌਂ ਵਜੇ ਵਾਲੀ ਗੱਡੀ ਆਈ, ਅਸੀਂ ਗੱਡੀ ਚੜ੍ਹ ਗਏ। ਗੱਡੀ ਵਿੱਚ ਭੀੜ ਘੱਟ ਹੀ ਸੀ, ਕੋਈ ਟਾਂਵੀਂ-ਟਾਂਵੀਂ ਹੀ ਸਵਾਰੀ ਸੀ, ਪਰ ਅਸੀਂ ਫਿਰ ਵੀ ਉਸ ਡੱਬੇ ਵਿੱਚ ਬੈਠੇ, ਜੋ ਤਕਰੀਬਨ ਖਾਲੀ ਹੀ ਸੀ। ਚਮਕ ਜੀ ਤਾਂ ਚਾਦਰ ਲੈ ਕੇ ਫੱਟੇ 'ਤੇ ਲੰਮੇ ਪੈ ਗਏ। ਮੈਂ ਰੋਟੀਆਂ ਵਾਲਾ ਝੋਲਾ ਉਨ੍ਹਾਂ ਕੋਲ ਰੱਖ ਡੱਬੇ ਵਿੱਚ ਮਟਰ ਗਸ਼ਤੀ ਕਰਨ ਲੱਗਿਆ। ਇੱਕ ਫੱਟੇ ਤੋਂ ਮੈਨੂੰ ਠੂਠੀ ਵਿੱਚ ਬਾਂਸ ਦੀ ਫਾਕੜ ਪਾ ਕੇ ਬਣਾਈ ਸਰੰਗੀ ਵਰਗੀ ਚੀਜ਼ ਲੱਭੀ, ਨਾਲ ਹੀ ਉਸ ਉੱਤੇ ਫੇਰਨ ਵਾਲਾ ਗਜ਼। ਬੱਚਿਆਂ ਦੇ ਖੇਡਣ ਵਾਲੀ ਖੇਡ ਸੀ ਉਹ। ਕੋਈ ਬੱਚਾ ਭੁੱਲ ਗਿਆ ਹੋਵੇਗਾ। ਮੈਂ ਚੱਕ ਕੇ ਵਜਾਉਣੀ ਸ਼ੁਰੂ ਕਰ ਦਿੱਤੀ। ਉਹ ਬਹੁਤ ਵਧੀਆ ਵੱਜ ਰਹੀ ਸੀ। ਉਸ ਨੂੰ ਵਜਾਉਂਦਾ-ਵਜਾਉਂਦਾ ਜਦੋਂ ਮੈਂ ਚਮਕ ਜੀ ਕੋਲ ਪਹੁੰਚਿਆ। ਚਮਕ ਜੀ ਉੱਠੇ ਬੜੇ ਗੁੱਸੇ ਵਿੱਚ ਬੋਲੇ। ਓਏ ਡੰਗਰਾ ਕਿਉਂ ਅਣ-ਸੁਣਦਿਆਂ ਸੁਣਾਉਂਦੈ, ਨਿਚਲਾ ਨੀ ਬਹਿ ਹੁੰਦਾ। ਮੈਥੋਂ ਉਹ ਖੇਡ ਫੜ ਕੇ ਚੱਲਦੀ ਗੱਡੀ 'ਚੋਂ ਬਾਹਰ ਮਾਰ। ਸੌਂ ਜਾ ਚੁੱਪ ਕਰਕੇ ਚਮਕ ਜੀ, ਫਿਰ ਪੈ ਗਏ, ਤੇ ਮੈਂ ਵੀ ਪੈ ਗਿਆ। ਮੇਰੀ ਵੀ ਅੱਖ ਲੱਗ ਗਈ, ਚਮਕ ਜੀ ਨੇ ਮੈਨੂੰ ਉਦੋਂ ਜਗਾਇਆ ਜਦੋਂ ਉਹ ਸਟੇਸ਼ਨ ਆ ਗਿਆ, ਜਿਸ ਉੱਤੇ ਅਸੀਂ ਉਤਰਨਾ ਸੀ। ਸ਼ਾਇਦ ਇਹ ਬਿਆਸ ਦੇ ਸਟੇਸ਼ਨ ਤੋਂ ਕੋਈ ਪਹਿਲਾ ਛੋਟਾ ਜਿਹਾ ਸਟੇਸ਼ਨ ਸੀ।

ਅਸੀਂ ਸਟੇਸ਼ਨ ਤੋਂ ਉੱਤਰ ਕੇ ਲਹਿੰਦੇ ਵੱਲ ਪੈਦਲ ਹੀ ਤੁਰ ਪਏ। ਦਿਨ ਵੀ ਚੜ੍ਹ ਗਿਆ ਸੀ। ਅੱਗੇ ਰਸਤੇ ਤੋਂ ਥੋੜ੍ਹਾ ਹਟ ਕੇ ਇੱਕ ਖੂਹ ਚੱਲ ਰਿਹਾ ਸੀ। ਉੱਥੇ ਮੂੰਹ-ਹੱਥ ਧੋਤਾ, ਰੋਟੀਆਂ ਵਾਲਾ ਪੋਣਾ ਖੋਹਲਿਆ, ਰੋਟੀਆਂ ਵਿੱਚ ਅੰਬ ਦਾ ਆਚਾਰ ਵੀ ਸੀ। ਰੋਟੀਆਂ ਖਾ ਕੇ ਅਸੀਂ ਅੱਗੇ ਨੂੰ ਚੱਲ ਪਏ। ਸਾਹਮਣਿਓਂ ਸਾਨੂੰ ਪੁਲਸ ਵਾਲੇ ਆਉਂਦੇ ਦਿਸੇ। ਚਮਕ ਜੀ ਨੇ ਆਪਣੀ ਐਨਕ ਲਾਹ ਕੇ ਜੇਬ ਵਿੱਚ ਪਾ ਲਈ। ਇਹ ਐਨਕ ਹੀ ਉਨ੍ਹਾਂ ਦੀ ਵੱਡੀ ਪਹਿਚਾਣ ਸੀ। ਉਨ੍ਹਾਂ ਦਿਨਾਂ ਵਿੱਚ ਬਹੁਤ ਘੱਟ ਲੋਕਾਂ ਦੇ ਐਨਕਾਂ ਲੱਗੀਆਂ ਹੁੰਦੀਆਂ ਸਨ। ਪੁਲਸ ਵਾਲੇ ਸਾਨੂੰ ਵਗੈਰ ਕੁੱਝ ਪੁੱਛੇ ਹੀ ਤੇਜ਼ੀ ਨਾਲ ਅੱਗੇ ਲੰਘ ਗਏ।

ਮੈਂ ਪੁੱਛਿਆ, ਚਮਕ ਜੀ, ਜੇ ਪੁਲਸ ਵਾਲੇ ਸਾਨੂੰ ਪੁੱਛ-ਗਿੱਛ ਲਈ ਰੋਕ ਲੈਂਦੇ ਤਾਂ ਤੁਸੀਂ ਕੀ ਕਹਿੰਦੇ?

ਮੈਂ ਕੀ ਕਹਿਣਾ ਸੀ, ਮੈਂ ਇਹੋ ਕਹਿੰਦਾ ਕਿ ਅਸੀਂ ਪਿਉ ਪੁੱਤ ਆਂ। ਹੋਰ ਕੀ।

ਚਮਕ ਜੀ, ਤੁਹਾਡਾ ਰੰਗ ਪੂਰਾ ਗੋਰਾ ਤੇ ਮੇਰਾ ਰੰਗ ਰੜ੍ਹੇ ਹੋਏ ਗੁਲਗਲੇ ਵਰਗਾ, ਦੇਖਣ ਨੂੰ ਤਾਂ ਆਪਾਂ ਪਿਉ-ਪੁੱਤ ਨੀ ਲੱਗਦੇ?

ਓ ਮਸਤ ਮੈਂ ਕਹਿਣਾ ਸੀ, ਮੇਰੇ ਘਰਵਾਲੀ ਵੰਗਰੋਂ ਐ ਮੁੰਡੇ ਦਾ ਮੁਹਾਂਦਰਾ ਮਾਂ 'ਤੇ ਗਿਆ ....।

ਗੱਲ ਚੱਲਦੀ-ਚੱਲਦੀ ਪਤਾ ਨੀ ਕਿਧਰੋਂ ਤਿਲਕ ਕੇ ਸਟੇਜੀ ਕਲਾਕਾਰੀ ਉੱਤੇ ਆ ਗਈ। ਮਸਤ ਕਹਿੰਦਾ ਸਟੇਜ ਦੇ ਤਾਂ ਆਪਾਂ ਇਤਨੇ ਧਨੀ ਰਹੇ ਆਂ ਕਿ ਜੇਕਰ ਕਿਸੇ ਮਜਬੂਰੀ ਕਾਰਨ ਸਟੇਜ ਪੰਜ-ਸੱਤ ਮਿੰਟਾਂ ਲਈ ਖਾਲੀ ਰਹਿ ਜਾਵੇ ਤਾਂ ਮੈਂ ਇਕੱਲਾ ਹੀ ਬਗੈਰ ਕੋਈ ਸੰਵਾਦ ਰਚਾਏ ਤੋਂ ਦਰਸ਼ਕਾਂ ਦਾ ਧਿਆਨ ਆਪਣੇ ਵੱਲ ਖਿੱਚੀ ਰੱਖਣ ਦੀ ਜਾਚ ਜਾਣਦਾ। ਉਹ ਆਪਣੀ ਖੱਬੀ ਅੱਖ ਦੀ ਟੋਪੀ (ਪਲਕ) ਉਂਗਲ ਨਾਲ ਬੰਦ ਕਰਕੇ ਕਹਿੰਦਾ, 'ਲੈ ਸਾਥੀਆ ਹੁਣ ਮੈਂ ਜਮਾਂਦਰੂ ਕਾਣਾ ਹੋ ਗਿਆ, ਜਿੰਨੀ ਦੇਰ ਕਹੇ, ਇਹ ਅੱਖ ਨਾ ਫਰਕੇਗੀ, ਨਾ ਖੁੱਲ੍ਹੇਗੀ।

ਮੈਂ ਕਿਹਾ, ਮਸਤ ਜੀ, ਕਦੇ ਤੁਹਾਡੀ ਅਸਲ ਜ਼ਿੰਦਗੀ ਵਿੱਚ ਵੀ ਲੋੜ ਪੈਣ ਉੱਤੇ ਸਟੇਜੀ ਕਲਾ ਕੰਮ ਆਈ ਐ?

ਹਾਂ, ਉਂਝ ਤਾਂ ਕਈ ਵਾਰ ਸਟੇਜੀ ਕਲਾ ਜ਼ਿੰਦਗੀ ਵਿੱਚ ਕੰਮ ਆਈ ਐ, ਪਰ! ਇੱਕ ਵਾਕਿਆ ਸੁਣਾ ਦਿੰਦਾ ਹਾਂ।

ਅਸੀਂ ਮਾਲੇਰਕੋਟਲੇ ਦੇ ਚੜ੍ਹਦੇ ਪਾਸੇ ਕਿਸੇ ਪਿੰਡ ਵਿੱਚ ਰਾਤ ਨੂੰ ਡਰਾਮਾ ਕੀਤਾ। ਦੂਸਰੇ ਦਿਨ ਅਸੀਂ ਰਾਤ ਨੂੰ ਪਿੰਡ ਭੁਦਨ ਪ੍ਰੋਗਰਾਮ ਦੇਣਾ ਸੀ। ਅਸੀਂ ਸਾਈਕਲਾਂ 'ਤੇ ਸ਼ਹਿਰ ਵਿੱਚ ਦੀ ਲੰਘ ਰਹੇ ਸੀ। ਡਰਾਮਾ ਪਾਰਟੀ ਦੇ ਸਾਥੀ ਅੱਗੇ ਲੰਘ ਗਏ, ਮੈਂ ਪਿੱਛੇ ਸੀ। ਪਹਿਲੀ ਰਾਤ ਹੋਏ ਕਿਸੇ ਧਾਰਮਿਕ ਤਣਾਅ ਕਾਰਨ ਐੱਸ.ਡੀ.ਐੱਮ ਵੱਲੋਂ ਸ਼ਹਿਰ ਵਿੱਚ ਕਰਫਿਊ ਦੀ ਅਨਾਊਸਮੈਂਟ ਹੋ ਗਈ। ਫਟਾ-ਫੱਟ ਦੁਕਾਨਾਂ ਬੰਦ ਹੋਣ ਲੱਗੀਆਂ। ਪੁਲਸ ਦੀ ਗਸ਼ਤ ਤੇਜ਼ ਹੋ ਗਈ। ਮੈਂ ਮਨ ਹੀ ਮਨ ਵਿੱਚ ਕਿਹਾ, ਲੈ ਮਸਤ ਕਰ ਕੋਈ ਹੀਲਾ, ਭਜਾ ਲੈ ਮਨ ਦੇ ਘੋੜੇ, ਨਹੀਂ ਤਾਂ ਗਏ ਦੋ-ਚਾਰ ਮਹੀਨਿਆਂ ਲਈ ਅੰਦਰ....। ਮੈਂ ਕੋਲੋਂ ਦਰਵਾਜ਼ੇ ਨੇੜੇ ਦੇਖਿਆ ਬਾਹਰਲੇ ਪਾਸੇ ਸੜਕ ਤੋਂ ਹਟ ਕੇ ਗੱਡੀਆਂ ਵਾਲਿਆਂ (ਲੋਹਾ-ਕੁੱਟਾਂ) ਦੀਆਂ ਅੱਠ-ਦਸ ਗੱਡੀਆਂ ਖੜ੍ਹੀਆਂ ਸਨ। ਮੈਂ ਬੇਝਿਜਕ ਹੋ ਕੇ ਉਨ੍ਹਾਂ ਦੀਆਂ ਗੱਡੀਆਂ ਵਿੱਚ ਜਾ ਵੜਿਆ। ਅੱਗਿਓਂ, ਸਬੱਬ ਇਹ ਬਣਿਆ ਕਿ ਉਨ੍ਹਾਂ ਵਿੱਚੋਂ ਦੋ-ਤਿੰਨ ਗੱਡੀਆਂ ਵਾਲੇ ਮੇਰੇ ਜਾਣੂ ਨਿਕਲ ਆਏ, ਕਿਉਂਕਿ ਉਹ ਫਰੀਦਪੁਰ ਵਾਲੇ ਸਿੱਧੇ-ਪੁੱਠੇ ਕਾਮਰੇਡ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਉਨ੍ਹਾਂ ਦਾ ਕਾਮਰੇਡ ਸਿੱਧੇ-ਪੁੱਠੇ ਨਾਲ ਬਲਦ



ਵੱਛਿਆਂ ਦੇ ਵਿਉਪਾਰ ਵੇਲੇ ਨਕਦ ਉਧਾਰ ਦਾ ਕੰਮ ਵੀ ਚੱਲਦਾ ਸੀ।

ਮੈਂ ਉਨ੍ਹਾਂ ਕੋਲ ਚਾਹ-ਪਾਣੀ ਪੀਤਾ, ਫਿਰ ਉਨ੍ਹਾਂ ਦੇ ਮੁਖੀਏ ਨੂੰ (ਪੱਕਾ ਤਾਂ ਹੁਣ ਯਾਦ ਨਹੀਂ ਸ਼ਾਇਦ ਉਸ ਦਾ ਨਾਂਅ ਜੁਆਲਾ ਸੀ) ਦੱਸਿਆ ਕਿ ਮੇਰਾ ਇੱਥੋਂ ਜਿੰਨਾ ਛੇਤੀ ਹੋ ਸਕੇ ਜਾਣਾ ਜ਼ਰੂਰੀ ਐ, ਕਿਉਂਕਿ ਕਰਫਿਊ ਦਾ ਕੀ ਪਤਾ ਕਦੋਂ ਤੱਕ ਰਹੂਗਾ।

ਜੁਆਲਾ ਕਹਿੰਦਾ, ਤੈਨੂੰ ਤਾਂ ਇੱਥੋਂ ਕੱਢ ਦਿਆਂਗੇ, ਸਾਈਕਲ ਦਾ ਕੀ ਕਰਾਂਗੇ?

ਮੈਂ ਕਿਹਾ, ਸਾਈਕਲ ਕੱਲ੍ਹ ਨੂੰ ਫਰੀਦਪੁਰ ਕਾਮਰੇਡ ਸਿੱਧੇ ਕੋਲ ਪਹੁੰਚਦਾ ਕਰ ਦਿਓ। ਜੁਆਲੇ ਨੇ ਮੈਨੂੰ ਆਪਣੀ ਘਰ ਵਾਲੀ ਦੀ ਘੱਗਰੀ ਕੁੜਤੀ ਤੇ ਚਾਦਰ (ਚੁੰਨੀ) ਲਿਆ ਦਿੱਤੀ।

ਕੱਪੜੇ ਪਾ ਕੇ ਜਦੋਂ ਮੈਂ ਸ਼ੀਸ਼ਾ ਦੇਖਿਆ, ਖੁਦ ਦੀ ਪਹਿਚਾਣ ਨਾ ਆਈ ਕਿ ਮੈਂ ਕੌਣ ਹਾਂ।

ਜੁਆਲੇ ਨੇ ਆਪਣੀ ਘਰ ਵਾਲੀ ਤੇ ਕੁੜੀ ਮੇਰੇ ਨਾਲ ਤੋਰੀਆਂ। ਸਾਡੇ ਦੋਵਾਂ ਦੇ ਕੋਲ ਬੱਠਲ, ਚਿਮਟੇ, ਖੁਰਚਣੇ ਤੇ ਬਾਲਟੀ ਸੀ। ਕੁੜੀ ਖਾਲੀ ਹੱਥ। ਅਸੀਂ ਤਿੰਨੇ ਸਿੱਧਾ ਰਸਤਾ ਛੱਡ ਗਲੀਆਂ, ਪਲਾਟਾਂ, ਖੇਤਾਂ ਰਾਹੀਂ ਸ਼ੇਰਵਾਨੀ ਕੋਟ (ਕੇਲੋਂ) ਆ ਗਏ। ਉੱਥੋਂ ਮੈਂ ਕੱਪੜੇ ਬਦਲ ਕੇ ਉਨ੍ਹਾਂ ਨੂੰ ਦੇ ਦਿੱਤੇ, ਉਹ ਦੋਵੇਂ ਪਿੱਛੇ ਮੁੜ ਗਈਆਂ ਤੇ ਮੈਂ ਆਪਣੇ ਰਾਹ ਪੈ ਗਿਆ।

ਮਸਤ ਇੱਕ ਉਹ ਸ਼ਖਸੀਅਤ ਸੀ, ਉਹਦੇ ਨੇ ਸਾਰੀ ਉਮਰ ਕਮਿਊਨਿਸਟ ਪਾਰਟੀ ਦਾ ਹੀ ਪ੍ਰਚਾਰ ਕੀਤਾ। ਲਾਲ ਝੰਡਾ, ਸਾਥੀ, ਕਾਮਰੇਡ, ਮਜ਼ਦੂਰ, ਕਿਸਾਨ, ਕੰਮੀ, ਲੋਟੂ, ਵਿਹਲੜ ਤੇ ਸਰਮਾਏਦਾਰ ਵਰਗੇ ਸ਼ਬਦਾਂ ਨੂੰ ਆਮ ਲੋਕਾਂ ਦੇ ਕੰਨਾਂ ਤੱਕ ਹੀ ਨਹੀਂ ਪਹੁੰਚਾਇਆ, ਸਗੋਂ ਉਨ੍ਹਾਂ ਦੀ ਸੋਚ ਦਾ ਹਿੱਸਾ ਵੀ ਬਣਾਇਆ। ਇਸ ਦਾ ਇੱਕ ਕਾਰਨ ਤਾਂ ਇਹ ਵੀ ਸੀ ਕਿ ਮਸਤ ਖੁਦ ਨਿਮਨ ਵਰਗ ਵਿੱਚ ਪੈਦਾ ਹੋਇਆ, ਦੂਸਰਾ ਇਸ ਦਾ ਮੇਲ-ਮਿਲਾਪ ਮੁੱਢੋਂ ਹੀ ਲੋੜਾਂ, ਥੋੜਾਂ, ਤੰਗੀਆਂ-ਤੁਰਸ਼ੀਆਂ ਹੰਢਾ ਰਹੇ ਲੋਕਾਂ ਨਾਲ ਸੀ। ਇਸ ਨੇ ਆਮ ਲੋਕਾਈ ਦੀ ਗੁਰਬਤ ਨੂੰ ਸਿਰਫ਼ ਨੇੜਿਓਂ ਦੇਖਿਆ ਹੀ ਨਹੀਂ, ਆਪਣੇ ਤਨ-ਮਨ 'ਤੇ ਹੰਢਾਇਆ ਵੀ।

ਕਮਿਊਨਿਸਟ ਪਾਰਟੀ ਦਾ ਜਿੱਥੇ-ਜਿੱਥੇ ਵੀ ਪ੍ਰਚਾਰ ਅਤੇ ਪ੍ਰਭਾਵ ਗਿਆ, ਉੱਥੇ ਨਾਲ ਦੀ ਨਾਲ ਮਸਤ ਦਾ ਨਾਂਅ ਵੀ ਬਰਾਬਰ ਪਾਰਟੀ ਤੇ ਲੋਕਾਂ ਦੀ ਯਾਦ ਦਾ ਹਿੱਸਾ ਬਣਿਆ। ਪੂਰੇ ਮਾਲਵੇ ਵਿੱਚ ਹਰ ਘਰ ਦੇ ਚੁੱਲ੍ਹੇ 'ਤੇ ਮਸਤ ਦੇ ਨਾਂਅ ਦੀ ਰੋਟੀ ਪੱਕਦੀ। ਉਸ ਦੇ ਸਾਈਕਲ ਦੇ ਹੈਂਡਲ ਨਾਲ ਕਾਲਾ ਹੈਂਡ ਬੈਗ ਸਦਾ ਨਾਲ ਹੀ ਰਿਹਾ, ਜਿਸ ਵਿੱਚ ਉਸ ਦੇ ਲੋੜ ਅਨੁਸਾਰ ਕੁੱਝ ਦੇਸੀ ਦਵਾਈਆਂ, ਇੱਕ ਜੋੜਾ ਕਮੀਜ਼, ਪਜਾਮਾ, ਪਰਨਾ ਤੇ ਨਿੱਕਰ। ਬਸ! ਇਹੋ ਉਸ ਦੀ ਸਾਰੀ ਕਬੀਲਦਾਰੀ ਹੁੰਦੀ ਸੀ। ਇਸ ਤੋਂ ਵਗੈਰ ਉਸ ਦਾ ਆਪਣਾ ਕੁੱਝ ਵੀ ਨਹੀਂ ਸੀ। ਉਂਝ ਉਸ ਲਈ ਸਾਰਾ ਜੱਗ ਮਿੱਤਰਾਂ ਦਾ ਹੀ ਸੀ।

ਉਸ ਦੇ ਜ਼ਿਹਨ ਵਿੱਚ ਇਲਾਕੇ ਦੇ ਪੂਰੇ ਕਾਮਰੇਡਾਂ ਦੀਆਂ ਰਿਸ਼ਤੇਦਾਰੀਆਂ ਦੀ ਫ਼ਰਦ ਹੁੰਦੀ ਸੀ। ਕਿਸ ਦੀਆਂ ਧੀਆਂ ਕਿੱਥੇ-ਕਿੱਥੇ ਵਿਆਹੀਆਂ ਨੇ, ਕਿਹੜੇ ਕਾਮਰੇਡ ਦੀ ਭੈਣ ਕਿੱਥੇ ਵਿਆਹੀ ਐ, ਕਿਹੜੇ ਕਾਮਰੇਡ ਦਾ ਮੁੰਡਾ ਜਾਂ ਉਹ ਖੁਦ ਕਿੱਥੇ ਵਿਆਹਿਐ, ਕਿਸ ਕਾਮਰੇਡ ਦੀ ਮਾਸੀ ਜਾਂ ਭੂਆ ਕਿੱਥੇ ਐ। ਉਹ ਦੂਹਰੀਆਂ-ਤੀਹਰੀਆਂ ਰਿਸ਼ਤੇਦਾਰੀਆਂ ਦੀ ਵੀ ਸਾਰ ਰੱਖਦਾ ਸੀ।

ਕਿਸੇ ਦਿਨ ਉਸ ਨੇ ਆਉਣਾ, ਜੇ ਚਾਹ ਦੀ ਤਲਬ ਹੁੰਦੀ ਤਾਂ ਹੀ ਲੈਣੀ, ਨਹੀਂ ਫਿਰ ਪਾਣੀ ਦਾ ਗਲਾਸ ਪੀਣਾ। ਉਸ ਨੇ ਕਹਿਣਾ, ਔਲਖ਼ ਜੀ, ਤੇਰੇ ਗੁਆਂਢੋਂ ਪੰਸਾਰੀ ਤੋਂ ਦੋ-ਤਿੰਨ ਜੜੀ ਬੂਟੀਆਂ ਲੈਣੀਆਂ ਸੀ। ਮੈਂ ਕਿਹਾ, ਨਾਲੇ ਕਾਮਰੇਡ ਨੂੰ ਮਿਲ ਆਵਾਂਗੇ। ਅੱਜ ਸ਼ਾਮ ਤੱਕ ਧਨੌਲੇ ਜਾਊਂਗਾ, ਰਾਤ ਉੱਥੇ ਕੱਟੂੰ, ਉਸ ਤੋਂ ਅੱਗੇ ਭੱਠਲੀਂ ਜਾਊਂ, ਅਗਲੇ ਦਿਨ ਧੌਲੇ ਦਾ ਪ੍ਰੋਗਰਾਮ ਐ। ਇਉਂ ਹੀ ਉਹ ਬਖਸ਼ੀਵਾਲੇ ਤੱਕ ਦਾ ਪੂਰੇ ਪੰਦਰਾਂ ਦਿਨ ਦਾ ਰੂਟ ਬਣਾ ਕੇ ਦੱਸ ਦਿੰਦਾ ਕਿ ਵਾਪਸੀ ਗੁਰਮਾਂ ਤੋਂ ਟਿੱਬੇ ਦੀ ਐ।

ਬਹੁਤ ਘੱਟ ਲੋਕ ਅਜਿਹੇ ਹੁੰਦੇ ਨੇ, ਜਿਨ੍ਹਾਂ ਨੂੰ ਜਿਉਂਦਿਆਂ ਹੀ ਇਤਿਹਾਸ ਦੇ ਸਫਿਆਂ ਵਿੱਚ ਸਾਂਭਿਆ ਜਾਂਦੈ। ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਜਸਵੰਤ ਸਿੰਘ ਕੰਵਲ ਨੇ ਆਪਣੇ ਨਾਵਲ 'ਐਨਿਆਂ 'ਚੋਂ ਉੱਠੋ ਸੂਰਮਾ' ਵਿੱਚ ਘੁਮਿਆਰਾਂ ਦਾ ਮੁੰਡਾ ਮਸਤ ਦੇ ਨਾਲ ਇੱਕ ਕਾਲਪਨਿਕ ਪਾਤਰ ਲਾਲੜੀ ਪਾ ਕੇ ਵਧੀਆ ਸੰਵਾਦ ਰਚਾਇਆ ਸੀ, ਜੋ ਮਸਤ ਦੀ ਹਕੀਕੀ ਜ਼ਿੰਦਗੀ ਦੇ ਕਾਫੀ ਨੇੜੇ ਐ।

ਮਸਤ ਨੇ ਸਾਰੀ ਉਮਰ ਕਮਿਊਨਿਸਟ ਪਾਰਟੀ ਨੂੰ ਆਪਣੀ ਮਾਂ ਸਮਝਿਆ ਤੇ ਕਾਮਰੇਡ ਹਰਨਾਮ ਸਿੰਘ ਚਮਕ ਨੂੰ ਆਪਣਾ ਸਿਆਸੀ ਗੁਰੂ ਉਰਫ ਪਿਤਾ ਮੰਨਿਆ। ਸਾਥੀ ਚਮਕ 25 ਜਨਵਰੀ 1978 ਵਿੱਚ ਸਾਥੋਂ ਸਦਾ ਲਈ ਵਿੱਛੜ ਗਏ ਤਾਂ ਮਸਤ ਨੇ ਸੱਚ-ਮੁੱਚ ਹੀ ਆਪਣੇ-ਆਪ ਨੂੰ ਮਾਨਸਿਕ ਤੌਰ ਉੱਤੇ ਯਤੀਮ ਮੰਨ ਲਿਆ ਕਿ ਮੇਰੇ ਸਿਰ ਤੋਂ ਇੱਕ ਸੁਹਿਰਦ ਬਾਪ ਦਾ ਹੱਥ ਉੱਠ ਗਿਆ ਹੈ। ਚਮਕ ਦੇ ਸ਼ਰਧਾਂਜਲੀ ਸਮਾਗਮ ਸਮੇਂ ਮਸਤ ਨੇ ਚਮਕ ਜੀ ਦਾ ਬੁੱਤ ਬਣਵਾ ਕੇ ਲੋਹਟਬੱਦੀ ਪਿੰਡ ਵਿੱਚ ਲਾਉਣ ਦਾ ਸੰਕਲਪ ਲਿਆ।

ਮਾਸਟਰ ਮਹਿੰਦਰ ਸਿੰਘ ਕੁਰੜ ਨੇ ਚਮਕ ਜੀ ਦਾ ਲਾਗਤ ਮੁੱਲ ਉੱਤੇ ਬੁੱਤ ਬਣਾ ਕੇ ਦਿੱਤਾ। 15 ਸਤੰਬਰ 1996 ਨੂੰ ਛੋਟਾ ਜਿਹਾ, ਪਰ ਪ੍ਰਭਾਵਸ਼ਾਲੀ ਸਮਾਗਮ ਕਰਕੇ ਲੋਹਟਬੱਦੀ ਪਿੰਡ ਦੇ ਬਾਹਰ ਚਮਕ ਜੀ ਦਾ ਬੁੱਤ ਸਥਾਪਤ ਕੀਤਾ। ਉਸ ਸਮਾਗਮ ਵਿੱਚ ਬੋਲਦਿਆਂ ਮਸਤ ਨੇ ਕਿਹਾ ਸੀ, ਅੱਜ ਇੱਕ ਪੁੱਤ ਨੇ ਆਪਣੇ ਪਿਉ ਪ੍ਰਤੀ ਬਣਦਾ ਫਰਜ਼ ਪੂਰਾ ਕਰਿਆ ਹੈ। ਹੁਣ ਮੇਰੇ ਮਨ ਨੂੰ ਸ਼ਾਂਤੀ ਮਿਲੇਗੀ।

ਹਿੰਦ ਕਮਿਊਨਿਸਟ ਪਾਰਟੀ ਦੀ ਸੰਗਰੂਰ ਜ਼ਿਲ੍ਹਾ ਇਕਾਈ 1980 ਵਿੱਚ ਟੁੱਟ-ਭੱਜ ਦਾ ਸ਼ਿਕਾਰ ਹੋ ਗਈ। ਇਸ ਟੁੱਟ-ਭੱਜ ਦੇ ਕਾਰਨ ਕੁੱਝ ਵੀ ਹੋਣ, ਰਾਜਨੀਤਿਕ, ਸਿਧਾਂਤਕ, ਪਾਰਟੀ ਦੇ ਦਾਅ-ਪੇਚਾਂ ਬਾਰੇ ਵਿਵਾਦ ਜਾਂ ਨਿੱਜੀ।

ਬਗਾਵਤ ਕਰਨ ਵਾਲਿਆਂ ਵਿੱਚ ਹੋਰਨਾਂ ਤੋਂ ਇਲਾਵਾ ਮਸਤ ਵੀ ਸੀ। ਖਾਸ ਕਰ ਟਿੱਬਾ ਪਿੰਡ ਵਿੱਚੋਂ ਕਮਲਜੀਤ ਟਿੱਬਾ, ਈਸ਼ਰ ਸਿੰਘ, ਰਾਜਿੰਦਰ ਅਣਖੀ, ਮੁਕੰਦ ਸਿੰਘ, ਗੁਰਦੀਪ ਸਿੰਘ, ਸੁਰਜੀਤ ਸਿੰਘ, ਨਿਰੰਜਣ ਸਿੰਘ ਆਦਿ ਵੀ ਸ਼ਾਮਲ ਸਨ।

ਇਸ ਗਰੁੱਪ ਬਣਨ ਤੋਂ ਬਾਅਦ ਮਸਤ ਨੇ ਆਪਣਾ ਬੋਰੀਆ-ਬਿਸਤਰ ਪਾਰਟੀ ਦਫ਼ਤਰ ਸੰਗਰੂਰ ਤੋਂ ਸਮੇਟ ਪਿੰਡ ਟਿੱਬੇ ਆ ਕੇ ਡੇਰੇ ਲਾ ਲਏ। ਇੱਥੇ ਲੰਮਾ ਸਮਾਂ ਰਿਹਾ ਤੇ ਗੁਜ਼ਾਰੇ ਜੋਕਰੀ ਗਿਆਨੀ ਨਿਹਾਲ ਸਿੰਘ ਤੋਂ ਸਿੱਖੀ ਵੈਦਿਕ ਵੀ ਕਰਦਾ ਰਿਹਾ।

1997 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਮਲਜੀਤ ਟਿੱਬਾ ਦੇ ਪ੍ਰਭਾਵ ਹੇਠ ਮਸਤ ਮੁੜ ਮਾਂ ਪਾਰਟੀ ਸੀ.ਪੀ.ਆਈ (ਐੱਮ.) ਵਿੱਚ ਵਾਪਸ ਆ ਗਿਆ।

ਮਸਤ ਨੂੰ ਪਾਰਟੀ ਦੇ ਅਜੋਕੇ (ਨਵੇਂ) ਲੀਡਰਾਂ ਉੱਤੇ ਇੱਕ ਤਾਂ ਇਹ ਇਤਰਾਜ਼ ਰਿਹਾ ਕਿ ਸਾਨੂੰ ਤਾਂ ਪਾਰਟੀ ਦੇ ਅਨੁਸ਼ਾਸਨ ਨੇ ਇਹ ਸਿਖਾਇਆ ਸੀ, ਜਦੋਂ ਕਿਸੇ ਸਾਥੀ ਦੇ ਘਰ ਰੋਟੀ ਖਾਣ ਬੈਠੀਏ, ਦਾਲ ਵਿੱਚ ਲੂਣ ਘੱਟ ਹੋਵੇ ਤਾਂ ਲੂਣ ਮੰਗਣਾ ਨਹੀਂ, ਹੋ ਸਕਦੈ ਘਰ ਵਿੱਚ ਹੋਰ ਲੂਣ ਹੋਵੇ ਹੀ ਨਾ। ਅੱਜ ਦੇ ਲੀਡਰ ਤਾਂ ਰਾਤ ਨੂੰ ਠਹਿਰਦੇ ਹੀ ਉਸ ਘਰ ਨੇ, ਜਿੱਥੇ ਸੁੱਖ-ਸਹੂਲਤਾਂ ਪੂਰੀਆਂ ਹੋਣ।

ਦੂਸਰਾ ਇਤਰਾਜ਼ ਇਹ ਸੀ ਕਿ ਵਿਹੜੇ, ਠੱਠੀਆਂ, ਕੁੱਲੀਆਂ, ਢਾਰਿਆਂ ਵਿੱਚ ਰਹਿਣ ਵਾਲਿਆਂ ਦੇ ਦੁੱਖਾਂ-ਦਰਦਾਂ, ਤੰਗੀਆਂ-ਤੁਰਸ਼ੀਆਂ ਦੀ ਬਾਤ ਪਾਉਣ ਵਾਲੀ ਪਾਰਟੀ ਨੇ ਖੁਦ ਆਪਣੇ ਦਫਤਰਾਂ ਦੇ ਨਾਂਅ ਭਵਨ ਨਾਲ ਜੋੜ ਲਏ ਹਨ। ਮਹਿਲ-ਮਾੜੀਆਂ, ਭਵਨ ਕਿਸ ਜਮਾਤ ਦੇ ਸੂਚਿਕ ਨੇ। ਜ਼ਰਾ ਸੋਚੋ! ਜਨਤਕ ਲਾਮਬੰਦੀਆਂ ਤਾਂ ਰਹੀ ਦੂਰ ਦੀ ਗੱਲ, ਕਮਿਊਨਿਸਟ ਪਾਰਟੀਆਂ ਨੇ ਤਾਂ ਜਮਾਤੀ ਸੰਘਰਸ਼ਾਂ ਤੇ ਲੋਕ ਮਸਲਿਆਂ ਬਾਰੇ ਸ਼ਾਇਦ ਸੋਚਣਾ ਹੀ ਛੱਡ ਦਿੱਤਾ ਹੈ।

ਮਸਤ ਦੀ ਕਲਮ ਦੀਆਂ ਸਾਹਿਤਕ ਕਿਰਤਾਂ ਦੀ ਕਦਰ ਪਾਉਂਦਿਆਂ ਸਾਹਿਤ ਸਭਾ ਸ਼ੇਰਪੁਰ ਨੇ ਮਸਤ ਨੂੰ ਸਨਮਾਨਿਤ ਕੀਤਾ। ਲੋਕ ਕਵੀ ਜਗਰਾਜ ਧੌਲਾ ਦੀ ਮਾਤਾ ਜੀ ਚਿਰਾਗ ਬੀਬੀ ਦਾ 1991 ਵਿੱਚ ਇੰਤਕਾਲ (ਦਿਹਾਂਤ) ਹੋਇਆ। ਸਰ੍ਹਾ ਦੇ ਮੁਤਾਬਕ ਜਗਰਾਜ ਨੇ ਮਾਤਾ ਜੀ ਦਾ ਇੱਕੀਵਾਂ ਜਨਮ ਦਿਨ ਮਨਾਇਆ। ਇਸ ਇੱਕੀਵੇਂ 'ਤੇ ਸਾਹਿਤਕ ਸਮਾਗਮ ਕਰਵਾਇਆ, ਜਿਸ ਵਿੱਚ ਮਸਤ ਨੂੰ ਡੱਬੀਆਂ ਵਾਲਾ ਖੇਸ ਤੇ ਪੰਦਰਾਂ ਸੌ ਦੀ ਨਕਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ।

ਬੇਸ਼ੱਕ ਮਸਤ ਦੀ ਕਲਮ ਤੋਂ ਲਿਖੇ ਕਈ ਕਿਤਾਬਚੇ ਛਪੇ ਹੋਏ ਮਿਲਦੇ ਹਨ, ਜਿਨ੍ਹਾਂ ਵਿੱਚ ਲੋਕ ਪੀੜਾਂ, ਕਰਮਾ, ਕਿਸਾਨ ਮੋਰਚੇ ਦੇ ਗੀਤ ਆਦਿ ਹਨ। ਲੋਕ ਪੀੜਾਂ ਦੀ ਤਾਂ ਦੂਜੀ ਛਾਪ ਵੀ ਛਪੀ, ਜਿਸ ਦਾ ਮੁੱਖਬੰਦ ਕਾਮਰੇਡ ਹਰਨਾਮ ਸਿੰਘ ਚਮਕ ਜੀ ਦਾ ਲਿਖਿਆ ਮਿਲਦਾ ਹੈ। ਇਨ੍ਹਾਂ ਵਿੱਚ ਗੀਤ, ਉਪੇਰੇ (ਕਾਵਿ-ਨਾਟ), ਦੋਗਾਣੇ, ਘੋੜੀ, ਲੋਰੀ, ਕਲੀ, ਟੱਪੇ, ਬੋਲੀਆਂ ਆਦਿ ਸਾਹਿਤ ਦੀਆਂ ਵੰਨਗੀਆਂ ਹਨ। ਇਨ੍ਹਾਂ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਰਚਨਾਵਾਂ ਜੋ ਲੋਕ ਮਾਨਸਿਕਤਾ ਦਾ ਹਿੱਸਾ ਤਾਂ ਬਣੀਆਂ, ਪਰ ਛਪਣ ਦੇ ਤੋੜੇ ਸਮੇਂ ਦੀ ਧੂੜ ਵਿੱਚ ਹੀ ਗਵਾਚ ਗਈਆਂ।

ਜਿਵੇਂ ਹਰ ਲੇਖਕ ਹੀ ਚਾਹੁੰਦਾ, ਉਵੇਂ ਹੀ ਮਸਤ ਵੀ ਚਾਹੁੰਦਾ ਸੀ, ਉਸ ਦੀ ਸਮੁੱਚੀ ਰਚਨਾ ਨੂੰ ਇੱਕ ਥਾਂ ਇਕੱਠੀ ਕਰਕੇ ਛਾਪਿਆ ਜਾਵੇ, ਪਰ ਆਰਥਿਕ ਤੰਗੀ ਨੇ ਉਸ ਦਾ ਪਿੱਛਾ ਨਾ ਛੱਡਿਆ। ਮਸਤ ਦੀਆਂ ਲਿਖਤਾਂ ਦਾ ਖਰੜਾ ਕਾਫੀ ਦੇਰ ਲੋਕ ਪੱਖੀ ਨਾਟਕਕਾਰ ਅਜਮੇਰ ਔਲਖ ਕੋਲ ਮਾਨਸਾ ਪਿਆ ਰਿਹਾ। ਉਸ ਤੋਂ ਬਾਅਦ ਡਾ. ਈਸ਼ਰ ਦਿਆਲ ਗੌੜ ਜੋ ਉਸ ਵਕਤ ਐੱਸ.ਡੀ ਕਾਲਜ ਬਰਨ ਵਿਚ ਪ੍ਰੋਫੈਸਰ ਸਨ, ਉਨ੍ਹਾਂ ਨੇ ਇਹ ਰਚਨਾਵਾਂ ਨੂੰ ਛਪਵਾਉਣ ਦੀ ਹਾਮੀ ਭਰੀ, ਪਰ ਛਪਵਾਉਣ ਦਾ ਸਬੱਬ ਨਾ ਬਣਿਆ। ਫਿਰ ਪ੍ਰੋਫੈਸਰ ਕਮਲਜੀਤ ਟਿੱਬਾ ਨੇ ਖਰੜੇ ਨੂੰ ਛਪਵਾਉਣਾ ਚਾਹਿਆ, ਸਮੇਂ ਦੀ ਸਿਤਮਜ਼ਰੀਫ਼ੀ ਦੇਖੋ, ਉਹ ਵੀ ਨਾ ਛਪਵਾ ਸਕਿਆ। ਹਾਂ, ਉਸ ਨੇ ਪੰਜਾਬੀ ਗੀਤਾਂ ਉੱਪਰ ਪੀ.ਐੱਚ.ਡੀ ਕਰਨ ਸਮੇਂ ਆਪਣੇ ਥੀਸਿਸ ਵਿੱਚ ਮਸਤ ਦੇ ਦਸ ਗੀਤਾਂ ਦਾ ਵਿਸ਼ੇਸ਼ ਜ਼ਿਕਰ ਕੀਤਾ, ਜਿਨ੍ਹਾਂ ਵਿੱਚ ਗਮਾਂ ਦੀ ਜ਼ਿੰਦਗੀ, ਜੁੱਤੀਆਂ ਬਣਾਉਣ ਵਾਲੇ ਦਾ ਗੀਤ, ਕਾਰਖਾਨੇ ਵਿੱਚ ਕੰਮ ਕਰਨ ਵਾਲੇ ਦਾ ਗੀਤ, ਵੀਰਾ ਹਿੰਦੀਆ ਮੋੜ ਮੁਹਾਰ ਵੇ (ਪੰਜ ਗੀਤ ਲੋਕ ਪੀੜਾਂ 'ਚੋਂ), ਹੁਣ ਕੀ ਕਰਾਂ, ਨਹਿਰੂ ਦੀ ਘੋੜੀ (ਦੋ ਗੀਤ ਕਰਮਾਂ 'ਚੋਂ), ਵਾਰਨੇ ਦਾ ਗੀਤ, ਚੀਰੇ ਦਾ ਗੀਤ, ਲੋਰੀ (ਤਿੰਨ ਗੀਤ ਕਿਸਾਨ ਮੋਰਚੇ 'ਚੋਂ)

ਮਸਤ ਦੀ ਕਲਮ ਕਿਰਤ ਦਾ ਖਰੜਾ ਘੁੰਮਦਾ-ਘੁਮਾਉਂਦਾ ਪ੍ਰੋਫੈਸਰ ਪ੍ਰੀਤਮ ਸਿੰਘ ਰਾਹੀ ਕੋਲ ਬਰਨਾਲੇ ਪਹੁੰਚ ਗਿਆ। ਖਰੜੇ ਨੂੰ ਕਿਤਾਬੀ ਰੂਪ ਦੇਣ ਦੀ ਮੁੜ ਵਿਉਂਤਬੰਦੀ ਸ਼ੁਰੂ ਹੋਈ, ਮਾਸਟਰ ਸੁਰਜੀਤ ਸਿੰਘ ਦਿਹੜ ਤੇ ਹਾਕਮ ਸਿੰਘ ਨੂਰ ਨੇ ਤਿਆਰੀ ਕੀਤੀ। ਲੋਕ ਪੀੜਾਂ ਨਾਂਅ ਹੇਠ ਕਿਤਾਬ ਛਪਵਾਉਣ ਤਹਿਤ ਹਾਕਮ ਸਿੰਘ ਨੂਰ ਨੇ ਕੁੱਝ ਸਮਾਂ ਪਹਿਲਾਂ ਮਸਤ ਨਾਲ ਕੀਤੀ ਸੰਖੇਪ ਮੁਲਾਕਾਤ ਜੋ ਨਵਾਂ ਜ਼ਮਾਨਾ ਵਿੱਚ ਛਪ ਚੁੱਕੀ ਸੀ। ਉਹ ਮੁਲਾਕਾਤ ਇਸ ਕਿਤਾਬ ਵਿੱਚ ਦਰਜ ਕੀਤੀ। ਪ੍ਰੋਫੈਸਰ ਪ੍ਰੀਤਮ ਸਿੰਘ ਰਾਹੀ ਨੇ ਇਸ ਕਿਤਾਬ ਲਈ ਦੋ ਸ਼ਬਦ ....ਲਿਖੇ। ਇਹ ਕਿਤਾਬ ਫਰਵਰੀ 2004 ਵਿੱਚ ਦੋਸਤਾਂ-ਮਿੱਤਰਾਂ ਦੀ ਆਰਥਿਕ ਮਦਦ ਨਾਲ ਨੂਰ ਪ੍ਰਕਾਸ਼ਨ ਠੀਕਰੀਵਾਲ ਵੱਲੋਂ ਛਾਪੀ ਗਈ। ਇਸ ਪੁਸਤਕ ਨੂੰ ਸਿਰਜਣਾ ਕੇਂਦਰ ਠੀਕਰੀਵਾਲ ਵੱਲੋਂ ਪਿੰਡ ਠੀਕਰੀਵਾਲ ਵਿਖੇ 06-03-2004 (ਛੇ ਮਾਰਚ ਦੋ ਹਜ਼ਾਰ ਚਾਰ) ਨੂੰ ਇੱਕ ਵੱਡਾ ਸਾਹਿਤਕ ਸਮਾਗਮ ਕਰਵਾ ਕੇ ਲੋਕ ਅਰਪਣ ਕੀਤੀ ਗਈ। ਇਸ ਸਮਾਗਮ ਵਿੱਚ ਮਸਤ ਦਾ ਸਨਮਾਨ ਵੀ ਕੀਤਾ ਗਿਆ। ਉਸ ਦਿਨ ਮਸਤ ਦੀ ਸਿਹਤ ਕਾਰਗਰ ਨਹੀਂ ਸੀ। ਸਟੇਜ 'ਤੇ ਉਹ ਘੱਟ ਹੀ ਬੋਲਿਆ। ਹਾਜ਼ਰ ਸਰੋਤਿਆਂ/ਦਰਸ਼ਕਾਂ ਦੀ ਮੰਗ 'ਤੇ ਅਦਾਕਾਰੀ ਦੀ ਥਾਂ ਮਸਤ ਨੇ ਸਟੇਜ 'ਤੇ ਦੱਸਿਆ ਕਿ ਘੁੰਡ ਸੋਲਾਂ ਪ੍ਰਕਾਰ ਦਾ ਹੁੰਦੈ, ਉਸ ਨੇ ਘੁੰਡ ਦੀਆਂ ਕਈ ਵੰਨਗੀਆਂ ਪੇਸ਼ ਵੀ ਕੀਤੀਆਂ। ਖਾਸ ਕਰ ਕਾਣੇ ਘੁੰਡ ਨੇ ਤਾਂ ਲੋਕਾਂ ਨੂੰ ਹਸਾ-ਹਸਾ ਕੇ ਇੱਕ ਤਰ੍ਹਾਂ ਨਾਲ ਕਮਲੇ ਹੀ ਕਰ ਦਿੱਤਾ। ਇਨ੍ਹਾਂ ਸਤਰਾਂ ਦਾ ਲੇਖਕ ਵੀ ਇਸ ਸਮਾਗਮ ਵਿੱਚ ਹਾਜ਼ਰ ਸੀ, ਪਰ ਅਫਸੋਸ ਮਸਤ ਵੱਲੋਂ ਪਿੰਡ ਠੀਕਰੀਵਾਲ ਵਿਖੇ ਕੀਤੀ ਗਈ ਇਹ ਸਟੇਜੀ ਪੇਸ਼ਕਾਰੀ, ਆਖਰੀ ਪੇਸ਼ਕਾਰੀ ਹੀ ਬਣ ਕੇ ਰਹਿ ਗਈ।

ਮਸਤ ਦਾ ਸ਼ਰਧਾਂਜਲੀ ਸਮਾਗਮ ਖਤਮ ਹੋਣ ਤੋਂ ਬਾਅਦ ਮੇਨ ਅਤੇ ਸਾਥੀ ਸੁਖਦੇਵ ਬੜੀ, ਬਾਬਾ ਦੁੱਲਾ ਸਿੰਘ ਜਲਾਲਦੀਵਾਲ ਦੇ ਪੋਤਰੇ ਕਾਮਰੇਡ ਸੁਰਿੰਦਰ ਸਿੰਘ ਜਲਾਲਦੀਵਾਲ, ਜੋ ਕਿ ਪਿੰਡ ਦਾ ਸਾਬਕਾ ਸਰਪੰਚ ਵੀ ਹੈ ਤੇ ਸੀ.ਪੀ.ਆਈ. ਦਾ ਸਰਗਰਮ ਮੈਂਬਰ ਵੀ, ਉਨ੍ਹਾਂ ਦੇ ਘਰ ਗਏ। ਉੱਥੇ ਚਾਹ ਪੀਂਦਿਆਂ, ਰਸਮੀ ਗੱਲਬਾਤ ਕਰਦਿਆਂ ਮੈਂ ਪੁੱਛਿਆ, 'ਸਾਥੀ ਜੀ, ਮਸਤ ਨੇ ਰਾਜਨੀਤਕ ਤੌਰ ਉੱਤੇ ਬੇਸ਼ੱਕ ਸਾਰੀ ਉਮਰ ਲਾਲ ਝੰਡਾ ਹੀ ਮੋਢੇ 'ਤੇ ਚੱਕੀ ਰੱਖਿਆ, ਪਰ ਕਮਿਊਨਿਸਟ ਪਾਰਟੀ ਨੂੰ ਮਾਂ ਕਹਿਣ ਵਾਲਾ ਸ਼ਖਸ ਸਿਆਸੀ ਤਿਲਕਣਬਾਜ਼ੀ ਦਾ ਲਗਾਤਾਰ ਸ਼ਿਕਾਰ ਕਿਉਂ ਰਿਹਾ। ਸੀ.ਪੀ.ਆਈ. ਦੁਫਾੜ ਹੋਣ ਸਮੇਂ ਸੀ.ਪੀ.ਆਈ. (ਐੱਮ.) ਵਿੱਚ ਜਾਣਾ, ਉਸ ਤੋਂ ਬਾਅਦ ਨਕਸਲਬਾੜੀ ਲਹਿਰ ਦਾ ਪ੍ਰਭਾਵ ਕਬੂਲਦਾ ਉਧਰ ਤੁਰ ਗਿਆ। ਕੁੱਝ ਸਮੇਂ ਬਾਅਦ ਫਿਰ ਮਾਂ ਪਾਰਟੀ ਸੀ.ਪੀ.ਆਈ. (ਐੱਮ.) ਵਿੱਚ ਮੁੜ ਵਾਪਸੀ। ਤੁਸੀਂ ਇਸ ਦਾ ਕੀ ਕਾਰਨ ਸਮਝਦੇ ਹੋ?

ਕਾਮਰੇਡ ਸੁਰਿੰਦਰ ਕਹਿੰਦਾ, 'ਮੈਨੂੰ ਨੀ ਲੱਗਦਾ ਕਿ ਮਸਤ ਦਾ ਲਾਲ ਝੰਡੇ ਨਾਲੋਂ ਕਦੇ ਵੀ ਮੋਹ ਭੰਗ ਹੋਇਆ ਹੋਣੈ। ਉਸ ਦੇ ਮਨ ਜਾਂ ਅਮਲ ਵਿੱਚ ਲੋਕਾਂ ਸੰਗ ਪ੍ਰਤੀਬੱਧਤਾ ਵਿੱਚ ਕੋਈ ਕਮੀ ਨਹੀਂ ਸੀ। ਉਸ ਦੀ ਮਾਨਸਿਕਤਾ ਲੋਕਾਂ ਦੀ ਬੰਦਖਲਾਸੀ ਕਰਵਾਉਣ ਦੀ ਕਾਹਲ ਵਿੱਚ ਜ਼ਰੂਰ ਰਹਿੰਦੀ ਸੀ, ਜਿਸ ਕਾਰਨ ਉਹ ਕਈ ਵਾਰ ਰਾਹੋਂ-ਕੁ-ਰਾਹ ਵੀ ਹੋਇਆ। ਮੈਨੂੰ ਤਾਂ ਇਉਂ ਹੀ ਲੱਗਦੈ, ਜਿਵੇਂ ਮਸਤ ਵਿੱਚ ਕਿਧਰੇ ਨਾ ਕਿਧਰੇ ਸਿਧਾਂਤਕ ਪਕਿਆਈ ਦੀ ਘਾਟ ਰਹਿ ਗਈ ਹੋਵੇ।

ਜਿਵੇਂ ਕਿ ਆਮ ਕਰਕੇ ਕਮਿਊਨਿਸਟ ਪਾਰਟੀਆਂ ਵਿੱਚ ਕੰਮ ਕਰਨ ਵਾਲੇ ਕਾਰਕੁਨ ਹੀ ਪਾਰਟੀ ਦੀ ਅੰਦਰੂਨੀ ਰੂਪ-ਰੇਖਾ (ਸਿਧਾਂਤਕ ਕੰਮ ਢੰਗ) ਤੋਂ ਜਾਣੂ ਹੁੰਦੈ ਹਨ ਕਿ ਸੀ.ਪੀ.ਆਈ. ਦੀ ਰਾਜਨੀਤਕ ਪਹੁੰਚ ਕੀ ਹੈ। ਸੀ.ਪੀ.ਆਈ. (ਐੱਮ) ਦਾ ਕੰਮ-ਢੰਗ ਕੀ ਹੈ। ਨਕਸਲਬਾੜੀ (ਐੱਮ.ਐੱਲ.) ਦੇ ਗਰੁੱਪਾਂ ਵਿੱਚ ਕੀ ਸਿਧਾਂਤਕ ਮੱਤਭੇਦ ਹਨ। ਸੀ.ਪੀ.ਆਈ. ਐੱਮ. (ਪੰਜਾਬ) ਜਾਂ ਐੱਮ. ਸੀ.ਪੀ.ਆਈ. ਵਿੱਚ ਵਿਚਾਰਧਾਰਕ ਤੌਰ 'ਤੇ ਕੀ ਅੰਤਰ ਹੈ। ਆਮ ਲੋਕ ਲਈ ਤਾਂ ਅੱਜ ਵੀ ਲਾਲ ਝੰਡਾ ਹੀ ਸਿਰਫ਼ ਤੇ ਸਿਰਫ਼ ਕਮਿਊਨਿਸਟ ਹੋਣ ਦਾ ਸੂਚਕ ਹੈ। ਉਵੇਂ ਹੀ ਆਮ ਲੋਕਾਂ ਦੀਆਂ ਨਜ਼ਰਾਂ ਵਿੱਚ ਤਾਂ ਸਿਰਫ਼ ਮਸਤ ਮਸਤ ਹੀ ਹੈ ਜਾਂ ਫਿਰ ਵੱਧ ਤੋਂ ਵੱਧ ਕਾਮਰੇਡਾਂ ਦੀਆਂ ਸਟੇਜਾਂ 'ਤੇ ਡਰਾਮੇ ਕਰਨ ਵਾਲਾ ਮਸਤ ਜਾਂ ਕਾਮਰੇਡ ਮਸਤ।

ਬਹੁਤ ਘੱਟ ਲੋਕਾਂ ਨੂੰ ਪਤੈ ਕਿ ਦਲੀਪ ਸਿੰਘ ਮਸਤ ਪਿਤਾ ਕਰਤਾਰ ਸਿੰਘ, ਮਾਤਾ ਕਰਤਾਰ ਕੌਰ (ਹਿੰਦੂ ਘੁਮਿਆਰ) ਦੇ ਘਰ ਵਿੱਚ ਦੋ ਭੈਣਾਂ, ਦਲੀਪ ਕੌਰ, ਜਗੀਰ ਕੌਰ, ਚਾਰ ਭਰਾਵਾਂ ਮਲਕੀਤ ਸਿੰਘ, ਜਗੀਰ ਸਿੰਘ, ਮੱਘਰ ਸਿੰਘ, ਸੁਖਦਿਆਲ ਸਿੰਘ (ਮਸਤ ਸਮੇਤ ਸੱਤ ਭੈਣ-ਭਰਾ) 1929-30 ਨੂੰ ਪਰਵਾਰ ਵਿੱਚ ਤੀਜੀ ਥਾਂ ਪੈਦਾ ਹੋਇਆ। 19-03-2004 ਨੂੰ ਸਵੇਰੇ ਦਸ ਵਜੇ ਆਪਣੇ ਸਾਈਕਲ 'ਤੇ ਬਰਨਾਲਾ-ਰਾਏਕੋਟ ਮੇਨ ਸੜਕ ਚੜ੍ਹਿਆ ਹੀ ਸੀ, ਇੱਕ ਤੇਜ਼ ਰਫ਼ਤਾਰ ਕਾਰ ਦੀ ਫੇਟ ਵਿੱਚ ਆ ਕੇ ਸਾਥੀ ਦਲੀਪ ਸਿੰਘ ਮਸਤ ਸਾਨੂੰ ਸਾਰਿਆਂ ਨੂੰ ਸਦੀਵੀ ਵਿਛੋੜਾ ਦੇ ਗਿਆ। ਉਸ ਦੀ ਲੋਕਾਂ ਦੇ ਨਾਂਅ ਲਾਈ ਜ਼ਿੰਦਗੀ, ਉਸ ਦੇ ਸਿਰੜ ਤੇ ਸਿਦਕ ਨੂੰ ਯਾਦ ਕਰਦਿਆਂ, ਚੰਦ ਲਾਇਨਾਂ ਉਸ ਦੀ ਮਿੱਠੀ ਤੇ ਨਿੱਘੀ ਯਾਦ ਵਜੋਂ....

ਸੰਪਰਕ : 094647-70121

# ਜਿੱਥੇ ਕੁਦਰਤ, ਇਤਿਹਾਸ ਅਤੇ ਮਨੁੱਖੀ ਸੁਪਨੇ ਇਕੱਠੇ ਸਾਹ ਲੈਂਦੇ ਹਨ

ਆਖਰੀ ਕਿਸ਼ਤ

## ਨਵਦੀਪ ਸਿੰਘ ਝੁਨੀਰ

ਬਰੌਂਟ ਵਿੱਚ ਬਿਤਾਏ ਦਿਨ ਹੁਣ ਯਾਦਾਂ ਦਾ ਹਿੱਸਾ ਬਣਨ ਵਾਲੇ ਸਨ। ਉਲ੍ਹ ਨਦੀ ਅਜੇ ਵੀ ਉਸੇ ਤਰ੍ਹਾਂ ਵਗ ਰਹੀ ਸੀ, ਦੇਵਦਾਰ ਦੇ ਦਰੱਖਤ ਉਸੇ ਤਰ੍ਹਾਂ ਪਹਾੜਾਂ ਦੀਆਂ ਢਲਾਨਾਂ ਉੱਤੇ ਖੜ੍ਹੇ ਸਨ ਅਤੇ ਧੌਲਾਧਾਰ ਦੀਆਂ ਚੋਟੀਆਂ ਉਸੇ ਤਰ੍ਹਾਂ ਅਸਮਾਨ ਨਾਲ ਗੱਲਾਂ ਕਰ ਰਹੀਆਂ ਸਨ। ਬਦਲਣਾ ਸਿਰਫ਼ ਸਾਨੂੰ ਸੀ, ਕਿਉਂਕਿ ਅਸੀਂ ਹੁਣ ਵਾਪਸੀ ਦੀ ਤਿਆਰੀ ਕਰ ਰਹੇ ਸਾਂ।

ਆਖ਼ਰੀ ਦਿਨ ਦੀ ਸਵੇਰ ਮੈਂ ਇਕੱਲਾ ਹੀ ਉਲ੍ਹ ਨਦੀ ਦੇ ਕੰਢੇ ਟਹਿਲਣ ਨਿਕਲ ਪਿਆ। ਪਾਣੀ ਦੀ ਕਲਕਲ ਵਿੱਚ ਇੱਕ ਅਜੀਬ ਜਿਹਾ ਅਪਣਾਪਾ ਮਹਿਸੂਸ ਹੋ ਰਿਹਾ ਸੀ। ਕੁਝ ਦਿਨ ਪਹਿਲਾਂ ਇਹ ਨਦੀ ਮੇਰੇ ਲਈ ਇੱਕ ਸੈਲਾਨੀ ਸਥਾਨ ਦਾ ਹਿੱਸਾ ਸੀ, ਪਰ ਹੁਣ ਇਹ ਬਰੌਂਟ ਦੀ ਕਹਾਣੀ ਦਾ ਮੁੱਖ ਪਾਤਰ ਬਣ ਚੁੱਕੀ ਸੀ। ਇਸੇ ਨਦੀ ਨੇ ਇਸ ਘਾਟੀ ਨੂੰ ਜੀਵਨ ਦਿੱਤਾ, ਇਸੇ ਨੇ ਇਸ ਨੂੰ ਪਛਾਣ ਦਿੱਤੀ ਅਤੇ ਇਸੇ ਨੇ ਇੱਕ ਸਦੀ ਪਹਿਲਾਂ ਇੱਕ ਅੰਗਰੇਜ਼ ਇੰਜੀਨੀਅਰ ਦੇ ਮਨ ਵਿੱਚ ਇੱਕ ਅਜਿਹਾ ਸੁਪਨਾ ਜਗਾਇਆ, ਜਿਸ ਨੇ ਇਨ੍ਹਾਂ ਪਹਾੜਾਂ ਦਾ ਇਤਿਹਾਸ ਹੀ ਬਦਲ ਦਿੱਤਾ।

ਕਈ ਵਾਰ ਮੈਂ ਸੋਚਦਾ ਹਾਂ ਕਿ ਜੇ ਕਰਨਲ ਬੀ.ਸੀ. ਬੈਟੀ ਅੱਜ ਬਰੌਂਟ ਆਵੇ ਤਾਂ ਕੀ ਉਹ ਇਸ ਘਾਟੀ ਨੂੰ ਪਛਾਣ ਸਕੇਗਾ? ਸ਼ਾਇਦ ਹਾਂ। ਕਿਉਂਕਿ ਇੱਥੇ ਅੱਜ ਵੀ ਉਹੀ ਨਦੀ ਵਗਦੀ ਹੈ ਜਿਸ ਵਿੱਚ ਉਸ ਨੇ ਬਿਜਲੀ ਦੀ ਸੰਭਾਵਨਾ ਦੇਖੀ ਸੀ। ਉਹੀ ਪਹਾੜ ਅੱਜ ਵੀ ਖੜ੍ਹੇ ਹਨ ਜਿਨ੍ਹਾਂ ਦੀ ਛਾਤੀ ਵਿੱਚ ਸੁਰੰਗਾਂ ਬਣਾਈਆਂ ਗਈਆਂ ਸਨ। ਉਹੀ ਘਾਟੀ ਅੱਜ ਵੀ ਮੌਜੂਦ ਹੈ, ਜਿੱਥੇ ਕਦੇ ਮਜ਼ਦੂਰਾਂ ਦੇ ਹਥੌੜਿਆਂ ਦੀਆਂ ਆਵਾਜ਼ਾਂ ਗੂੰਜਦੀਆਂ ਹੋਣਗੀਆਂ।

ਬਰੌਂਟ ਦਾ ਇਤਿਹਾਸ ਸਿਰਫ਼ ਇੱਕ ਸੈਰ-ਸਪਾਟਾ ਸਥਾਨ ਦਾ ਇਤਿਹਾਸ ਨਹੀਂ। ਇਹ ਮਨੁੱਖੀ ਦੂਰਅੰਦੇਸ਼ੀ ਅਤੇ ਕੁਦਰਤ ਨਾਲ ਤਾਲਮੇਲ ਦੀ ਇੱਕ ਅਦਭੁੱਤ ਮਿਸਾਲ ਹੈ। ਅੱਜ ਜਦੋਂ ਅਸੀਂ ਡਾਇਵਰਸ਼ਨ ਡੈਮ ਨੂੰ ਵੇਖਦੇ ਹਾਂ ਜਾਂ ਪਹਾੜਾਂ ਦੇ ਅੰਦਰ ਗਾਇਬ ਹੁੰਦੇ ਪਾਣੀ ਨੂੰ ਤੱਕਦੇ ਹਾਂ ਤਾਂ ਅਕਸਰ ਇਸ ਦੇ ਪਿੱਛੇ ਲੁਕੀ ਸਦੀ ਭਰ ਦੀ ਕਹਾਣੀ ਨੂੰ ਭੁੱਲ ਜਾਂਦੇ ਹਾਂ। ਇਹ ਕਹਾਣੀ ਉਹਨਾਂ ਇੰਜੀਨੀਅਰਾਂ ਦੀ ਵੀ ਹੈ, ਜਿਨ੍ਹਾਂ ਨੇ ਅਸੰਭਵ ਨੂੰ ਸੰਭਵ ਬਣਾਇਆ ਅਤੇ ਉਹਨਾਂ ਮਜ਼ਦੂਰਾਂ ਦੀ ਵੀ, ਜਿਨ੍ਹਾਂ ਨੇ ਆਪਣੀ ਮਿਹਨਤ ਨਾਲ ਇਸ ਸੁਪਨੇ ਨੂੰ ਹਕੀਕਤ ਦਾ ਰੂਪ ਦਿੱਤਾ।



ਸ਼ਾਨਨ ਪ੍ਰੋਜੈਕਟ ਦਾ ਨਾਂਅ ਭਾਵੇਂ ਜੋਗਿੰਦਰਨਗਰ ਨਾਲ ਜੁੜਿਆ ਹੋਇਆ ਹੈ, ਪਰ ਇਸ ਦੀ ਧੜਕਣ ਬਰੌਂਟ ਵਿੱਚ ਹੀ ਵੱਸਦੀ ਹੈ। ਇੱਥੋਂ ਉਲ੍ਹ ਨਦੀ ਦਾ ਪਾਣੀ ਆਪਣਾ ਰਸਤਾ ਬਦਲਦਾ ਹੈ ਅਤੇ ਇੱਥੋਂ ਹੀ ਉਸ ਯਾਤਰਾ ਦੀ ਸ਼ੁਰੂਆਤ ਹੁੰਦੀ ਹੈ ਜੋ ਅਖ਼ੀਰਕਾਰ ਬਿਜਲੀ ਬਣ ਕੇ ਘਰਾਂ ਨੂੰ ਰੌਸ਼ਨ ਕਰਦੀ ਹੈ। ਇੱਕ ਪੱਖੋਂ ਦੇਖਿਆ ਜਾਵੇ ਤਾਂ ਬਰੌਂਟ ਅਤੇ ਪੰਜਾਬ ਦਾ ਰਿਸ਼ਤਾ ਵੀ ਇਸੇ ਪਾਣੀ ਰਾਹੀਂ ਜੁੜਿਆ ਹੋਇਆ ਹੈ। ਦਹਾਕਿਆਂ ਤੱਕ ਇਸ ਪ੍ਰੋਜੈਕਟ ਨੇ ਪੰਜਾਬ ਦੀ ਤਰੱਕੀ ਵਿੱਚ ਯੋਗਦਾਨ ਪਾਇਆ ਅਤੇ ਇਸੇ ਕਾਰਨ ਅੱਜ ਵੀ ਇਸ ਘਾਟੀ ਵਿੱਚ ਪੰਜਾਬ ਨਾਲ ਜੁੜੀਆਂ ਯਾਦਾਂ ਜ਼ਿੰਦਾ ਹਨ।

ਪਰ ਜੇ ਕੋਈ ਮੈਨੂੰ ਪੁੱਛੇ ਕਿ ਬਰੌਂਟ ਦੀ ਸਭ ਤੋਂ ਵੱਡੀ ਪਛਾਣ ਕੀ ਹੈ, ਤਾਂ ਮੇਰਾ ਜਵਾਬ ਨਾ ਡੈਮ ਹੋਵੇਗਾ, ਨਾ ਸੁਰੰਗਾਂ ਅਤੇ ਨਾ ਹੀ ਟਰਾਲੀ ਪ੍ਰਣਾਲੀ। ਮੇਰੇ ਲਈ ਬਰੌਂਟ ਦੀ ਸਭ ਤੋਂ ਵੱਡੀ ਪਛਾਣ ਇਸ ਦਾ ਸੁਭਾਅ ਹੈ। ਇਸ ਘਾਟੀ ਵਿੱਚ ਇੱਕ ਅਜਿਹੀ ਸਾਦਗੀ ਹੈ, ਜੋ ਅੱਜ ਦੇ ਤੇਜ਼ ਰਫ਼ਤਾਰ ਸਮੇਂ ਵਿੱਚ ਬਹੁਤ ਘੱਟ ਮਿਲਦੀ ਹੈ। ਇੱਥੇ ਸਵੇਰਾਂ ਅਜੇ ਵੀ ਪੰਛੀਆਂ ਦੀਆਂ ਆਵਾਜ਼ਾਂ ਨਾਲ ਹੁੰਦੀਆਂ ਹਨ। ਇੱਥੇ ਸ਼ਾਮਾਂ ਅਜੇ ਵੀ ਪਹਾੜਾਂ ਦੀ ਖਾਮੋਸ਼ੀ ਵਿੱਚ ਢਲਦੀਆਂ ਹਨ। ਇੱਥੇ ਅਜੇ ਵੀ ਲੋਕ ਕੁਦਰਤ ਨਾਲ ਲੜਦੇ ਨਹੀਂ, ਸਗੋਂ ਉਸ ਨਾਲ ਰਹਿੰਦੇ ਹਨ।

ਸ਼ਾਇਦ ਇਸੇ ਲਈ ਬਰੌਂਟ ਵਿੱਚ ਆ ਕੇ ਸਮਾਂ ਕੁਝ ਹੌਲਾ ਪੈ ਜਾਂਦਾ ਹੈ। ਇੱਥੇ ਘੜੀ ਦੀਆਂ ਸੂਈਆਂ ਤਾਂ ਚੱਲਦੀਆਂ ਰਹਿੰਦੀਆਂ ਹਨ, ਪਰ ਮਨ ਦੀ ਭੱਜਦੌੜ ਠਹਿਰ ਜਾਂਦੀ ਹੈ। ਉਲ੍ਹ ਨਦੀ ਦੇ ਕੰਢੇ ਬੈਠਿਆਂ, ਦੇਵਦਾਰਾਂ ਦੀ ਛਾਂ ਹੇਠ ਤੁਰਦਿਆਂ ਜਾਂ ਕਿਸੇ ਪਹਾੜੀ ਪਗਡੰਡੀ ਉੱਤੇ ਸਾਹ ਲੈਂਦਿਆਂ ਇਹ ਅਹਿਸਾਸ ਹੋਣ ਲੱਗਦਾ ਹੈ ਕਿ ਜ਼ਿੰਦਗੀ ਦੀਆਂ ਬਹੁਤ ਸਾਰੀਆਂ ਉਲਝਣਾਂ ਅਸੀਂ ਆਪ ਹੀ ਪੈਦਾ ਕੀਤੀਆਂ ਹੁੰਦੀਆਂ ਹਨ।

ਬਰੌਂਟ ਦੇ ਦਿਨਾਂ ਨੇ ਮੈਨੂੰ ਇੱਕ ਹੋਰ ਗੱਲ ਵੀ ਸਿਖਾਈ। ਕੁਦਰਤ ਦੀ ਅਸਲ ਖੂਬਸੂਰਤੀ ਉਸ ਦੇ ਵੱਡੇ ਦ੍ਰਿਸ਼ਾਂ ਵਿੱਚ ਨਹੀਂ, ਸਗੋਂ ਉਸ ਦੇ ਛੋਟੇ-ਛੋਟੇ ਪਲਾਂ ਵਿੱਚ ਲੁਕੀ ਹੁੰਦੀ ਹੈ। ਬੋਨਫਾਇਰ ਕੋਲ ਬੈਠ ਕੇ ਪੀਤੀ ਇੱਕ ਕੱਪ ਚਾਹ, ਸਵੇਰ ਦੀ ਧੁੰਦ ਵਿੱਚ ਉਲ੍ਹ ਨਦੀ ਦਾ ਪਹਿਲਾ ਦਰਸ਼ਨ, ਲਾਪਾਸ ਝਰਨੇ ਦੀਆਂ ਫੁਹਾਰਾਂ ਦਾ ਚਿਹਰੇ ਉੱਤੇ ਮਹਿਸੂਸ ਹੋਣਾ, ਕੋਠੀ ਕੋਹੜ ਦੀ ਖਾਮੋਸ਼ੀ ਜਾਂ ਨਾਰਗੂ ਦੇ ਜੰਗਲਾਂ ਵਿੱਚੋਂ ਲੰਘਦੀ ਹਵਾ ਦੀ ਸਰਸਰਾਹਟ, ਇਹੀ ਉਹ ਪਲ ਹਨ, ਜੋ ਯਾਤਰਾ ਖ਼ਤਮ ਹੋਣ ਤੋਂ ਬਾਅਦ ਵੀ ਸਾਡੇ ਨਾਲ ਰਹਿੰਦੇ ਹਨ।

ਜਦੋਂ ਵਾਪਸੀ ਵੇਲੇ ਗੱਡੀ ਨੇ ਬਰੌਂਟ ਨੂੰ ਪਿੱਛੇ ਛੱਡਣਾ ਸ਼ੁਰੂ ਕੀਤਾ ਤਾਂ ਮੈਂ ਇੱਕ ਵਾਰ ਫਿਰ ਮੁੜ ਕੇ ਘਾਟੀ ਵੱਲ ਵੇਖਿਆ। ਪਹਾੜ ਉਹੀ ਸਨ, ਨਦੀ ਉਹੀ ਸੀ ਅਤੇ ਜੰਗਲ ਵੀ ਉਹੀ ਸਨ, ਪਰ ਹੁਣ ਮੇਰੇ ਲਈ ਉਹ ਸਿਰਫ਼ ਨਜ਼ਾਰੇ ਨਹੀਂ ਰਹੇ ਸਨ। ਉਹ ਕਹਾਣੀਆਂ ਬਣ ਚੁੱਕੇ ਸਨ। ਕਰਨਲ ਬੈਟੀ ਦੇ ਸੁਪਨਿਆਂ ਦੀਆਂ ਕਹਾਣੀਆਂ, ਉਲ੍ਹ ਨਦੀ ਦੀਆਂ ਕਹਾਣੀਆਂ, ਪਹਾੜਾਂ ਵਿੱਚ ਰਹਿੰਦੇ ਲੋਕਾਂ ਦੀਆਂ ਕਹਾਣੀਆਂ ਅਤੇ ਉਹਨਾਂ ਯਾਤਰੀਆਂ ਦੀਆਂ ਕਹਾਣੀਆਂ ਜੋ ਹਰ ਸਾਲ ਇੱਥੇ ਆਉਂਦੇ ਹਨ ਅਤੇ ਆਪਣੀਆਂ ਕੁਝ ਯਾਦਾਂ ਇਸ ਘਾਟੀ ਦੇ ਹਵਾਲੇ ਕਰ ਜਾਂਦੇ ਹਨ।

ਕਹਿੰਦੇ ਹਨ ਕਿ ਹਰ ਯਾਤਰਾ ਸਾਨੂੰ ਕੁਝ ਨਾ ਕੁਝ ਦੇ ਕੇ ਜਾਂਦੀ ਹੈ। ਬਰੌਂਟ ਨੇ ਮੈਨੂੰ ਸਿਰਫ਼ ਯਾਦਾਂ ਨਹੀਂ ਦਿੱਤੀਆਂ, ਸਗੋਂ ਇੱਕ ਨਵਾਂ ਨਜ਼ਰੀਆ ਵੀ ਦਿੱਤਾ। ਇਸ ਨੇ ਸਿਖਾਇਆ ਕਿ ਕੁਦਰਤ ਦੀ ਗੋਦ ਵਿੱਚ ਬੈਠ ਕੇ ਮਨੁੱਖ ਆਪਣੀ ਅਸਲੀ ਔਕਾਤ ਵੀ ਸਮਝ ਸਕਦਾ ਹੈ ਅਤੇ ਆਪਣੀ ਅਸਲੀ ਤਾਕਤ ਵੀ। ਇਹੀ ਉਹ ਥਾਂ ਹੈ, ਜਿੱਥੇ ਪਹਾੜਾਂ ਦੀ ਖਾਮੋਸ਼ੀ ਸਾਨੂੰ ਆਪਣੇ ਅੰਦਰ ਦੀ ਆਵਾਜ਼ ਸੁਣਨਾ ਸਿਖਾਉਂਦੀ ਹੈ।

ਜੇ ਹਿਮਾਚਲ ਦੀਆਂ ਵਾਦੀਆਂ ਨੂੰ ਇੱਕ ਵਿਸ਼ਾਲ ਪੁਸਤਕ ਮੰਨਿਆ ਜਾਵੇ ਤਾਂ ਬਰੌਂਟ ਉਸ ਦਾ ਇੱਕ ਅਜਿਹਾ ਅਧਿਆਇ ਹੈ, ਜਿਸ ਵਿੱਚ ਕੁਦਰਤ ਦੀ ਕਵਿਤਾ ਵੀ ਹੈ, ਇਤਿਹਾਸ ਦੀ ਗਾਥਾ ਵੀ ਹੈ, ਰੋਮਾਂਚ ਦੀ ਧੜਕਣ ਵੀ ਹੈ ਅਤੇ ਮਨੁੱਖੀ ਪ੍ਰਤਿਭਾ ਦੀ ਚਮਕ ਵੀ। ਇੱਕ ਅਜਿਹਾ ਅਧਿਆਇ ਜਿਸ ਨੂੰ ਪੜ੍ਹ ਕੇ ਮਨ ਨਹੀਂ ਭਰਦਾ, ਜਿਸ ਨੂੰ ਇੱਕ ਵਾਰ ਵੇਖ ਕੇ ਦਿਲ ਨਹੀਂ ਭਰਦਾ ਅਤੇ ਜਿਸ ਨੂੰ ਛੱਡ ਕੇ ਆਉਣ ਤੋਂ ਬਾਅਦ ਵੀ ਉਸ ਦੀ ਯਾਦ ਲੰਮੇ ਸਮੇਂ ਤੱਕ ਮਨ ਵਿੱਚ ਵੱਸਦੀ ਰਹਿੰਦੀ ਹੈ।

ਬਰੌਂਟ ਤੋਂ ਵਾਪਸ ਆਏ ਹੁਣ ਕਾਫ਼ੀ ਸਮਾਂ ਬੀਤ ਚੁੱਕਾ ਹੈ, ਪਰ ਕਈ ਵਾਰ ਅਜੇ ਵੀ ਕੰਨਾਂ ਵਿੱਚ ਉਲ੍ਹ ਨਦੀ ਦੀ ਕਲਕਲ ਸੁਣਾਈ ਦਿੰਦੀ ਹੈ। ਦੇਵਦਾਰਾਂ ਦੀ ਮਹਿਕ ਮਹਿਸੂਸ ਹੁੰਦੀ ਹੈ ਅਤੇ ਬੋਨਫਾਇਰ ਦੀ ਉਹ ਰਾਤ ਯਾਦ ਆ ਜਾਂਦੀ ਹੈ। ਸ਼ਾਇਦ ਇਹੀ ਕਿਸੇ ਸਫ਼ਲ ਯਾਤਰਾ ਦੀ ਸਭ ਤੋਂ ਵੱਡੀ ਨਿਸ਼ਾਨੀ ਹੁੰਦੀ ਹੈ ਕਿ ਯਾਤਰਾ ਮੁੱਕ ਜਾਂਦੀ ਹੈ, ਪਰ ਉਸ ਦਾ ਅਸਰ ਨਹੀਂ ਮੁੱਕਦਾ।ਅਤੇ ਸ਼ਾਇਦ ਇਹੀ ਬਰੌਂਟ ਦਾ ਅਸਲ ਜਾਦੂ ਵੀ ਹੈ।

ਮੋਬਾ. 98769-68193